ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 32 | 16 August to 22 August 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਵੰਡ ਦੇ ਗੁੱਝੇ ਭੇਤ ਖੋਲ੍ਹੇਗੀ ਗੁਰਿੰਦਰ ਚੱਢਾ ਦੀ ਫ਼ਿਲਮ 'ਪਾਰਟੀਸ਼ਨ 1947'



ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਪੁੱਜੀਆਂ ਨਿਰਦੇਸ਼ਕ ਗੁਰਿੰਦਰ ਚੱਢਾ ਤੇ ਅਦਾਕਾਰਾ ਹੁਮਾ ਕੁਰੈਸ਼ੀ (ਖੱਬੇ)

**ਅੰਮ੍ਰਿਤਸਰ/ਬਿਊਰੋ ਨਿਊਜ਼ :** ਆਜ਼ਾਦੀ ਦਿਹਾੜੇ ਮੌਕੇ 18 ਅਗਸਤ ਨੂੰ ਰਿਲੀਜ਼ ਹੋ ਰਹੀ ਫਿਲਮ 'ਪਾਰਟੀਸ਼ਨ 1947' ਦੇਸ਼ ਵੰਡ ਪਿਛਲੇ ਕਈ ਭੇਤਾਂ ਨੂੰ ਉਜਾਗਰ ਕਰੇਗੀ। ਇਹ ਖ਼ੁਲਾਸਾ ਫਿਲਮ ਦੀ ਨਿਰਮਾਤਾ ਤੇ ਨਿਰਦੇਸ਼ਕ ਗੁਰਿੰਦਰ ਚੱਢਾ ਨੇ ਕੀਤਾ ਹੈ। ਉਹ ਇੱਥੇ ਹੁਮਾ ਕੁਰੈਸ਼ੀ ਸਮੇਤ ਫਿਲਮ ਦੇ ਕਲਾਕਾਰਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁੱਜੇ। ਦੇਸ਼ ਵੰਡ ਦੀ ਤ੍ਰਾਸਦੀ ਨੂੰ ਦਰਸਾਉਂਦੇ ਪਾਰਟੀਸ਼ਨ ਮਿਊਜ਼ੀਅਮ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਗੁਰਿੰਦਰ ਚੱਢਾ ਨੇ ਦੱਸਿਆ ਕਿ ਇਹ ਫਿਲਮ ਖ਼ੁਲਾਸਾ ਕਰੇਗੀ ਕਿ ਕਿਵੇਂ ਕੁਝ ਕੌਮਾਂਤਰੀ ਤਾਕਤਾਂ ਨੇ ਭਾਰਤ ਦੀ ਵੰਡ ਕਰਾਈ ਸੀ। ਗੁਰਿੰਦਰ ਚੱਢਾ ਨੇ ਕਿਹਾ ਕਿ ਉਨ੍ਹਾਂ ਦਾ ਆਪਣਾ ਪਰਿਵਾਰ ਵੀ ਵੰਡ ਦਾ ਸ਼ਿਕਾਰ ਬਣਿਆ ਸੀ, ਇਸੇ

ਬਾਕੀ ਸਫ਼ਾ 33 'ਤੇ

# ਵਾਈਟ ਨੈਸ਼ਨਲਿਸਟ ਰੈਲੀ ਨੇ ਵਰਜੀਨੀਆ ਨੂੰ ਹਿਲਾਇਆ

## *ਨਾਜ਼ੀਵਾਦੀ ਵਲੋਂ ਰੈਲੀ 'ਤੇ ਕਾਰ ਚੜ੍ਹਾਉਣ ਕਾਰਨ ਮਹਿਲਾ ਦੀ ਮੌਤ, ਹੈਲੀਕਾਪਟਰ ਡਿਗਣ ਨਾਲ 2 ਪੁਲੀਸ ਅਧਿਕਾਰੀ ਮਾਰੇ ਗਏ, 20 ਦੇ ਕਰੀਬ ਲੋਕ ਜ਼ਖ਼ਮੀ*

- *ਵਰਜੀਨੀਆ ਰਹਿ ਰਹੇ ਭਾਰਤੀ ਵੀ ਦਹਿਸ਼ਤ 'ਚ*
- *ਰਿਪਬਲਿਕਨਾਂ ਤੇ ਡੈਮੋਕਰੈਟਾਂ ਵਲੋਂ ਘਟਨਾ ਦੀ ਨਿਖੇਧੀ*
- *ਟਰੂਡੋ ਬੋਲੇ : ਕੈਨੇਡਾ ਵੀ ਨਸਲਵਾਦ ਤੋਂ ਮੁਕਤ ਨਹੀਂ*



**ਵਰਜੀਨੀਆ/ਬਿਊਰੋ ਨਿਊਜ਼ :**
ਅਮਰੀਕਾ ਦੇ ਸ਼ਹਿਰ ਵਰਜੀਨੀਆ ਵਿੱਚ ਗੋਰਿਆਂ ਨੂੰ ਸਰਵੋਤਮ ਮੰਨਣ ਵਾਲੇ ਲੋਕਾਂ ਅਤੇ ਉਨ੍ਹਾਂ ਦਾ ਵਿਰੋਧ ਕਰ ਰਹੇ ਪ੍ਰਦਰਸ਼ਨਕਾਰੀਆਂ ਵਿਚਾਲੇ ਹੋਈ ਝੜਪ ਵਿੱਚ ਤਿੰਨ ਜਣੇ ਹਲਾਕ ਜਦਕਿ 20 ਲੋਕ ਜ਼ਖ਼ਮੀ ਹੋ ਗਏ। ਅਮਨ ਅਮਾਨ ਨਾਲ ਰੈਲੀ ਕਰ ਰਹੇ ਲੋਕਾਂ ਦੀ ਭੀੜ 'ਤੇ ਇਕ ਕਾਰ ਚੜ੍ਹਨ ਕਰਕੇ 32 ਸਾਲਾ ਮਹਿਲਾ ਦੀ ਮੌਤ ਹੋ ਗਈ ਜਦਕਿ ਵਰਜੀਨੀਆ ਦੇ ਸ਼ਾਰਲੈੱਟਸਵਿਲੇ ਵਿੱਚ ਪੁਲੀਸ ਦਾ ਇਕ ਹੈਲੀਕਾਪਟਰ ਪ੍ਰਦਰਸ਼ਨ ਵਾਲੀ ਥਾਂ 'ਤੇ ਡਿੱਗਣ ਕਾਰਨ ਦੋ ਪੁਲੀਸ ਅਧਿਕਾਰੀ ਮਾਰੇ ਗਏ ਅਤੇ 20 ਜਣੇ ਹੋਰ ਜ਼ਖ਼ਮੀ ਹੋ ਗਏ। ਭੀੜ 'ਤੇ ਕਾਰ ਚੜ੍ਹਾਉਣ ਵਾਲਾ ਦੋਸ਼ੀ ਜੇਮਸ ਐਲੇਕਸ ਫੀਲਡਸ ਹਿਟਲਰ ਅਤੇ ਨਾਜ਼ੀਵਾਦ ਤੋਂ ਪ੍ਰਭਾਵਤ ਹੈ। ਦੋਸ਼ੀ ਦੇ ਸਾਬਕਾ ਅਧਿਆਪਕ ਡੇਰੇਕ ਵੀਮਰ ਨੇ ਦੱਸਿਆ ਕਿ ਦੋਸ਼ੀ ਜਦੋਂ 9ਵੀਂ ਜਮਾਤ ਵਿਚ ਸੀ ਉਦੋਂ ਉਸ ਦੀ ਕੱਟੜ ਤੇ ਜਾਤੀਵਾਦੀ ਵਿਚਾਰਧਾਰਾ ਬਾਰੇ ਜਾਣਕਾਰੀ ਮਿਲੀ ਸੀ। ਵੀਮਰ ਮੁਤਾਬਕ ਦੋਸ਼ੀ ਜੇਮਸ (ਦਿਮਾਗ਼ੀ ਬਿਮਾਰੀ) ਤੋਂ ਪੀੜਤ ਸੀ ਅਤੇ ਉਸ ਦਾ ਇਲਾਜ ਵੀ ਕਰਵਾਇਆ ਗਿਆ ਸੀ। ਜੇਮਸ ਲਈ ਹਿਟਲਰ ਭਗਵਾਨ ਦੇ ਸਮਾਨ ਸੀ।

ਪੁਲੀਸ ਨੇ ਜੇਮਸ ਐਲੇਕਸ ਫੀਲਡਸ ਨਾਂ ਦੇ ਨੌਜਵਾਨ ਕਾਰ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਕੇ ਉਸ ਖ਼ਿਲਾਫ਼ ਦੂਜਾ ਦਰਜਾ ਕਤਲ ਤਹਿਤ ਦੋਸ਼ ਆਇਦ ਕੀਤੇ ਹਨ। ਪੁਲੀਸ ਵੱਲੋਂ ਹੈਲੀਕਾਪਟਰ ਡਿੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਰਾਸ਼ਟਰਪਤੀ ਡੋਨਲਡ ਟਰੰਪ ਨੇ ਝੜਪਾਂ ਨੂੰ ਭਿਆਨਕ ਘਟਨਾ ਦੱਸਦਿਆਂ ਨਿਖੇਧੀ ਕੀਤੀ ਹੈ।

ਬਾਕੀ ਸਫ਼ਾ 33 'ਤੇ

# ਵਰਲਡ ਸਿੱਖ ਪਾਰਲੀਮੈਂਟ ਕਾਇਮ ਕਰਨ ਦਾ ਐਲਾਨ

## *ਯੂ ਕੇ 'ਚ ਹੋਈ ਮੀਟਿੰਗ ਵਲੋਂ ਪੰਦਰਾਂ ਮੈਂਬਰੀ ਕੋਆਰਡੀਨੇਸ਼ਨ ਕਮੇਟੀ ਸਥਾਪਿਤ*

### ਸਿੱਖ ਕੌਮ ਦੀ ਆਜ਼ਾਦੀ ਨੂੰ ਸਮਰਪਿਤ ਵਿਸ਼ਵ ਪੱਧਰ ਦੀ ਪਾਰਲੀਮੈਂਟ ਦੇ 300 ਮੈਂਬਰ ਹੋਣਗੇ

**ਬਰਮਿੰਘਮ/ਬਿਊਰੋ ਨਿਊਜ਼:** ਯੂ ਕੇ, ਯੂ ਐਸ ਏ, ਆਸਟਰੇਲੀਆ ਅਤੇ ਯੂਰਪ ਦੇ ਪੰਥਕ ਆਗੂਆਂ ਇੱਥੋਂ ਦੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਵਿਖੇ ਇਕ ਵਿਸ਼ੇਸ਼ ਮੀਟਿੰਗ ਦੌਰਾਨ ਅਹਿਮ ਵਿਚਾਰ ਵਟਾਂਦਰੇ ਬਾਅਦ ਵਰਲਡ ਪਾਰਲੀਮੈਂਟ ਕਾਇਮ ਕਰਨ ਦਾ ਐਲਾਨ ਕੀਤਾ ਗਿਆ। ਇਸ ਸਬੰਧੀ ਮਨਪ੍ਰੀਤ ਸਿੰਘ ਦੀ ਤਰਫੋਂ ਇੱਕ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਗਿਆ ਕਿ ਜਦੋਂ 15 ਅਗਸਤ ਨੂੰ ਭਾਰਤੀ ਲੋਕ ਆਪਣੀ ਆਜ਼ਾਦੀ ਦੇ ਜਸ਼ਨ ਮਨਾ ਰਹੇ ਹੋਣਗੇ, ਤੇ 14 ਅਗਸਤ ਨੂੰ ਪਾਕਿਸਤਾਨ ਦੇ ਲੋਕ ਆਪਣੀ ਆਜ਼ਾਦੀ ਦਾ ਦਿਨ ਮਨਾ ਰਹੇ ਹੋਣਗੇ,

ਬਾਕੀ ਸਫ਼ਾ 33 'ਤੇ



ਸਮੈਦਿਕ ਵਿਖੇ ਹੋਈ ਮੀਟਿੰਗ ਵਿੱਚ ਸ਼ਾਮਿਲ ਸਿੱਖ ਸੰਸਥਾਵਾਂ ਦੇ ਨੁਮਾਇੰਦੇ ।

## ਉਤਰ ਪ੍ਰਦੇਸ਼ ਦੇ ਗੋਰਖਪੁਰ ਵਿਚ ਆਕਸੀਜ਼ਨ ਦੀ ਸਪਲਾਈ ਬੰਦ ਹੋਣ ਕਾਰਨ 60 ਤੋਂ ਵੱਧ ਬੱਚਿਆਂ ਦੀ ਮੌਤ

**ਗੋਰਖਪੁਰ/ਬਿਊਰੋ ਨਿਊਜ਼ :** ਉਤਰ ਪ੍ਰਦੇਸ਼ ਦੇ ਗੋਰਖਪੁਰ ਵਿਚ 60 ਤੋਂ ਵੱਧ ਬੱਚਿਆਂ ਦੀਆਂ ਮੌਤਾਂ ਦੇ ਮਾਮਲੇ 'ਤੇ ਪੂਰਾ ਦੇਸ਼ ਸਹਿਮਿਆ ਹੋਇਆ ਹੈ ਤੇ ਇਸ ਨੂੰ ਲੈ ਕੇ ਸਿਆਸਤ ਵੀ ਭਖ ਗਈ ਹੈ। ਕਥਿਤ ਤੌਰ 'ਤੇ ਆਕਸੀਜ਼ਨ ਦੀ ਸਪਲਾਈ ਵਿਚ ਕਮੀ ਇਸ ਦਾ ਕਾਰਨ ਦੱਸੀ ਜਾ ਰਹੀ ਹੈ ਪਰ ਸਰਕਾਰ ਇਸ ਗੱਲ ਤੋਂ ਇਨਕਾਰ ਕਰ ਰਹੀ ਹੈ। ਆਕਸੀਜਨ ਸਪਲਾਈ ਕਰਨ ਵਾਲੀ ਕੰਪਨੀ ਪੁਸ਼ਪਾ ਸੇਲਜ਼ ਦਾ 7 ਮਹੀਨੇ ਤੋਂ ਜ਼ਿਆਦਾ ਬਕਾਇਆ ਪਿਆ ਸੀ। ਇਸ ਅਦਾਇਗੀ ਲਈ ਕੰਪਨੀ ਨੇ ਵਾਰ ਵਾਰ ਮੰਗ ਕੀਤੀ ਤੇ ਆਖ਼ਰ ਉਸ ਨੇ ਸਪਲਾਈ ਬੰਦ ਕਰ ਦਿੱਤੀ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ ਆਪਣੇ ਦੋ ਮੰਤਰੀਆਂ ਸਿਹਤ ਮੰਤਰੀ ਸਿਧਾਰਥ ਨਾਥ ਸਿੰਘ ਸਮੇਤ ਦੋ ਜਣਿਆਂ ਨੂੰ ਮੌਕੇ 'ਤੇ ਭੇਜਿਆ।

ਬਾਕੀ ਸਫ਼ਾ 33 'ਤੇ

For Advertisements in Quomantry Amritsar Times Please Call :
Jai Singh
510-677-2777















# Sikh Gurdwara of Los Angeles Lankershim

Celebrating

Barsi Of Sant Baba Isher Singh Ji (Rara Sahib Wale)
Barsi of Sant Baba Meehan Singh Ji (Sihar Wale)

On

August 27, 2017 [Sunday]

ਸਮਾਂ 10 ਵਜੇ ਤੋਂ 2.00 ਵਜੇ

Fri-Sat From 6.30pm - 8.30pm



Sant Isher Singh Ji



Sant Meehan Singh Ji

**Program Details as Follows:**

Friday (Aug 25) Aarambh Shri Akhand Path Sahib 10:00 am
Sunday: (Aug 27) Bhog Shri Akhand Path Sahib 9:00 am

You are requested to join us with your family and friends and recieve Guru's Blessings



Sant Anoop Singh Ji

Guru ka langar Seva By: Manjit Singh Pandher

For More Information contact Manjit Singh Pandher At 818-398 9262



Sant Baba Amreek Singh Ji

Sikh Gurdwara Of Los Angeles
7640 Lankershim BLVD
North Hollywood, CA 91605
www.lankershimgurdwara.com

| | | | |
|---|---|---|---|
| Gurcharan Singh Bans | (661)-877-6461 | Ranjit Singh Kamboj | (626) 676 1664 |
| Charanjit S. Deol | (661) 839-5563 | Satgurjit S. Pawar | (714) 728-4653 |
| Inderbir Singh Nat | (818) 429 5313 | Harmander S. Grewal | (818) 606 7894 |
| Paramjit Singh Cheema | (661) 993 3369 | Manjit Singh Pandher | (818) 398 9262 |

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

## ਪੰਜਾਬੀ ਢਾਬਾ

Now Open

1480 N State Road 1, Cambridge City, IN 47327. Indiana 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !

ਸਹੂਲਤਾਂ

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



Free Buffet over 100 gallons

open 6am to midnight

Phone: 765-478-6300

## NOW OPEN IN MODESTO/CERES



G.S. Pannu
Immigration Consultant-LDA

# PANNU'S

LEGAL SERVICES (Regd. & Bonded)

510.677.5200

ivisapass@gmail.com

**IMMIGRATION**

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions FREE

**DIVORCE**

- Petitions
- Child Support
- Child Visitation
- Child Custody
- Modification
- ...& related matters

LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Radio Gal Punjab Di USA
Download on the App Store | Android App on Google Play
Live on Facebook | Video on YouTube
www.radiogalpunjabdiusa.com

POWER OF ATTORNEY CREDIT REPAIR/CLEAR
SMALL CLAIM COURT CASES ...& help in legal documents preparation

| FREMONT | MODESTO/CERES |
|---|---|
| 40757 GRIMMER BLVD, CA 94538 | 3810 EAU CLAIRE AVE, CA 95307 |

# ਭਾਰਤੀ ਅਜ਼ਾਦੀ ਦਿਵਸ ਜਸ਼ਨਾਂ ਵਿਰੁੱਧ ਰੋਹ ਭਰਪੂਰ ਮੁਜ਼ਾਹਰਾ












## ਹਰ ਸਾਲ ਵਾਂਗ ਦੂਰੋਂ ਨੇੜਿਓਂ ਪੁੱਜੀਆਂ ਸਿੱਖ ਸੰਗਤਾਂ ਨੇ ਕੀਤੀ ਸ਼ਮੂਲੀਅਤ

**ਫਰੀਮਾਂਟ/ਬਲਵਿੰਦਰਪਾਲ ਸਿੰਘ ਖਾਲਸਾ:** ਬੇਅ ਏਰੀਆ ਦੇ ਭਰਵੀਂ ਸਿੱਖ ਵਸੋਂ ਵਾਲੇ ਸ਼ਹਿਰ ਫਰੀਮਾਂਟ ਵਿਚ ਭਾਰਤੀ ਅਜ਼ਾਦੀ ਦੀ 70ਵੀਂ ਵਰੇਗੰਢ ਮੌਕੇ ਇਲਾਕੇ ਦੇ ਗੁਰਦੁਆਰਿਆਂ ਤੇ ਪੰਥਕ ਜਥੇਬੰਦੀਆਂ ਵੱਲੋਂ ਰੋਹ ਭਰਪੂਰ ਵਿਰੋਧ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਰੋਸ ਮੁਜ਼ਾਹਰੇ ਵਿਚ ਦੂਰੋਂ ਦੂਰੋਂ ਸਿੱਖ ਸੰਗਤਾਂ ਨੇ ਹਿੱਸਾ ਲਿਆ। ਇਸ ਵਾਰ ਸਿੱਖ ਨੌਜਵਾਨਾਂ ਨੇ ਆਪਣੇ ਵੱਡਿਆਂ ਨਾਲ ਮਿਲ ਕੇ ਪੂਰੇ ਜੋਸ਼ ਨਾਲ ਉਤਸ਼ਾਹ ਪੂਰਬਕ ਜੋਸ਼ੀਲਾ ਹਿੱਸਾ ਲਿਆ ਤੇ ਖਾਲਿਸਤਾਨੀ ਨਾਹਰਿਆਂ ਨਾਲ ਇਲਾਕਾ ਗੁੰਜਾ ਦਿੱਤਾ। ਇਸ ਵਾਰ ਫਰੀਮਾਂਟ, ਟਰਲਕ, ਮੋਡੈਸਟੋ-ਸੀਰੀਜ਼, ਟਰੇਸੀ, ਮਨਟੀਕਾ, ਸਟਾਕਟਨ, ਫਰਿਜ਼ਨੋ-ਬੇਕਰਜ਼ਫੀਲਡ, ਡੈਲਹਾਈ, ਯੂਬਾ ਸਿਟੀ, ਸੈਕਰਾਮੈਂਟੋ, ਸੈਨ ਹੋਜ਼ੇ, ਮਿਲਪੀਟਸ, ਸਾਊਥ ਸੈਨ ਫਰਾਂਸਿਸਕੋ, ਸੈਨ ਮੈਟਿਓ ਤੇ ਲਾਸਏਂਜਲਸ ਸ਼ਹਿਰਾਂ ਤੋਂ ਸਿੱਖ ਸੰਗਤਾਂ ਨੇ ਹਿੱਸਾ ਲਿਆ ਤੇ ਕੁਝ ਨੌਜਵਾਨਾਂ ਨੇ ਜਹਾਜ਼ਾਂ ਰਾਹੀਂ ਮੁਜ਼ਾਹਰੇ ਵਿਚ ਹਿੱਸਾ ਲਿਆ। ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਿਚੋਂ ਫਰੀਮਾਂਟ, ਟਰਲਕ ਤੇ ਸਟਾਕਟਨ ਨੇ ਆਪਣੀ ਸੰਗਤ ਨਾਲ ਪ੍ਰਦਰਸ਼ਨ ਵਿਚ ਸ਼ਮੂਲੀਅਤ ਕੀਤੀ।

ਨੌਜਵਾਨਾਂ ਨੇ ਖਾਲਸਾਈ ਨਿਸ਼ਾਨਾਂ, ਖਾਲਿਸਤਾਨੀ ਤੇ ਕਾਲੇ ਝੰਡਿਆਂ ਨਾਲ ਬ੍ਰਾਹਮਣਵਾਦੀ ਜੂਲੇ ਹੇਠ ਪਿਸ ਰਹੀ ਭਾਰਤੀ ਅਜ਼ਾਦੀ ਪਰੇਡ ਦਾ ਸੁਆਗਤ ਕੀਤਾ। ਜਦ ਵੀ ਉਨਾਂ ਵੱਲੋਂ 'ਭਾਰਤ ਮਾਤਾ ਕੀ ਜੈ' ਦੇ ਨਾਹਰੇ ਚੁੱਕੇ ਜਾਂਦੇ ਤਾਂ ਇਧਰੋਂ 'ਖਾਲਿਸਤਾਨ ਜ਼ਿੰਦਾਬਾਦ' ਤੇ 'ਚੀਨੀ ਮਾਤਾ ਕੀ ਜੈ' ਦੇ ਨਾਹਰੇ ਚੁੱਕ ਦਿੱਤੇ ਜਾਂਦੇ, ਜਿਸ ਦਾ ਸਿੱਖ ਸੰਗਤਾਂ ਜ਼ੋਰ ਨਾਲ ਜਵਾਬ ਦੇਂਦੀਆਂ। ਇਹ ਜ਼ੋਰ ਅਜ਼ਮਾਈ ਘੰਟੇ ਤੋਂ ਉਪਰ ਚਲਦੀ ਰਹੀ, ਜਿਸ ਵਿਚ ਸਿੱਖ ਸੰਗਤਾਂ ਦਾ ਹੱਥ ਉਚਾ ਰਿਹਾ।

ਪਰੇਡ ਦੇ ਉਪਰੋਂ ਹਵਾਈ ਜਹਾਜ਼ ਇਕ ਵੱਡਾ ਜਹਾਜ਼ ਖਾਲਿਸਤਾਨੀ ਬੈਨਰ ਲੈ ਕੇ ਉੱਡ ਰਿਹਾ ਸੀ, ਜਿਸ ਉਤੇ ਲਿਖਿਆ ਹੋਇਆ ਸੀ, "ਇੰਡੀਆ ਆਊਟ ਆਫ ਖਾਲਿਸਤਾਨ"। ਹਵਾਈ ਜਹਾਜ਼ ਦੇ ਬੈਨਰ ਨਾਲ ਸਿੱਖ ਸੰਗਤਾਂ ਨੂੰ ਕਾਫੀ ਉਤਸ਼ਾਹ ਮਿਲਿਆ ਤੇ ਉਹ ਜਦ ਵੀ ਜਹਾਜ਼ ਆਉਂਦਾ, 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਹਰੇ ਚੁੱਕ ਦੇਂਦੇ। ਭਾਰਤੀ ਪਰੇਡ ਵਿਚਲੇ ਲੋਕ ਵੀ ਜਹਾਜ਼ ਵੱਲ ਵੇਖ ਕੇ ਨਿਰਾਸ਼ ਜਿਹੇ ਲਗ ਰਹੇ ਸਨ। ਫਰੀਮਾਂਟ ਦੀ ਸਾਬਕਾ ਤੇ ਵਰਤਮਾਨ ਸੁਪਰੀਮ ਕੌਂਸਲ ਤੇ ਕਮੇਟੀ ਦੇ ਕਾਫੀ ਸਾਰੇ ਮੈਂਬਰ ਮੁਜ਼ਾਹਰੇ ਵਿਚ ਸ਼ਾਮਲ ਹੋਏ। ਟਰਲਕ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਰੀ ਗਿਣਤੀ ਵਿਚ ਆਪਣੇ ਪਰਵਾਰ ਤੇ ਸਿੱਖ ਸੰਗਤਾਂ ਮੁਜ਼ਾਹਰੇ ਵਾਸਤੇ ਲਿਆਂਦੀਆਂ ਗਈਆਂ। ਕੈਲੇਫੋਰਨੀਆ ਗਤਕਾ ਦਲ, ਸਿੱਖ ਯੂਥ ਆਫ ਅਮਰੀਕਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸਿਖਸ ਫਾਰ ਜਸਟਿਸ ਤੇ ਖਾਲਿਸਤਾਨ ਦੇ ਸ਼ਹੀਦਾਂ ਦੇ ਪਰਿਵਾਰਾਂ ਵੱਲੋਂ ਪੂਰੇ ਜ਼ੋਰ ਸ਼ੋਰ ਨਾਲ ਮੁਜ਼ਾਹਰੇ ਵਿਚ ਹਿੱਸਾ ਲਿਆ। ਚਾਹ ਪਾਣੀ ਦੇ ਲੰਗਰਾਂ ਦੀ ਸੇਵਾ ਸਦਾ ਦੀ ਤਰਾਂ ਗੁਰਦੁਆਰਾ ਫਰੀਮਾਂਟ ਵੱਲੋਂ ਕੀਤੀ ਗਈ।

CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY

ਵਿਆਹ ਸ਼ਾਦੀ, ਬਰਥ ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT 510.795.1100
976 E. EL CAMINO REAL • SUNNYVALE 408.795.1100
4112 GRAFTON ST • DUBLIN 925.829.1700
WWW.CHAATBHAVAN.COM

## ਵਰ੍ਹਿਆਂ ਬਾਅਦ 4 ਸਾਲ ਲਈ ਰੁਕ ਜਾਵੇਗਾ 'ਬਿੱਗ ਬੈੱਨ' ਦਾ ਵਕਤ

**ਲੰਡਨ/ਬਿਊਰੋ ਨਿਊਜ਼ :**
ਦੁਨੀਆ ਦੀ ਮਸ਼ਹੂਰ 'ਬਿੱਗ ਬੈੱਨ' ਦੀ ਘੜੀ ਅਗਲੇ ਹਫ਼ਤੇ ਤੋਂ 2021 ਤਕ 'ਖਾਮੋਸ਼' ਹੋਣ ਜਾ ਰਹੀ ਹੈ। ਘੜੀ ਦੀ ਆਵਾਜ਼ 21 ਅਗਸਤ ਸੋਮਵਾਰ ਨੂੰ ਦੁਪਹਿਰ ਮੌਕੇ ਆਖ਼ਰੀ ਵਾਰ ਬੋਲੇਗੀ। ਉਸ ਤੋਂ ਬਾਅਦ ਇਹ



ਘੜੀ ਸਿਰਫ਼ ਨਵੇਂ ਸਾਲ ਦੀ ਸ਼ਾਮ ਤੇ ਯਾਦਗਾਰੀ ਐਤਵਾਰ ਵਰਗੇ ਰਾਸ਼ਟਰੀ ਮੌਕਿਆਂ 'ਤੇ ਹੀ ਵੱਜੇਗੀ। ਬਿੱਗ ਬੈੱਨ ਦੀ ਘੜੀ ਦੇ 157 ਸਾਲਾ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਘੜੀ ਏਨਾ ਲੰਮਾਂ ਸਮਾਂ ਚੁੱਪ ਹੋਣ ਜਾ ਰਹੀ ਹੈ। ਇਸ ਤੋਂ ਪਹਿਲਾਂ ਇਹ ਘੜੀ 2007 ਵਿਚ ਬੰਦ ਕੀਤੀ ਗਈ ਸੀ, ਜਦ ਕਿ ਇਸ ਤੋਂ ਪਹਿਲਾਂ 1983 ਅਤੇ 1985 ਵਿਚ ਵੀ ਮੁਰੰਮਤ ਮੌਕੇ ਬੰਦ ਹੋਈ ਸੀ। ਸੰਸਦੀ ਅਧਿਕਾਰੀਆਂ ਅਨੁਸਾਰ ਬਿੱਗ ਬੈੱਨ, ਜਿਸ ਦਾ ਆਮ ਨਾਂਅ ਹੁਣ 'ਪੈਲੇਸ ਆਫ਼ ਵੈਸਟਮਿਨਸਟਰ ਦ ਐਲਿਜ਼ਾਬੈੱਥ ਟਾਵਰ' ਰੱਖਿਆ ਗਿਆ ਹੈ, ਦੀ ਮੁਰੰਮਤ ਦਾ ਕੰਮ ਕਰਨ ਕਰਕੇ ਅਜਿਹਾ ਕੀਤਾ ਜਾ ਰਿਹਾ ਹੈ। ਘੜੀ ਦੀ ਦੇਖ ਭਾਲ ਕਰਨ ਵਾਲੇ ਸਟੀਵ ਜੈਗਜ਼ ਨੇ ਕਿਹਾ ਹੈ ਕਿ ਟਾਵਰ ਦੇ ਨਵਿਆਉਣ ਦੇ ਕੰਮ ਵਿਚ ਘੜੀ ਦੀ ਲੰਮਾ ਸਮਾਂ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਬਿੱਗ ਬੈੱਨ, ਜਿਸ ਦਾ ਨਾਂਅ ਹੁਣ ਬਦਲ ਕੇ 'ਐਲਿਜ਼ਾਬੈੱਥ ਟਾਵਰ' ਕਰ ਦਿੱਤਾ ਗਿਆ ਹੈ, ਦਾ ਭਾਰ 13.7 ਟਨ ਹੈ, ਇਸ ਦੇ ਸਟੈਂਡ ਦੀ ਲੰਬਾਈ 96 ਫ਼ੁੱਟ ਹੈ। ਐਲਿਜ਼ਾਬੈੱਥ ਟਾਵਰ ਨੂੰ ਯੂ. ਕੇ. ਵਿਚ ਸਭ ਤੋਂ ਵੱਧ ਤਸਵੀਰਾਂ ਵਿਚ ਦਿਖਾਈ ਦੇਣ ਵਾਲਾ ਟਾਵਰ ਮੰਨਿਆ ਜਾਂਦਾ ਹੈ। ਮੁਰੰਮਤ ਦੌਰਾਨ ਘੜੀ ਉੱਪਰ ਆਰਜ਼ੀ ਤੌਰ 'ਤੇ ਪਰਦਾ ਪਾਇਆ ਜਾਵੇਗਾ।

## ਵਿਸਕਾਨਸਿਨ ਆਟੋ ਰੇਸਿੰਗ ਸਮਾਰੋਹ ਵਿਚ 3 ਲੋਕਾਂ ਦਾ ਗੋਲੀ ਮਾਰ ਕੇ ਕਤਲ

**ਯੂਨੀਅਨ ਗਰੋਵ/ਬਿਊਰੋ ਨਿਊਜ਼ :** ਆਟੋ ਰੇਸਿੰਗ ਦੇ ਇਕ ਸਮਾਰੋਹ ਦੌਰਾਨ 3 ਲੋਕਾਂ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਕੇਨੋਸ਼ਾ ਕਾਊਂਟੀ ਦੇ ਸ਼ੇਰਿਫ ਡੇਵਿਡ ਬੇਥ ਨੇ ਦੱਸਿਆ ਕਿ ਗੋਲੀਬਾਰੀ ਦੀ ਖਬਰ ਤੋਂ ਬਾਅਦ ਸ਼ਾਮ ਕਰੀਬ 7 ਵਜੇ ਦੇ ਵਿਚਕਾਰ ਅਧਿਕਾਰੀਆਂ ਨੂੰ ਯੂਨੀਅਨ ਗਰੋਵ ਦੇ ਗਰੇਟ ਲੇਕਸ ਡਰੈਗਵੇ ਵਿਚ ਵਾਪਰੀ ਇਸ ਘਟਨਾ ਦੀ ਜਾਣਕਾਰੀ ਮਿਲੀ। ਬੇਥ ਨੇ ਦੱਸਿਆ ਕਿ ਇਕ ਵਿਅਕਤੀ ਨੇ ਖਾਣ ਪੀਣ ਦਾ ਸਾਮਾਨ ਵੇਚਣ ਵਾਲੀ ਦੁਕਾਨ ਕੋਲ 3 ਵਿਅਕਤੀਆਂ ਨੂੰ ਗੋਲੀ ਮਾਰ ਦਿੱਤੀ। ਮ੍ਰਿਤਕਾਂ ਦੇ ਦੋਸਤਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਉਨ੍ਹਾਂ ਨੇ ਦੱਸਿਆ,



"ਅਸਲ ਵਿਚ ਕੀ ਹੋਇਆ ਸੀ ਅਤੇ ਕਿਸ ਕਾਰਨ ਉਨ੍ਹਾਂ ਦਾ ਕਤਲ ਹੋ ਗਿਆ, ਇਸ ਬਾਰੇ ਪੁਖਤਾ ਜਾਣਕਾਰੀ ਨਹੀਂ ਹੈ।" ਉਨ੍ਹਾਂ ਨੇ ਦੱਸਿਆ ਕਿ ਇਸ ਵਿਚ 2 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਤੀਜੇ ਵਿਅਕਤੀ ਨੇ ਹਸਪਤਾਲ ਜਾਂਦੇ-ਜਾਂਦੇ ਦਮ ਤੋੜ ਦਿੱਤਾ। ਇਨ੍ਹਾਂ ਵਿਚੋਂ ਘੱਟ ਤੋਂ ਘੱਟ 2 ਵਿਅਕਤੀ ਇਲਿਨੋਇਸ ਦੇ ਔਰੋਰਾ ਦੇ ਰਹਿਣ ਵਾਲੇ ਸਨ। ਸ਼ੈਰਿਫ ਦਫ਼ਤਰ ਦਾ ਅਨੁਮਾਨ ਹੈ ਕਿ 'ਲਾਰੀ'ਸ ਫਨ ਫੇਸਟ' ਵਿਚ ਘੱਟ ਤੋਂ ਘੱਟ 5,000 ਲੋਕ ਇਕੱਠੇ ਹੋਏ ਸਨ। ਜ਼ਿਕਰਯੋਗ ਹੈ ਕਿ ਯੂਨੀਅਨ ਗਰੋਵ ਮਿਲਵਾਕੀ ਤੋਂ ਕਰੀਬ 40.23 ਕਿਲੋਮੀਟਰ ਦੱਖਣ ਵਿਚ ਸਥਿਤ ਹੈ।

## ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਵੱਲੋਂ ਇੰਟਰਨੈਸ਼ਨਲ ਕਬੱਡੀ ਕੱਪ ਪਹਿਲੀ ਅਕੂਤਬਰ ਨੂੰ

**ਸੈਕਰਾਮੈਂਟ/ਹੁਸਨ ਲੜੋਆ ਬੰਗਾ:** ਹਰ ਵਰ੍ਹੇ ਇੰਟਰਨੈਸ਼ਨਲ ਕਬੱਡੀ ਖਿਡਾਰੀਆਂ ਨੂੰ ਨਵੇਂ ਦਿਸਹੱਦੇ ਦੇਣ ਅਤੇ ਪੰਜਾਬੀ ਮਾਂ ਖੇਡ ਕਬੱਡੀ ਨੂੰ ਵਿਸ਼ਵ ਪੱਧਰੀ ਬਣਾਉਣ ਲਈ ਯੋਗਦਾਨ ਪਾਉਣ ਵਾਲੀ ਸੈਕਰਾਮੈਂਟੋ ਸਥਿਤ ਸ਼ਹੀਦ ਬਾਬਾ ਦੀਪ ਸਿੰਘ ਸਪਰੋਟਸ ਕਲੱਬ ਵੱਲੋਂ ਐਤਕਾਂ ਇੰਟਰਨੈਸ਼ਨਲ ਕਬੱਡੀ ਕੱਪ ਪਹਿਲੀ ਅਕਤੂਬਰ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਕਬੱਡੀ ਕੱਪ ਦਾ ਪ੍ਰਬੰਧ ਗੁਰਦੁਆਰਾ ਬਰਾਡ ਸ਼ਾਅ ਰੋਡ ਸਥਿਤ ਸਪੋਰਟਸ ਮੈਦਾਨਾਂ ਵਿਚ ਕਰਵਾਇਆ ਜਾ ਰਿਹਾ ਹੈ। ਇਸ ਖੇਡ ਮੇਲੇ ਵਿਚ ਵੱਖ ਵੱਖ ਦੇਸ਼ਾਂ ਦੇ ਖਿਡਾਰੀਆਂ ਦੀ ਸ਼ਮੂਲੀਅਤ ਹੋਵੇਗੀ ਤੇ ਹੋਰ ਖੇਡਾਂ ਵੀ ਨਾਲੋ ਨਾਲ ਹੋਣਗੀਆਂ। ਪ੍ਰਬੰਧਕਾਂ ਨੇ ਦਸਿਆ ਕਿ ਇਨ੍ਹਾਂ ਖੇਡਾਂ ਨੂੰ ਐਤਕਾਂ ਕੌਮ ਦੇ ਸ਼ਹੀਦਾਂ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ। ਪ੍ਰਬੰਧਕਾਂ ਨੇ ਸਹਿਯੋਗੀਆਂ ਤੇ ਖੇਡ ਪ੍ਰੇਮੀਆਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ।

## ਡੀ ਐਫ਼ ਡਬਲਿਊ ਇੰਟਰਨੈਸ਼ਨਲ ਸਪੋਰਟਸ ਕਲੱਬ ਵੱਲੋਂ ਖੇਡ ਮੇਲੇ ਦੀਆਂ ਤਿਆਰੀਆਂ ਜ਼ੋਰਾਂ 'ਤੇ

**ਡੈਲਸ (ਟੈਕਸਸ)/ ਹਰਜੀਤ ਸਿੰਘ ਢੇਸੀ**
ਸਥਾਨਕ ਡੀ ਐਫ਼ ਡਬਲਿਊ ਇੰਟਰਨੈਸ਼ਨਲ ਸਪੋਰਟਸ ਕਲੱਬ ਵੱਲੋਂ ਤੀਜਾ ਸਾਲਾਨਾ ਖੇਡ ਮੇਲਾ ਇਸ ਵਾਰ 21 ਅਕਤੂਬਰ ਸ਼ਨਿਚਰਵਾਰ 2017 ਨੂੰ ਸਿੱਖ ਟੈਂਪਲ ਆਫ਼ ਨੌਰਥ ਟੈਕਸਸ (506 GATEWOOD RD. GARLAND, TX 75043) ਵਿਖੇ ਕਰਵਾਇਆ ਜਾ ਰਿਹਾ ਹੈ ਜਿਸ ਦੀਆਂ ਤਿਆਰੀਆਂ ਬੜੇ ਹੀ ਉਤਸ਼ਾਹ ਨਾਲ ਚੱਲ ਰਹੀਆਂ ਹਨ। ਪਿਛਲੇ ਦਿਨੀਂ ਮੀਟਿੰਗ ਦੌਰਾਨ ਖੇਡ ਮੇਲੇ ਦੀ ਰੂਪ ਰੇਖਾ ਉਲੀਕੀ ਗਈ. ਪ੍ਰਬੰਧਕ ਕਮੇਟੀ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਮੇਲੇ ਵਿਚ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ। ਪ੍ਰਮੁੱਖ ਮੁਕਾਬਲੇ ਕਬੱਡੀ ਅਤੇ ਵਾਲੀਵਾਲ ਦੀਆਂ ਟੀਮਾਂ ਵਿਚਕਾਰ ਹੋਣਗੇ। ਇਸ ਤੋਂ ਇਲਾਵਾ ਦੌੜਾਂ ਗੋਲਾ ਸੁੱਟਣਾ, ਮਿਊਜੀਕਲ ਚੇਅਰ, ਰੱਸਾ-ਕਸ਼ੀ ਮੁਕਾਬਲੇ ਵੀ ਹੋਣਗੇ। ਇਸ ਵਾਰ ਬੱਚਿਆਂ ਦੇ ਮੰਨੋਰੰਜਨ ਲਈ ਵੀ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਇਹ ਮੇਲਾ ਸਵੇਰੇ 10:00 ਵਜੇ ਤੋਂ ਸ਼ਾਮੀ ਦੇਰ ਤੱਕ ਚੱਲੇਗਾ. ਸਭ



ਲਈ ਖਾਣਾ ਕੰਪਲੀਮੈਂਟਰੀ ਹੋਵੇਗਾ.
ਪ੍ਰਬੰਧਕੀ ਟੀਮ ਵੱਲੋਂ ਆਪ ਸਭ ਨੂੰ ਪੁਰਜ਼ੋਰ ਅਪੀਲ ਕੀਤੀ ਗਈ ਹੈ ਕਿ ਇਸ ਮੇਲੇ ਵਿਚ ਹੁੰਮ-ਹੁਮਾਕੇ ਪਹੁੰਚਣ ਦੀ ਕ੍ਰਿਪਾਲਤਾ ਕਰਕੇ ਇਸ ਦੀਆਂ ਰੌਣਕਾਂ ਵਧਾਓ।
ਸਮੂਹ ਦਰਸ਼ਕਾਂ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਨਸ਼ਾ ਜਾਂ ਹਥਿਆਰ ਲੈ ਕੇ ਜਾਂ ਨਸ਼ਾ ਕਰਕੇ ਆਉਣਾ ਸਖ਼ਤ ਮਨ੍ਹਾ ਹੈ। ਸਕਿਊਰਿਟੀ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ 972-800-4040 ਜਾਂ 469-222-4040

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates


Kuldeep Singh Kang

Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

ACURA
AutoNation Acura Stevens Creek
4747 Stevens Creek Bl. Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।
ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।
ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।



Rashpal Singh Aulakh
Sales Manager
AutoNation Acura Stevens Creek
Santa Clara, CA 95051
ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com

Hassle Free Buying and Selling!
Real EstateWe can Help to Buy and Sell Your Home.
Statewide REALTY & MORTGAGE
BRE# 01929644
For People Who Believe In Home!!!!
Real Estate, Loans
ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।


2161 SQ Feet home Natomas Sacramento
3 BR 2.5 bath with loft available for $389,000



Kulwinder Kaur K.D.
Cell 916-212-0123
e-mail kdkaur9@yahoo.com

# ਟੈਗੋਰ ਵਾਲਿਆਂ ਨੂੰ 'ਦਾ ਬਲੈਕ ਪ੍ਰਿੰਸ' ਕਿਵੇਂ ਚੰਗੀ ਲੱਗੇ ?

**ਰਣਜੀਤ ਸਿੰਘ**




ਦ ਬਲੈਕ ਪ੍ਰਿੰਸ' ਫ਼ਿਲਮ ਨੇ ਸਿੱਖ ਹਲਕਿਆਂ ਵਿਚ ਕਾਫ਼ੀ ਚਰਚਾ ਛੇੜੀ ਹੈ ਅਤੇ ਆਮ ਵਿਅਕਤੀ, ਜਿਸ ਨੇ ਵੀ ਇਹ ਫ਼ਿਲਮ ਦੇਖੀ ਹੈ ਉਨ੍ਹਾਂ ਨੇ ਇਸ ਨੂੰ ਬੇਹੱਦ ਪਸੰਦ ਕੀਤਾ। ਜੋ ਫ਼ਿਲਮਾਂ ਨਾਲ ਸਬੰਧਤ ਦੇ Audience Review ਵੈਬਸਾਈਟ ਦੇਖੇ ਜਾਣ ਦਾ IMDB, Rotten Tomatoes, Book my show, Face book, Google search ਦੇ ਹਿਸਾਬ ਨਾਲ ਇਏ ਫ਼ਿਲਮ 10 ਵਿਚੋਂ 8 ਨੰਬਰ ਪ੍ਰਾਪਤ ਕਰਦੀ ਹੈ, ਜਿਹੜੀ ਕਿ ਬਹੁਤ ਘੱਟ ਫ਼ਿਲਮਾਂ ਨੂੰ ਮਿਲਦੀ ਹੈ।

ਕੁੱਝ ਕੁ ਸਿੱਖ ਬੁੱਧੀਜੀਵੀਆਂ ਨੂੰ ਛੱਡ ਕੇ ਤਕਰੀਬਨ ਸਾਰੇ ਹੀ ਹਾਲੇ ਤੱਕ ਚੁੱਪ ਬੈਠੇ ਹਨ ਅਤੇ ਹੌਲੀ ਹੌਲੀ ਇਸ ਉਪਰ ਹਮਲਾ ਕਰਨ ਦੀ ਤਾਕ ਵਿਚ ਹਨ। ਜਿਹੜੇ ਬੋਲੇ ਹਨ, ਉਨ੍ਹਾਂ ਵਿਚ ਕਾਫ਼ੀ ਫ਼ਰਕ ਹੈ। ਕਈ ਇਸ ਨੂੰ ਬੇਹੱਦ ਸਲਾਹ ਰਹੇ ਹਨ ਜਦੋਂ ਕਿ ਦੋ ਤਿੰਨ ਨੇ ਇਸ ਵਿਚ ਬਿਨਾ ਤੱਥਾਂ ਤੋਂ ਗ਼ਲਤੀਆਂ ਕੱਢਣ ਦੇ ਯਤਨ ਵੀ ਕੀਤੇ ਹਨ। ਇਹ ਗੱਲ ਵੱਖਰੀ ਹੈ ਕਿ ਸਿੱਖਾਂ ਵਿਚ ਹਾਲੇ ਗੰਭੀਰ ਕਿਸਮ ਦੇ ਅਤੇ ਸੂਝਵਾਨ ਫ਼ਿਲਮ ਆਲੋਚਕ ਮੌਜੂਦ ਹੀ ਨਹੀਂ। ਜਿਹਨਾਂ ਨੇ ਅਲੋਚਨਾ ਕੀਤੀ ਹੈ ਉਹਨਾਂ ਨੇ ਅਲੋਚਨਾ ਦੀ ਮਰਿਆਦਾ ਦੀ ਪ੍ਰਵਾਹ ਕੀਤੇ ਬਿਨਾ 'ਵਗਦੀ ਗੰਗਾ' ਵਿਚ ਹੱਥ ਧੋਣ ਵਾਂਗ ਸ਼ੋਭਾ ਖੱਟਣ ਦਾ ਯਤਨ ਕੀਤਾ ਹੈ। ਸਿੱਖਾਂ ਵਿਚ ਇਕ ਅਜੋਕੀ ਤਰਾਸਦੀ ਇਹ ਹੈ ਕਿ ਸਾਡੇ ਬੁੱਧੀਜੀਵੀ ਨੀਮ ਹਕੀਮ ("General Practitioner") ਹਨ, ਭਾਵ ਇਹਨਾਂ ਨੂੰ ਹਰ ਗੱਲ ਦਾ ਥੋੜਾ-ਥੋੜਾ ਪਤਾ ਹੁੰਦਾ ਹੈ ਪਰ ਨਿਪੁੰਨ ਕਿਸੇ ਵਿਚ ਵੀ ਨਹੀਂ। ਪਰ ਇਸਦੇ ਬਾਵਜੂਦ ਇਹਨਾਂ ਨੇ ਸਿੱਖ ਇਤਿਹਾਸ, ਧਾਰਮਿਕ ਵਿਦਿਆ, ਅਰਥ-ਸ਼ਾਸਤਰ, ਸਮਾਜ-ਵਿਗਿਆਨ ਅਤੇ ਫਲਸਫ਼ੇ 'ਤੇ ਬੋਲਣਾ ਜ਼ਰੂਰ ਹੁੰਦਾ ਹੈ। ਇਹ ਦਸਮ ਗ੍ਰੰਥ 'ਤੇ ਵੀ ਬੋਲ ਸਕਦੇ ਹਨ ਅਤੇ ਸੰਸਾਰੀਕਰਨ ਦੀ ਗੱਲ ਕਹੇ ਬਿਨਾ ਵੀ ਨਹੀਂ ਰਹਿ ਸਕਦੇ। ਜਿਥੇ ਡਾਕਟਰ ਗੰਡਾ ਸਿੰਘ 750 ਸਫ਼ਿਆਂ ਵਿਚ ਸਿੱਖ ਇਤਿਹਾਸ ਲਿਖਦੇ ਹਨ ਉਥੇ ਹਰ ਪੰਨੇ 'ਤੇ ਇਕ ਨਵਾਂ ਰੈਫਰੈਂਸ ਦਿੰਦਾ ਹੈ ਪਰ ਇਹ 750 ਸਫ਼ਿਆਂ ਨੂੰ ਪੜ੍ਹਣ ਤੇ ਸਮਝਣ ਦੀ ਬਜਾਏ ਉਨ੍ਹਾਂ ਦੀਆਂ ਲਿਖਤਾਂ ਵਿਚੋਂ ਮਹਿਜ਼ 40-50 ਰੈਫਰੈਂਸ ਨਾਲ ਵੀ ਸਾਰ ਸਕਦੇ ਹਨ।

ਜਦੋਂ ਸਾਰਾ ਜਗਤ ਰਵਿੰਦਰ ਨਾਥ ਟੈਗੋਰ ਬਾਰੇ ਕੋਈ ਸਵਾਲ ਉਠਾਉਂਦਾ ਹੈ ਤਾਂ ਲੋਕ-ਵਿਰੋਧ ਦੀ ਵਾਹਵਾ ਖੱਟਣ ਲਈ ਇਹ ਟੈਗੋਰ ਦੇ ਹੱਕ ਵਿੱਚ ਵੀ ਖਲੋ ਜਾਂਦੇ ਹਨ। ਇਹਨਾਂ ਨੂੰ 'ਦ ਬਲੈਕ ਪ੍ਰਿੰਸ' ਫ਼ਿਲਮ ਵਿਚ ਭਾਰਤ ਤੋਂ ਅੰਗਰੇਜ਼ਾਂ ਨੂੰ ਕੱਢਣ ਦੀ ਗਲ ਵੀ ਸੱਚੀ ਨਹੀਂ ਲੱਗਦੀ ਅਤੇ ਖਾਲਿਸਤਾਨ ਵੀ ਸੰਘ ਤੋਂ ਥੱਲੇ ਉਤਰਦਾ ਨਹੀਂ। ਇਹਨਾਂ ਨੂੰ ਦਲੀਪ ਸਿੰਘ ਵੀ ਕੱਦਾਵਰ ਲਗਦਾ ਹੈ ਅਤੇ ਫ਼ਿਲਮ ਦੀ ਕਲਾ ਵੀ ਛੋਟੀ ਲੱਗਦੀ ਹੈ।

ਮੁੱਕਦੀ ਗੱਲ ਇਹ ਕਿ ਇਹਨਾਂ ਤੋਂ ਜਰਿਆ ਨਹੀਂ ਜਾ ਰਿਹਾ ਕਿ ਲੋਕ ਦ ਬਲੈਕ ਪ੍ਰਿੰਸ' ਫ਼ਿਲਮ ਦੀ ਸ਼ਲਾਘਾ ਕਿਉਂ ਕਰ ਰਹੇ ਹਨ ਕਿਉਂਕਿ ਇਹਨਾਂ ਨੂੰ ਤਾਂ ਸਿਰਫ਼ ਤੇ ਸਿਰਫ਼ ਅਪਣੀ ਹੀ ਸ਼ਲਾਘਾ ਕਰਾਉਣ ਦੀ ਭੁੱਖ ਪੈ ਗਈ ਹੈ। ਇਹਨਾਂ ਵਿਚ ਕਿਧਰੇ ਨਾ ਕਿਧਰੇ ਹੀਣ-ਭਾਵਨਾ ਵੀ ਇਹਨਾਂ ਨੂੰ ਟਿਕਣ ਨਹੀਂ ਦਿੰਦੀ ਕਿਉਂਕਿ ਜ਼ਿੰਦਗੀ ਵਿਚ ਇਹ ਕੁੱਝ ਕਰ ਗੁਜਰਨ ਤੋਂ ਵਾਂਝੇ ਰਹੇ ਹਨ। ਇਸ ਲਈ ਵਿਰੋਧਤਾ ਦੀ ਬੇੜੀ ਚੜ੍ਹ ਕੇ ਸੌਖਾ ਤੇ ਸਸਤਾ ਨਾਮ ਕਮਾਉਣਾ ਚਾਹੁੰਦੇ ਹਨ। ਗੱਲ ਸਿੱਧੀ ਤੇ ਸਪੱਸ਼ਟ ਹੈ ਕਿ ਜਿਸ ਨੂੰ ਟੈਗੋਰ ਚੰਗਾ ਲੱਗੇ ਉਹਨੂੰ 'ਦ ਬਲੈਕ ਪ੍ਰਿੰਸ" ਕਿਵੇਂ ਚੰਗੀ ਲੱਗੇ ?

## ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਦਾ ਅਕਾਲ ਚਲਾਣਾ

**ਚੰਡੀਗੜ੍ਹ/ਬਿਊਰੋ ਨਿਊਜ਼:** ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਕੁਝ ਸਮਾਂ ਬੀਮਾਰ ਰਹਿਣ ਬਾਅਦ ਮੰਗਲਵਾਰ ਨੂੰ ਅਕਾਲ ਚਲਾਣਾ ਕਰ ਗਏ। ਉਹ ਪਿਛਲੇ ਇਕ ਮਹੀਨੇ ਤੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਹਸਪਤਾਲ ਸੋਹਾਣਾ ਵਿਖੇ ਜ਼ੇਰੇ ਇਲਾਜ ਸਨ



ਜਿੱਥੇ ਉਨ੍ਹਾਂ ਨੇ ਮੰਗਲਵਾਰ ਬਾਅਦ ਦੁਪਹਿਰ 2:00 ਵਜੇ ਆਖਰੀ ਸਾਹ ਲਿਆ। ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਹਸਪਤਾਲ ਵਿਚ ਹੀ ਮੌਜੂਦ ਹਨ। ਉਹ ਸੰਗਰੂਰ ਜ਼ਿਲ੍ਹੇ ਦੇ ਪਿੰਡ ਤਾਜੋਕੇ ਦੇ ਸਨ। ਜਥੇਦਾਰ ਗਿਆਨੀ ਮੱਲ ਸਿੰਘ ਦਾ ਅੰਤਮ ਸੰਸਕਾਰ ਬੁੱਧਵਾਰ ਸਵੇਰੇ 11:00 ਵਜੇ ਕਾਫ਼ੀ ਗਿਣਤੀ ਧਾਰਮਿਕ ਅਤੇ ਸਿਆਸੀ ਆਗੂਆਂ ਦੀ ਹਾਜ਼ਰੀ ਵਿੱਚ ਤਖ਼ਤ ਕੇਸਗੜ੍ਹ ਸਾਹਿਬ ਦੇ ਨੇੜਲੇ ਮੈਦਾਨ 'ਚ ਕੀਤਾ ਗਿਆ। ਇਸ ਮੌਕੇ ਭਾਰੀ ਗਿਣਤੀ ਸੰਗਤਾਂ ਵੀ ਉਨ੍ਹਾਂ ਨੂੰ ਅੰਤਮ ਵਿਦਾਇਗੀ ਦੇਣ ਲਈ ਪੁੱਜੀਆਂ ਹੋਈਆਂ ਸਨ। ਹਸਪਤਾਲ ਦੇ ਬੁਲਾਰੇ ਨੇ ਦੱਸਿਆ ਕਿ ਗਿਆਨੀ ਮੱਲ ਸਿੰਘ ਦਾ ਡੇਢ ਸਾਲ ਪਹਿਲਾਂ ਦਿਮਾਗ ਦੇ ਟਿਊਮਰ ਦਾ ਆਪ੍ਰੇਸ਼ਨ ਹੋਇਆ ਸੀ। ਉਸ ਤੋਂ ਬਾਅਦ ਉਹ ਆਮ ਵਰਗੀ ਜ਼ਿੰਦਗੀ ਬਤੀਤ ਕਰ ਰਹੇ ਸਨ. ਪਰ ਕੁਝ ਸਮਾਂ ਪਹਿਲਾਂ ਟਿਊਮਰ ਦੁਬਾਰਾ ਹੋ ਗਿਆ ਅਤੇ ਪਿਛਲੇ ਇਕ ਮਹੀਨੇ ਤੋਂ ਉਨ੍ਹਾਂ ਦਾ ਇਲਾਜ ਚਲ ਰਿਹਾ ਸੀ। ਪਿਛਲੇ ਕੁਝ ਸਮੇਂ ਤੋਂ ਬੇਹੋਸ਼ੀ ਦੀ ਹਾਲਤ ਵਿਚ ਹੋਣ ਕਾਰਨ ਉਨ੍ਹਾਂ ਨੂੰ ਵੈਂਟੀਲੇਟਰ 'ਤੇ ਰੱਖਿਆ ਗਿਆ ਸੀ।

## ਦਸਵਾਂ ਆਈਜੀਓਐਸ ਸਿੱਖ ਯੂਥ ਕੀਰਤਨ ਦਰਬਾਰ ਸਫਲਤਾਪੂਰਵਕ ਸੰਪੰਨ

**ਮਿਲਪੀਟਸ/ਬਿਊਰੋ ਨਿਊਜ਼:**

ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਮਿਲਪੀਟਸ ਵਿਖੇ ਇੰਸਟੀਟਿਊਟ ਆੱਫ਼ ਗੁਰਮਤਿ ਗਿਆਨ ਆਨਲਾਇਨ ਸਟੱਡੀਜ਼ ਵਲੋਂ ਦਸਵਾਂ ਆਈ ਜੀ ਓ ਐਸ ਸਿੱਖ ਯੂਥ ਕੀਰਤਨ ਦਰਬਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਜਿਸ ਵਿਚ ਸਮੁੱਚੇ ਬੇ-ਏਰੀਏ ਦੇ ਵਿਦਿਆਰਥੀਆਂ ਵਲੋਂ ਸ਼ਬਦ ਗਾਇਨ ਕੀਤਾ ਗਿਆ। ਵਰਨਣਯੋਗ ਹੈ ਕਿ ਇੰਸਟੀਟਿਊਟ ਆੱਫ਼ ਗੁਰਮਤਿ ਗਿਆਨ ਆਨਲਾਇਨ ਸਟੱਡੀਜ਼ ਮਿਲਪੀਟਸ ਵਿਖੇ ਹਰ ਮਾਹੀਨੇ ਕੀਰਤਨ ਦਰਬਾਰ ਦਾ ਆਯੋਜਨ ਕੀਤਾ ਜਾਂਦਾ ਹੈ ਜਿਸ ਵਿਚ ਸਮੁੱਚੇ ਬੇ-ਏਰੀਏ ਦੇ ਵਿਦਿਆਰਥੀ ਸ਼ਬਦ ਗਾਇਨ ਪ੍ਰਸਤੁਤੀ ਕਰਦੇ ਹਨ। ਇਸ ਵਾਰ ਪ੍ਰੋ. ਨਿਰਮਲ ਸਿੰਘ ਸੂਰਾ ਨੇ ਇਸ ਕੀਰਤਨ ਦਰਬਾਰ ਵਿਚ ਵਿਸ਼ੇਸ਼ ਹਾਜਰੀ ਭਰੀ ।



ਆਈ ਜੀ ਓ ਐਸ ਸਿੱਖ ਯੂਥ ਕੀਰਤਨ ਦਰਬਾਰ ਲਈ ਬੇ ਏਰੀਆ ਤੋਂ ਬਾਹਰ ਦੇ ਬੱਚਿਆਂ ਵਿਚ ਵੀ ਉਤਸ਼ਾਹ ਦੇਖਣ ਨੂੰ ਮਿਲਿਆ । ਸਿੱਖ ਯੂਥ ਕੀਰਤਨ ਦਰਬਾਰ ਦਾ ਆਰੰਭ ਬੱਚਿਆਂ ਦੁਆਰਾ ਰਹਿਰਾਸ ਸਾਹਿਬ ਦੇ ਪਾਠ ਨਾਲ ਕੀਤਾ ਗਿਆ । ਬਾਅਦ ਵਿਚ ਬੱਚਿਆਂ ਦੁਅਰਾ ਮਨੋਹਰ ਰਸਨਾ ਵਿਚ ਸ਼ਬਦ ਕੀਰਤਨ ਕੀਤਾ ਗਿਆ ਅਤੇ ਸ਼ਬਦ ਕੀਰਤਨ ਦਰਬਾਰ ਦੀ ਸਮਾਪਤੀ ਕੀਤੀ ਗਈ। ਉਪਰੰਤ ਪ੍ਰੋ. ਨਿਰਮਲ ਸਿੰਘ ਸੂਰਾ ਨੇ ਅਪਣੀ ਮਨੋਹਰ ਰਸਨਾ ਦੁਆਰਾ ਸੰਗਤਾਂ ਨੂੰ ਸ਼ਬਦ ਕੀਰਤਨ ਰਾਹੀਂ ਨਿਹਾਲ ਕੀਤਾ । ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਮਿਲਪੀਟਸ ਪ੍ਰਬੰਧਕ ਕਮੇਟੀ ਦੁਆਰਾ ਪ੍ਰੋ. ਨਿਰਮਲ ਸਿੰਘ ਸੂਰਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ।


CIS
CALIFORNIA IMMIGRATION SERVICES
(Registered & Bonded)

> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

## ਸ਼ਿਕਾਗੋ ਵਿਚ ਇਕ ਫੁੱਟਪਾਥ 'ਤੇ ਹੋਈ ਗੋਲੀਬਾਰੀ 'ਚ 1 ਹਲਾਕ, 6 ਜ਼ਖ਼ਮੀ

**ਸ਼ਿਕਾਗੋ/ਬਿਊਰੋ ਨਿਊਜ਼ :** ਸ਼ਿਕਾਗੋ ਵਿਚ ਕਈ ਬੰਦੂਕਧਾਰੀਆਂ ਨੇ ਇਕ ਫੁੱਟਪਾਥ 'ਤੇ ਖੜ੍ਹੇ ਲੋਕਾਂ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ, ਜਿਸ ਵਿਚ 1 ਵਿਅਕਤੀ ਦੀ ਮੌਤ ਹੋ ਗਈ ਅਤੇ 6 ਜ਼ਖ਼ਮੀ ਹੋ ਗਏ। ਪੁਲੀਸ ਨੇ ਇਸ ਦੀ ਜਾਣਕਾਰੀ ਦਿੱਤੀ। ਸ਼ਿਕਾਗੋ ਪੁਲੀਸ ਮੁਤਾਬਕ ਸ਼ਹਿਰ ਦੇ ਬ੍ਰਾਂਜਵਿਲੇ ਨੇੜੇ ਇਕ ਫੁੱਟਪਾਥ 'ਤੇ ਗੋਲੀਬਾਰੀ ਦੀ ਇਹ ਘਟਨਾ ਹੋਈ। ਇਸ ਘਟਨਾ ਵਿਚ ਜ਼ਖ਼ਮੀ ਹੋਏ 28 ਸਾਲਾਂ ਵਿਅਕਤੀ ਨੂੰ ਹਸਪਤਾਲ ਵਿਚ ਮ੍ਰਿਤਕ ਐਲਾਨ ਦਿੱਤਾ ਗਿਆ। ਘਟਨਾ ਵਿਚ ਜ਼ਖ਼ਮੀ ਹੋਏ 6 ਲੋਕਾਂ ਦਾ ਵੱਖ-ਵੱਖ ਹਸਪਤਾਲਾਂ ਵਿਚ ਇਲਾਜ ਚੱਲ ਰਿਹਾ ਹੈ। ਜ਼ਖ਼ਮੀਆਂ ਵਿਚ 21 ਸਾਲਾਂ ਤੋਂ ਲੈ ਕੇ 46 ਸਾਲਾਂ ਉਮਰ ਵਰਗ ਤੱਕ ਦੇ ਪੁਰਸ਼ ਅਤੇ ਮਹਿਲਾਵਾਂ ਸ਼ਾਮਲ ਹਨ। ਅਜੇ ਤੱਕ ਇਸ ਮਾਮਲੇ ਵਿਚ ਕਿਸੇ ਨੂੰ ਹਿਰਾਸਤ ਵਿਚ ਨਹੀਂ ਲਿਆ ਗਿਆ ਹੈ ਅਤੇ ਪੁਲਸ ਗੋਲੀਬਾਰੀ ਨਾਲ ਸਬੰਧਤ ਹਾਲਾਤਾਂ ਦੀ ਜਾਂਚ ਕਰ ਰਹੀ ਹੈ।

## ਮਨੁੱਖੀ ਤਸਕਰਾਂ ਨੇ ਸਮੁੰਦਰ 'ਚ ਜ਼ਬਰੀ ਸੁੱਟੇ 300 ਅਫ਼ਰੀਕੀ, 56 ਦੀ ਮੌਤ

**ਦੁਬਈ/ਬਿਊਰੋ ਨਿਊਜ਼ :** ਪਿਛਲੇ 24 ਘੰਟਿਆਂ ਵਿਚ ਮਨੁੱਖੀ ਤਸਕਰਾਂ ਨੇ ਯਮਨ ਜਾਣ ਵਾਲੀਆਂ 2 ਬੇੜੀਆਂ 'ਤੇ ਸਵਾਰ 300 ਅਫ਼ਰੀਕੀਆਂ ਨੂੰ ਜ਼ਬਰਨ ਸਮੁੰਦਰ ਵਿਚ ਸੁੱਟ ਦਿੱਤਾ, ਜਿਸ ਕਾਰਨ 56 ਲੋਕਾਂ ਦੀ ਮੌਤ ਹੋ ਗਈ, ਜਦਕਿ ਦਰਜਨਾਂ ਅਜੇ ਵੀ ਲਾਪਤਾ ਹਨ। ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫਾਰ ਮਾਈਗਰੇਸ਼ਨ ਨੇ ਕਿਹਾ ਕਿ ਬਚ ਨਿਕਲੇ ਸਾਰੇ ਇਥੋਪੀਆਈ ਅਤੇ ਸੋਮਾਲੀਆ ਦੇ ਪ੍ਰਵਾਸੀ ਹਨ, ਇਨ੍ਹਾਂ ਦੇ ਯਮਨ ਦੇ ਅਰਬ ਸਾਗਰ ਤੱਟ ਦੇ ਕੰਢੇ 'ਤੇ ਦੱਖਣੀ ਪ੍ਰਾਂਤ ਸ਼ਬਾਵਾ ਜਾਣ ਦਾ ਪ੍ਰਬੰਧ ਕੀਤਾ ਗਿਆ ਹੈ। ਯਮਨ ਵਿਚ ਲੜਾਈ ਹੋਣ ਕਾਰਨ 2015 ਤੋਂ ਲੈ ਕੇ ਹੁਣ ਤੱਕ 8,300 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ ਲੱਖਾਂ ਲੋਕ ਉੱਜੜ ਗਏ ਹਨ।

## ਸਿਕਲੀਗਰ ਸਿੱਖਾਂ ਦੀ ਮਦਦ ਲਈ 4 ਮੈਂਬਰੀ ਸਬ-ਕਮੇਟੀ ਕਾਇਮ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਵੱਲੋਂ ਮੱਧ ਪ੍ਰਦੇਸ਼ ਸੂਬੇ ਸਮੇਤ ਵੱਖ-ਵੱਖ ਥਾਵਾਂ 'ਤੇ ਵਸਦੇ ਸਿਕਲੀਗਰ ਸਿੱਖਾਂ ਦੀ ਸਹਾਇਤਾ ਕਰਨ ਦੇ ਫ਼ੈਸਲੇ ਨੂੰ ਅਮਲ ਵਿਚ ਲਿਆਉਣ ਲਈ ਇਕ 4 ਮੈਂਬਰੀ ਸਬ-ਕਮੇਟੀ ਦਾ ਗਠਨ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਬਣਾਈ ਇਸ ਸਬ-ਕਮੇਟੀ ਵਿਚ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਰਾਮ ਸਿੰਘ ਤੋਂ ਇਲਾਵਾ, ਗੁਰਦੀਪ ਸਿੰਘ ਭਾਟੀਆ ਇੰਦੌਰ, ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਤੇ ਗੁਰਦੁਆਰਾ ਇੰਸਪੈਕਟਰ ਰੇਸ਼ਮ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਪ੍ਰੋ. ਬਡੂੰਗਰ ਨੇ ਦੱਸਿਆ ਕਿ ਇਹ ਕਮੇਟੀ ਮੱਧ ਪ੍ਰਦੇਸ਼ ਦੇ ਉਨ੍ਹਾਂ ਸਿਕਲੀਗਰ ਸਿੱਖਾਂ ਨੂੰ ਮਾਲੀ ਸਹਾਇਤਾ ਦੇਵੇਗੀ, ਜਿਨ੍ਹਾਂ 'ਤੇ ਪਿਛਲੇ ਦਿਨੀਂ ਸਥਾਨਕ ਪੁਲੀਸ ਵੱਲੋਂ ਕੇਸ ਦਰਜ ਕੀਤੇ ਗਏ ਸਨ। ਇਸ ਤੋਂ ਇਲਾਵਾ ਅੰਤ੍ਰਿੰਗ ਕਮੇਟੀ ਵਿਚ ਹੋਏ ਫ਼ੈਸਲੇ ਅਨੁਸਾਰ ਇਹ ਕਮੇਟੀ ਸਿਕਲੀਗਰ ਸਿੱਖਾਂ ਦੇ ਬੱਚਿਆਂ ਨੂੰ ਕਿੱਤਾਮੁਖੀ ਸਿਖਲਾਈ ਦੇਣ ਤੇ ਸਿਕਲੀਗਰ ਸਿੱਖ ਬੀਬੀਆਂ ਲਈ ਸਿਲਾਈ ਕਢਾਈ ਸੈਂਟਰ ਖੋਲ੍ਹਣ ਸਬੰਧੀ ਵਿਸਥਾਰਤ ਰਿਪੋਰਟ ਵੀ ਪੇਸ਼ ਕਰੇਗੀ।

# ਜੋਂਗ ਨੇ ਮੁਕੱਰਰ ਕੀਤਾ ਅਮਰੀਕਾ ਦੀ ਤਬਾਹੀ ਦਾ ਵਕਤ, ਬੈਲਿਸਟਿਕ ਮਿਜ਼ਾਈਲ ਮਚਾਏਗੀ ਭਾਰੀ ਤਬਾਹੀ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਅਮਰੀਕਾ ਅਤੇ ਉੱਤਰ ਕੋਰੀਆ ਵਿਚਾਲੇ ਜਾਰੀ ਤਣਾਅ ਦੇ ਮਾਹੌਲ ਦੌਰਾਨ ਕਿਮ ਜੋਂਗ ਨੇ ਅਜਿਹਾ ਫ਼ੈਸਲਾ ਲਿਆ ਹੈ ਜੋ ਦੋਹਾਂ ਮੁਲਕਾਂ ਵਿਚਾਲੇ ਤਣਾਅ ਵਧਾ ਸਕਦਾ ਹੈ। ਨਿਊਜ਼ ਏਜੰਸੀ ਰਾਇਟਰ ਮੁਤਾਬਕ ਉੱਤਰ ਕੋਰੀਆ ਦੇ ਤਾਨਾਸ਼ਾਹ ਕਿਮ ਜੋਂਗ ਨੇ ਅਮਰੀਕੀ ਦੀਪ ਗੁਆਮ ਦੀ ਤਬਾਹੀ ਦਾ ਸਮਾਂ ਮੁਕੱਰਰ ਕਰ ਦਿੱਤਾ ਹੈ। ਹਮਲੇ ਦੇ ਤੈਅ ਪ੍ਰੋਗਰਾਮ ਮੁਤਾਬਕ ਉੱਤਰ ਕੋਰੀ ਬੈਲਿਸਟਿਕ ਮਿਜ਼ਾਈਲਾਂ ਨਾਲ ਅਮਰੀਕੀ ਦੀਪ ਨੂੰ ਤਬਾਹ ਕਰੇਗਾ। ਉੱਤਰ ਕੋਰਿਆਈ ਸਰਕਾਰ ਦੀ ਸਮਾਚਾਰ ਏਜੰਸੀ ਕੇ.ਸੀ.ਐਨ ਨੇ ਕੋਰੀਅਨ ਪੀਪਲਜ਼ ਆਰਮੀ ਕਮਾਂਡਰ ਦੇ ਹਵਾਲੇ ਨਾਲ ਦੱਸਿਆ ਹੈ ਕਿ ਗੁਆਮ ਨੂੰ ਨਿਸ਼ਾਨੇ 'ਤੇ ਲੈਣ ਦੀ ਯੋਜਨਾ ਅਗਸਤ ਦੇ ਅੱਧ ਤਕ ਪੂਰੀ ਕਰ ਲਈ ਜਾਵੇਗੀ। ਇਸ ਤੋਂ ਬਾਅਦ ਦੇਸ਼ ਦੇ ਸਰਵੋਤਮ ਨੇਤਾ ਕਿਮ ਜੋਂਗ ਦੇ ਇਕ ਇਸ਼ਾਰੇ 'ਤੇ ਗੁਆਮ ਵਿਚ ਬੈਲਿਸਟਿਕ ਮਿਜ਼ਾਈਲਾਂ ਤਬਾਹੀ



ਮਚਾ ਦੇਣਗੀਆਂ। ਉਨ੍ਹਾਂ ਕਿਹਾ ਕਿ ਉੱਤਰ ਕੋਰੀਆ ਦੀਆਂ ਮਿਜ਼ਾਈਲਾਂ ਮਹਿਜ਼ 14 ਮਿੰਟ ਵਿਚ ਗੁਆਮ ਵਿਚ ਚਾਰੇ ਪਾਸੇ ਅੱਗ ਫੈਲਾ ਦੇਣਗੀਆਂ। ਪੀਪਲਜ਼ ਆਰਮੀ ਕਮਾਂਡਰ ਨੇ ਅਮਰੀਕੀ ਧਮਕੀਆਂ ਨੂੰ ਬਕਵਾਸ ਕਰਾਰ ਦਿੰਦੇ ਹੋਏ ਕਿਹਾ ਕਿ ਮੱਧ ਦੂਰੀ ਦੀਆਂ ਚਾਰ ਬੈਲਿਸਟਿਕ ਮਿਜ਼ਾਈਲਾਂ ਛੱਡੀਆਂ ਜਾਣਗੀਆਂ।

# ਸਰੀ : ਸੈਲੂਲਰ ਜੇਲ੍ਹ ਦਾ ਨਾਂ 'ਗ਼ਦਰੀਆਂ' ਦੇ ਨਾਂ 'ਤੇ ਰੱਖਣ ਦੀ ਮੰਗ ਉਠੀ

**ਸਰੀ/ਬਿਊਰੋ ਨਿਊਜ਼ :** ਸਰੀ (ਕੈਨੇਡਾ) ਵਿੱਚ ਸਾਲਾਨਾ ਗ਼ਦਰੀ ਯਾਦਗਾਰੀ ਮੇਲੇ ਵਿੱਚ ਹਜ਼ਾਰਾਂ ਲੋਕਾਂ ਨੇ ਬਾਹਵਾਂ ਖੜ੍ਹੀਆਂ ਕਰ ਕੇ ਭਾਰਤ ਦੇ ਅੰਡੇਮਾਨ ਨਿਕੋਬਾਰ ਟਾਪੂਆਂ ਵਿਚਲੀ ਸੈਲੂਲਰ ਜੇਲ੍ਹ ਦਾ ਨਾਂ ਗ਼ਦਰੀਆਂ ਦੇ ਨਾਂ 'ਤੇ ਰੱਖਣ ਦੀ ਮੰਗ ਕਰਦੇ ਮਤੇ ਨੂੰ ਪ੍ਰਵਾਨਗੀ ਦਿੱਤੀ। ਸਮਾਗਮ ਦੌਰਾਨ ਪ੍ਰੋਫੈਸਰ ਮੋਹਨ ਸਿੰਘ ਯਾਦਗਾਰੀ ਫਾਊਂਡੇਸ਼ਨ ਦੇ ਆਗੂ ਸਾਹਿਬ ਥਿੰਦ ਨੇ ਪੰਜ ਮਤੇ ਪੇਸ਼ ਕੀਤੇ, ਜਿਨ੍ਹਾਂ ਵਿੱਚ ਸੈਲੂਲਰ ਜੇਲ੍ਹ ਦਾ ਨਾਂ ਬਦਲਣ ਦੀ ਮੰਗ ਕਰਦਾ ਮਤਾ ਵੀ ਸ਼ਾਮਲ ਸੀ। ਇਨ੍ਹਾਂ ਮਤਿਆਂ ਨੂੰ ਸਮਾਗਮ ਵਿੱਚ ਸ਼ਾਮਲ ਲੋਕਾਂ ਨੇ ਹਮਾਇਤ ਦਿੱਤੀ। ਕੈਨੇਡਾ ਸਰਕਾਰ ਨੇ ਪਿਛਲੇ ਸਾਲ ਕੌਮਾਗਾਟਾ ਮਾਰੂ ਜਹਾਜ਼ ਕਾਂਡ ਲਈ ਮੁਆਫ਼ੀ ਮੰਗੀ ਸੀ ਤੇ ਇਸ ਸਬੰਧੀ ਪਟੀਸ਼ਨ ਦਾਇਰ ਕਰਨ ਵਿੱਚ ਮੁੱਖ ਭੂਮਿਕਾ ਸ੍ਰੀ ਥਿੰਦ ਨੇ ਹੀ ਨਿਭਾਈ ਸੀ। ਹੁਣ ਉਨ੍ਹਾਂ ਨੇ ਭਾਰਤ ਵਿਚਲੀ ਜੇਲ੍ਹ ਦਾ ਨਾਂ ਤਰਦੀਲ ਕਰਵਾਉਣ ਲਈ ਮੁਹਿੰਮ ਵਿੱਢੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਆਜ਼ਾਦੀ ਦੇ ਘੋਲ ਦੇ ਅਸਲ ਨਾਇਕਾਂ ਨੂੰ ਮਾਣ-ਸਨਮਾਨ ਦਿੱਤਾ ਜਾਣਾ ਚਾਹੀਦਾ ਹੈ ਨਾ ਕਿ ਸਾਵਰਕਰ ਵਰਗੇ ਲੋਕਾਂ ਨੂੰ, ਜਿਨ੍ਹਾਂ ਨੇ ਨਾ ਸਿਰਫ਼ ਫਿਰਕੂ ਪਹੁੰਚ ਅਪਣਾਈ ਸਗੋਂ ਬਰਤਾਨਵੀ ਸਰਕਾਰ ਤੋਂ ਮੁਆਫ਼ੀ ਵੀ ਮੰਗੀ। ਸ੍ਰੀ ਥਿੰਦ ਦਾ ਕਹਿਣਾ ਹੈ ਕਿ ਸਾਵਰਕਰ ਹਿੰਦੂਤਵ ਦੇ ਰੰਗ ਵਿੱਚ ਰੰਗਿਆ ਸਿਧਾਂਤਕਾਰ ਸੀ ਤੇ ਉਹ ਕਥਿਤ ਤੌਰ 'ਤੇ ਮਹਾਤਮਾ ਗਾਂਧੀ ਦੇ ਕਤਲ ਵਿੱਚ ਵੀ ਸ਼ਾਮਲ ਸੀ। ਸ੍ਰੀ ਥਿੰਦ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਨੇ ਪੋਰਟ ਬਲੇਅਰ ਹਵਾਈ ਅੱਡੇ ਦਾ ਨਾਂ ਸਾਵਰਕਰ ਦੇ ਨਾਂ 'ਤੇ ਰੱਖੇ ਜਾਣ ਦਾ ਵਿਰੋਧ ਕੀਤਾ



ਮੇਲੇ ਵਿੱਚ ਬਾਹਵਾਂ ਖੜ੍ਹੀਆਂ ਕਰ ਕੇ ਮਤੇ ਨੂੰ ਹਮਾਇਤ ਦਿੰਦੇ ਹੋਏ ਲੋਕ।

ਸੀ ਤੇ ਇਸ ਹਵਾਈ ਅੱਡੇ ਦਾ ਨਾਂ ਗ਼ਦਰ ਲਹਿਰ ਦੇ ਆਧਾਰ 'ਤੇ ਰੱਖਣ ਦੀ ਅਪੀਲ ਕੀਤੀ ਸੀ। ਉਨ੍ਹਾਂ ਦੀ ਸੰਸਥਾ ਇਸ ਸਬੰਧੀ ਭਾਰਤ ਸਰਕਾਰ ਨੂੰ ਲਿਖਤੀ ਅਪੀਲ ਕਰੇਗੀ ਤੇ ਭਾਰਤੀ ਸਫ਼ਾਰਤਖ਼ਾਨੇ ਜ਼ਰੀਏ ਚਿੱਠੀ ਵੀ ਘੱਲੇਗੀ। ਉਪਰੋਕਤ ਮਤਿਆਂ ਤੋਂ ਇਲਾਵਾ ਕੈਨੇਡਾ ਦੇ ਸਰਕਾਰੀ ਰਿਕਾਰਡ ਵਿੱਚ ਭਾਈ ਮੇਵਾ ਸਿੰਘ ਬਾਰੇ 'ਟਿਪਣੀ' ਸਬੰਧੀ ਸੋਧ ਕੀਤੇ ਜਾਣ ਦੀ ਮੰਗ ਵੀ ਕੀਤੀ ਗਈ। ਮੇਵਾ ਸਿੰਘ ਪਹਿਲਾ ਭਾਰਤੀ ਜੁਝਾਰੂ ਸੀ, ਜਿਸ ਨੂੰ ਕੈਨੇਡਾ ਵਿੱਚ ਫਾਹੇ ਲਾਇਆ ਗਿਆ ਸੀ। ਉਸ ਨੂੰ ਹਾਲੇ ਵੀ ਵਿਵਾਦਤ ਪਰਵਾਸ ਅਧਿਕਾਰੀ ਵਿਲੀਅਮ ਹੋਪਕਿਨਸਨ ਦੇ ਕਾਤਲ ਵਜੋਂ ਹੀ ਦੇਖਿਆ ਜਾਂਦਾ ਹੈ। ਇਸ ਮੌਕੇ ਭਾਈ ਬਲਵੰਤ ਸਿੰਘ ਖੁਰਦਪੁਰ ਦੇ ਯੋਗਦਾਨ ਨੂੰ ਵੀ ਯਾਦ ਕੀਤਾ ਗਿਆ। ਉਨ੍ਹਾਂ ਦਾ 100ਵਾਂ ਸ਼ਹੀਦੀ ਦਿਹਾੜਾ ਇਸ ਸਾਲ ਹੀ ਮਨਾਇਆ ਗਿਆ ਹੈ। ਹੋਰਨਾਂ ਮਤਿਆਂ ਤਹਿਤ ਮੰਗ ਕੀਤੀ ਗਈ ਕਿ ਗ਼ਦਰ ਲਹਿਰ ਦਾ ਇਤਿਹਾਸ ਸਿੱਖਿਆ ਸੰਸਥਾਵਾਂ ਵਿੱਚ ਪੜ੍ਹਾਇਆ ਜਾਵੇ ਨਾਲੇ ਬਜ-ਬਜ ਘਾਟ( ਕੌਮਾਗਾਟਾ ਮਾਰੂ) 'ਤੇ ਬਰਤਾਨਵੀ ਸਰਕਾਰ ਦੇ ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਨੂੰ ਕੌਮੀ ਸ਼ਹੀਦ ਐਲਾਨਿਆ ਜਾਵੇ।

# ਦਸਤਾਵੇਜ਼ੀ ਫ਼ਿਲਮਕਾਰ ਤਰਨ ਸਿੰਘ ਬਰਾੜ ਨੇ ਵ੍ਹਾਈਟ ਹਾਊਸ ਨੇੜੇ ਵਿਰੋਧ ਵਜੋਂ ਟਰੰਪ ਦੇ ਸਟਾਈਲ 'ਚ 'ਚਿਕਨ ਡੌਨ' ਲਾਇਆ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਦਸਤਾਵੇਜ਼ੀ ਫਿਲਮਕਾਰ ਤਰਨ ਸਿੰਘ ਬਰਾੜ ਨੇ ਨੈਸ਼ਨਲ ਪਾਰਕ ਸਰਵਿਸ ਅਤੇ ਖੁਫੀਆ ਸਰਵਿਸ ਤੋਂ ਆਗਿਆ ਲੈਣ ਤੋਂ ਬਾਅਦ ਵਿਰੋਧ ਵਜੋਂ ਵਾਸ਼ਿੰਗਟਨ ਵਿਚ ਵ੍ਹਾਈਟ ਹਾਊਸ ਨੇੜੇ ਦੱਖਣ ਵੱਲ ਪਾਰਕ ਵਿਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਾਲਾ ਵਾਲੇ ਸਟਾਈਲ ਦਾ 'ਚਿਕਨ ਡੌਨ' ਲਾਇਆ ਹੈ। ਭਾਰਤੀ ਮੂਲ ਦੇ ਤਰਨ ਸਿੰਘ ਬਰਾੜ ਨੇ ਮੁਰਗੀ ਵਾਂਗ ਦਿੱਸਣ ਵਾਲਾ ਵੱਡਾ ਗੁਬਾਰਾ ਲਾਇਆ, ਜਿਸ ਦੇ ਵਾਲਾਂ ਦਾ ਸਟਾਈਲ ਡੋਨਾਲਡ ਟਰੰਪ ਵਾਂਗ ਹੈ। ਇਹ ਗੁਬਾਰਾ ਟਰੰਪ ਦੇ ਟੈਕਸ ਰਿਟਰਨ ਜਾਰੀ ਕਰਨ, ਉੱਤਰੀ ਕੋਰੀਆ ਨਾਲ ਨਜਿੱਠਣ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਪ੍ਰਤੀ ਉਨ੍ਹਾਂ ਦੇ ਰਵੱਈਏ ਦੇ ਵਿਰੋਧ ਵਿਚ ਲਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇਸ ਘੇਰੇ ਵਿਚ ਸਭ ਤੋਂ ਲੰਬੀ ਜਿਸ ਚੀਜ਼ ਦੀ ਆਮ ਤੌਰ 'ਤੇ ਇਜਾਜ਼ਤ ਦਿੱਤੀ ਜਾਂਦੀ ਹੈ, ਉਹ ਰਾਸ਼ਟਰੀ ਕ੍ਰਿਸਮਿਸ ਟ੍ਰੀ ਹੁੰਦਾ ਹੈ। ਉਨ੍ਹਾਂ ਨੇ ਕਿਹਾ, 'ਮੈਨੂੰ 30 ਫੁੱਟ ਲੰਬਾ 'ਚਿਕਨ ਡੌਨ' ਲਾਉਣ ਦੀ ਛੋਟ ਦਿੱਤੀ ਗਈ।'
ਉਨ੍ਹਾਂ ਨੇ ਇਸ ਸੰਬੰਧ ਵਿਚ ਸਥਾਨਕ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਟਰੰਪ ਆਪਣੇ ਟੈਕਸ ਰਿਟਰਨ ਜਾਰੀ ਕਰਨ ਅਤੇ ਪੁਤਿਨ ਦਾ ਸਾਹਮਣਾ ਕਰਨ ਦੇ ਮਾਮਲੇ ਵਿਚ ਬੇਹੱਦ ਡਰਪੋਕ ਹਨ। ਉਨ੍ਹਾਂ ਕਿਹਾ, 'ਅਸੀਂ ਇੱਥੇ ਕਮਜ਼ੋਰ ਅਤੇ ਗੈਰਅਸਰਦਾਰ ਲੀਡਰ ਹੋਣ ਲਈ ਆਪਣੇ ਰਾਸ਼ਟਰਪਤੀ ਦੀ ਆਲੋਚਨਾ ਕਰਨ ਲਈ ਆਏ ਹਾਂ। ਉਹ ਆਪਣੇ ਟੈਕਸ ਰਿਟਰਨ ਜਨਤਕ ਕਰਨ ਤੋਂ ਡਰਦਾ ਹੈ ਤੇ ਪੁਤਿਨ ਨਾਲ ਸਬੰਧਾਂ ਨੂੰ ਜ਼ਾਹਰ ਕਰਨ ਤੋਂ ਵੀ ਡਰਦਾ ਹੈ ਤੇ ਹੁਣ ਕਿਮ ਜੋਂਗ ਉਨ ਨਾਲ ਖੇਡਾਂ ਖੇਡ ਰਿਹਾ ਹੈ। ਬਰਾੜ ਨੇ ਕਿਹਾ, 'ਉਹ ਡੀ.ਸੀ. ਵਿਚ ਫ਼ੌਜੀ ਪਰੇਡ ਚਾਹੁੰਦਾ ਹੈ। ਇਹ ਬਹੁਤ ਹੀ ਬੇਤੁਕਾ ਹੈ



ਤੇ ਅਸੀਂ ਸਾਰੇ ਇੱਥੇ ਉਸ ਦਾ ਮਜ਼ਾਕ ਉਡਾਉਣ ਲਈ ਇਕੱਤਰ ਹੋਏ ਹਨ।' ਉਸ ਅਨੁਸਾਰ ਗੁੱਸੇ ਵਿਚ ਨਜ਼ਰ ਆਉਂਦਾ ਚਿਕਨ, ਜੋ ਕਿ ਸੰਤਰੀ-ਗੋਲਡਨ ਵਾਲਾਂ ਅਤੇ ਟਰੰਪ ਦੇ ਸਟਾਈਲ ਵਿਚ ਹੈ, ਈਬੇਅ 'ਤੇ 1500 ਡਾਲਰ ਵਿਚ ਖ਼ਰੀਦਿਆ ਜਾ ਸਕਦਾ ਹੈ। ਬਰਾੜ ਨੇ ਇਸ ਵਿਲੱਖਣ ਰੋਸ ਲਈ ਧਨ ਜੁਟਾਉਣ ਦੇ ਮਕਸਦ ਨਾਲ ਇਸ ਸਾਲ ਦੇ ਸ਼ੁਰੂ ਵਿਚ ਆਨਲਾਈਨ ਮੁਹਿੰਮ ਸ਼ੁਰੂ ਕੀਤੀ ਸੀ।






ਅੰਮ੍ਰਿਤਸਰ ਟਾਈਮਜ਼
Weekly Punjabi Newspaper

**Corporate Office**
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਦਲ ਖਾਲਸਾ ਦੀ ਕਾਨਫਰੰਸ ਵਿਚ ਸੰਯੁਕਤ ਰਾਸ਼ਟਰ ਅਧੀਨ ਪੰਜਾਬ ਅੰਦਰ ਰੈਫਰੈਂਡਮ ਕਰਵਾਉਣ ਦੀ ਮੰਗ ਦਾ ਮਤਾ ਪਾਸ










ਦਲ ਖਾਲਸਾ ਵਲੋਂ ਜਲੰਧਰ ਵਿਖੇ ਕੱਢੇ ਗਏ ਮਾਰਚ ਦੀਆਂ ਵੱਖ ਵੱਖ ਝਲਕੀਆਂ।

**ਜਲੰਧਰ/ਸਿੱਖ ਸਿਆਸਤ ਬਿਊਰੋ:** ਅਜ਼ਾਦੀ ਦੇ ਮੌਲਿਕ ਅਧਿਕਾਰ ਦੀ ਬਹਾਲੀ ਲਈ ਆਪਣੀ ਵਚਨਬੱਧਤਾ ਦੁਹਰਾਉਂਦਿਆਂ, ਦਲ ਖ਼ਾਲਸਾ ਨੇ ਭਾਰਤੀ ਆਗੂਆਂ ਉੱਤੇ ਉਹਨਾਂ ਸਾਰੇ ਲਿਖਤੀ ਅਤੇ ਜ਼ਬਾਨੀ ਵਾਅਦਿਆਂ ਤੋਂ ਮੁਕਰਨ ਦਾ ਦੋਸ਼ ਲਾਇਆ ਜੋ ਉਹਨਾਂ ਵੰਡ ਮੌਕੇ ਸਿੱਖਾਂ ਨੂੰ ਭਾਰਤੀ ਯੂਨੀਅਨ ਵਿੱਚ ਸ਼ਾਮਿਲ ਕਰਨ ਲਈ ਸਿੱਖ ਲੀਡਰਸ਼ਿਪ ਨਾਲ ਕੀਤੇ ਸਨ।

ਬ੍ਰਿਟੇਨ ਵਲੋਂ ਸਕੌਟਲੈਂਡ ਅਤੇ ਕੈਨੇਡਾ ਵਲੋਂ ਕਿਊਬੈਕ ਵਿਚ ਦੋ ਵਾਰ ਰੈਫਰੈਂਡਮ ਕਰਾਉਣ ਦਾ ਹਵਾਲਾ ਦਿੰਦਿਆਂ ਜਥੇਬੰਦੀ ਨੇ ਭਾਰਤ ਦੀ ਦਿੱਲੀ ਵਿਚਲੀ ਕੇਂਦਰ ਸਰਕਾਰ ਨੂੰ ਇਹ ਸਪੱਸ਼ਟ ਕਰਨ ਲਈ ਕਿਹਾ ਕਿ ਉਹ ਪੰਜਾਬ ਅਤੇ ਕਸ਼ਮੀਰ ਵਿਚ ਰਾਇਸ਼ੁਮਾਰੀ ਕਰਾਉਣ ਤੋਂ ਕਿਉਂ ਭੱਜ ਰਹੀ ਹੈ। ਭਾਰਤ ਦੇ 70ਵੇਂ ਅਜ਼ਾਦੀ ਦਿਹਾੜੇ ਮੌਕੇ ਸਿੱਖ ਅਜ਼ਾਦੀ ਪਸੰਦ ਪਾਰਟੀ ਦਲ ਖਾਲਸਾ ਵਲੋਂ ਕਰਵਾਈ ਗਈ ਇਕ ਕਾਨਫਰੰਸ ਵਿਚ ਸੰਯੁਕਤ ਰਾਸ਼ਟਰ ਅਧੀਨ ਪੰਜਾਬ ਅੰਦਰ ਰੈਫਰੈਂਡਮ ਕਰਵਾਉਣ ਦੀ ਮੰਗ ਸਬੰਧੀ ਮਤਾ ਪਾਸ ਕੀਤਾ ਗਿਆ।

ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਖੇ ਕਰਵਾਈ ਗਈ ਕਾਨਫਰੰਸ ਦੇ ਇਕੱਠ ਵਿਚ ਬਸਤੀਵਾਦੀ ਦੇਸ਼ਧ੍ਰੋਹ ਕਾਨੂੰਨ ਦੀ ਦੁਰਵਰਤੋਂ, ਨਸਲੀ ਘੱਟ-ਗਿਣਤੀਆਂ ਦੇ ਸਵੈ-ਨਿਰਣੇ ਦੇ ਅਧਿਕਾਰ ਨੂੰ ਖੋਹਣ, ਗਊ-ਰੱਖਿਅਕਾਂ ਵਲੋਂ ਦਲਿਤਾਂ ਅਤੇ ਮੁਸਲਮਾਨਾਂ 'ਤੇ ਹੋ ਰਹੇ ਹਮਲਿਆਂ ਅਤੇ ਘੱਟ-ਗਿਣਤੀਆਂ 'ਤੇ ਠੋਸੇ ਜਾ ਰਹੇ ਝੂਠੇ-ਰਾਸ਼ਟਰਵਾਦ ਪ੍ਰਤੀ ਚਿੰਤਾ ਪ੍ਰਗਟ ਕੀਤੀ ਗਈ। ਜਥੇਬੰਦੀ ਦੇ ਆਗੂਆਂ ਨੇ 15 ਅਗਸਤ ਨੂੰ ਕਾਲਾ ਦਿਨ ਦੱਸਦਿਆਂ ਸਰਕਾਰੀ ਜਸ਼ਨਾਂ ਦੇ ਬਾਈਕਾਟ ਦਾ ਸੱਦਾ ਦਿੱਤਾ।

ਵੱਖ-ਵੱਖ ਸਮੇਂ 'ਤੇ ਵੱਖ-ਵੱਖ ਪਾਰਟੀਆਂ ਅਤੇ ਅਫਸਰਸ਼ਾਹੀ ਦੇ ਸਮਰਥਨ ਨਾਲ ਵਹਿਸ਼ੀ ਭੀੜਾਂ ਵਲੋਂ ਦਲਿਤਾਂ, ਸਿੱਖਾਂ, ਇਸਾਈਆਂ ਅਤੇ ਮੁਸਲਮਾਨਾਂ ਦੇ ਕਤਲੇਆਮਾਂ ਦਾ ਹਵਾਲਾ ਦਿੰਦਿਆਂ ਉਹਨਾਂ ਸਵਾਲ ਪੁੱਛਿਆ ਕਿ ਭਾਰਤ ਅੰਦਰ ਗਾਂ ਹੱਤਿਆ 'ਤੇ ਹੀ ਪਾਬੰਦੀ ਕਿਉਂ ਅਤੇ ਮਨੁੱਖੀ ਹੱਤਿਆ 'ਤੇ ਪਾਬੰਦੀ ਕਿਉਂ ਨਹੀਂ। ਸੱਤਾਧਾਰੀ ਧਿਰ 'ਤੇ ਤੰਜ਼ ਕਸਦਿਆਂ, ਬੁਲਾਰਿਆਂ ਦਾ ਕਹਿਣਾ ਸੀ ਕਿ ਪਸ਼ੂ ਦੀ ਸੁਰੱਖਿਆ ਦੀ ਆੜ ਹੇਠ ਹਿੰਦੁਤਵ ਨਾਲ ਜੁੜੀਆਂ ਧਿਰਾਂ ਇਸ ਨੂੰ ਚੋਣ ਫਾਇਦੇ ਲਈ ਦੁਧਾਰੂ ਗਾਂ ਵਾਂਗ ਵਰਤ ਰਹੇ ਸਨ।

ਦਲ ਖਾਲਸਾ ਦੇ ਬੁਲਾਰੇ ਨੇ ਕਿਹਾ ਕਿ ਉਹ ਸਵੈ-ਨਿਰਣੇ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦੇ ਰਹਿਣਗੇ ਭਾਵੇਂ ਕਿ ਭਾਰਤ ਨੇ ਇਸ ਸਬੰਧੀ ਸਾਜਸ਼ੀ ਚੁੱਪ ਧਾਰ ਰੱਖੀ ਹੈ। ਉਹਨਾਂ ਦਾ ਕਹਿਣਾ ਸੀ ਕਿ ਸਿੱਖਾਂ ਅਤੇ ਸਿੱਖ ਲੀਡਰਸ਼ਿਪ ਦਾ ਬਾਹਰੀ ਰਵੱਈਆ ਕਿਸ ਤਰ੍ਹਾਂ ਦਾ ਵੀ ਹੋਵੇ ਇੱਕ ਗੱਲ ਸਾਫ ਹੈ ਕਿ ਸਿੱਖਾਂ ਨਾਲ ਭਾਰਤ ਅੰਦਰ ਹੋ ਰਹੇ ਵਿਹਾਰ ਤੋਂ ਉਹਨਾਂ ਅੰਦਰ ਗੁੱਸਾ ਅਤੇ ਬੇਗਾਨਗੀ ਪਨਪ ਰਹੀ ਹੈ।

ਪਾਰਟੀ ਆਗੂ ਹਰਚਰਨਜੀਤ ਸਿੰਘ ਧਾਮੀ ਨੇ ਰਾਸ਼ਟਰਵਾਦ ਦੇ ਨਾਂ ਹੇਠ ਅਦਾਲਤਾਂ ਅਤੇ ਪ੍ਰਸ਼ਾਸਨ ਵਲੋਂ ਲੋਕਾਂ 'ਤੇ ਜ਼ਬਰੀ ਠੋਸੇ ਜਾ ਰਹੇ ਜਨ ਗਨ ਮਨ' ਨੂੰ ਰੱਦ ਕਰਦੇ ਹੋਏ ਸਪੱਸ਼ਟ ਕੀਤਾ ਕਿ ਇਹ ਸਤਰਾਂ ਸਿੱਖ ਭਾਈਚਾਰੇ ਦੇ ਸੁਤੰਤਰ ਸਟੇਟਸ ਦੀ ਨੁਮਾਇੰਦਗੀ ਨਹੀਂ ਕਰਦੀਆਂ।

36 ਸਾਲ ਪੁਰਾਣੇ ਜਹਾਜ਼ ਅਗਵਾ ਕੇਸ ਵਿਚ ਦਲ ਖਾਲਸਾ ਦੇ ਪੰਜ ਆਗੂਆਂ ਖਿਲਾਫ ਦੇਸ਼ਧ੍ਰੋਹ ਦੇ ਦੋਸ਼ਾਂ ਹੇਠ ਨਵੇਂ ਸਿਰਿਉਂ ਦੁਬਾਰਾ ਕੇਸ ਚਲਾਉਣ ਲਈ ਬੁਲਾਰਿਆਂ ਨੇ ਭਾਰਤ ਸਰਕਾਰ ਖਿਲਾਫ ਗੁੱਸਾ ਪ੍ਰਗਟ ਕੀਤਾ। ਹਾਲ ਵਿਚ ਵੀ ਇਹਨਾਂ ਪੰਜ ਆਗੂਆਂ ਦੀ ਤਸਵੀਰ ਵਾਲਾ ਇਕ ਵੱਡਾ ਪੋਸਟਰ ਲਾਇਆ ਗਿਆ ਸੀ ਜਿਸ 'ਤੇ ਲਿਖਿਆ ਸੀ- ਸਿੱਖਾਂ ਲਈ, ਹਮੇਸ਼ਾ ਵਾਂਗ, ਭਾਰਤ ਵਿਚ ਕਾਨੂੰਨ ਅੰਨ੍ਹਾ ਹੈ। ਉਹਨਾਂ ਇੰਦਰਾ ਗਾਂਧੀ ਲਈ ਜਹਾਜ਼ ਅਗਵਾ ਦੀ ਘਟਨਾ ਦਾ ਹਵਾਲਾ ਦਿੰਦਿਆਂ ਸਖਤ ਟਿੱਪਣੀ ਕਰਦਿਆਂ ਕਿਹਾ ਕਿ ਹਿੰਦੂ ਆਗੂ ਦੀ ਰਿਹਾਈ ਲਈ ਜਹਾਜ਼ ਅਗਵਾ ਦੇਸ਼-ਭਗਤੀ ਅਤੇ ਸਿੱਖ ਆਗੂ (ਸੰਤ ਭਿੰਡਰਾਂਵਾਲਿਆਂ) ਦੀ ਰਿਹਾਈ ਲਈ ਜਹਾਜ਼ ਅਗਵਾ ਦੇਸ਼-ਧ੍ਰੋਹ।

ਦੇਸ਼ ਧਰੋਹ ਬਾਰੇ ਗੱਲ ਕਰਦਿਆਂ ਬੁਲਾਰਿਆਂ ਨੇ ਇਸ ਨੂੰ ਪੁਰਾਣੇ ਯੁਗ ਦਾ ਕਾਨੂੰਨ ਦੱਸਿਆ। ਇਸ ਕਾਨੂੰਨ ਨੂੰ "ਇਤਰਾਜ਼ਯੋਗ ਅਤੇ ਘਿਨਾਉਣਾ ਮੰਨਦੇ ਹੋਏ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉੱਘੇ ਵਕੀਲ ਰਾਜਵਿੰਦਰ ਸਿੰਘ ਬੈਂਸ ਨੇ ਕਿਹਾ ਕਿ ਇਹ ਕਾਨੂੰਨ ਆਮ ਲੋਕਾਂ ਨੂੰ ਜ਼ਲੀਲ ਅਤੇ ਤੰਗ ਕਰਨ ਲਈ ਅਧਿਕਾਰੀਆਂ ਦੇ ਹੱਥਾਂ ਵਿਚ ਇਕ ਸੰਦ ਵਾਂਗ ਹੈ।

ਇਕੱਠ ਵਿਚ ਪਾਸ ਕੀਤੇ ਗਏ ਮਤੇ ਵਿਚ ਕਿਹਾ ਗਿਆ ਕਿ ਇਹ ਸ਼ਰਮਨਾਕ ਗੱਲ ਹੈ ਕਿ ਭਾਰਤ 70 ਸਾਲ ਬਾਅਦ ਵੀ ਇਸ ਬਸਤੀਵਾਦੀ ਯੁੱਗ ਦੇ ਕਾਨੂੰਨ ਨੂੰ ਖਤਮ ਕਰਨ ਵਿੱਚ ਅਸਫਲ ਰਿਹਾ। ਬ੍ਰਿਟੇਨ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਨੇ ਆਪਣੇ ਦੇਸ਼ਧ੍ਰੋਹ ਕਾਨੂੰਨ ਖ਼ਤਮ ਕਰ ਦਿੱਤੇ ਹਨ ਅਤੇ ਹੁਣ ਸਮਾਂ ਹੈ ਕਿ ਭਾਰਤ ਵੀ ਇਸ ਕਾਲੇ ਕਾਨੂੰਨ ਨੂੰ ਖਤਮ ਕਰ ਦੇਵੇ।

ਦਿੱਲੀ ਤੋਂ ਜੇ.ਐਨ.ਯੂ. ਦੇ ਵਿਦਿਆਰਥੀ ਆਗੂ ਉਮਰ ਖਾਲਿਦ, ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ, ਯੂਥ ਆਗੂ ਮਨਧੀਰ ਸਿੰਘ, ਸਾਬਕਾ ਫੈਡਰੇਸ਼ਨ ਆਗੂ ਪਰਮਜੀਤ ਸਿੰਘ ਗਾਜ਼ੀ, ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਟਾਂਡਾ, ਦਲਿਤ ਆਗੂ ਰਜਿੰਦਰ ਰਾਣਾ ਅਤੇ ਬਾਬਾ ਅਵਤਾਰ ਸਿੰਘ ਸਾਂਧਾਵਾਲਾ ਨੇ ਵੀ ਸੰਬੋਧਨ ਕੀਤਾ।

ਪਾਰਟੀ ਨਾਲ ਜੁੜੇ ਸੈਂਕੜੇ ਨੌਜਵਾਨ ਕਾਰਕੁਨਾਂ ਨੇ ਸ਼ਹਿਰ ਦੀਆਂ ਸੜਕਾਂ 'ਤੇ ਮਾਰਚ ਕਰਦਿਆਂ 70 ਸਾਲਾਂ ਦੀ ਗੁਲਾਮੀ, ਬੇਇਨਸਾਫੀ ਅਤੇ ਵਿਤਕਰੇ ਦੇ ਵਿਰੁੱਧ ਆਪਣਾ ਵਿਰੋਧ ਦਰਜ਼ ਕਰਵਾਇਆ। ਉਹਨਾਂ ਆਜ਼ਾਦੀ ਦੇ ਹੱਕ ਵਿੱਚ ਅਤੇ ਪੰਜਾਬ ਬਣੇਗਾ ਖਾਲਿਸਤਾਨ ਦੇ ਨਾਹਰੇ ਲਾਏ। ਉਹਨਾਂ ਹੱਥਾਂ ਵਿੱਚ ਕਾਲੇ ਝੰਡੇ ਅਤੇ 15 ਅਗਸਤ ਦੇ ਬਾਈਕਾਟ ਦਾ ਸੰਦੇਸ਼ ਦਿੰਦੀਆਂ ਤਖਤੀਆਂ ਫੜੀਆਂ ਹੋਈਆਂ ਸਨ।

ਮਾਰਚ ਵਿੱਚ ਹੋਰਨਾਂ ਤੋਂ ਇਲਾਵਾ ਰਣਬੀਰ ਸਿੰਘ, ਜਸਵੀਰ ਸਿੰਘ ਖੰਡੂਰ, ਅਮਰੀਕ ਸਿੰਘ ਈਸੜੂ, ਗੁਰਵਿੰਦਰ ਸਿੰਘ ਬਠਿੰਡਾ, ਬਾਬਾ ਹਰਦੀਪ ਸਿੰਘ ਮਹਿਰਾਜ, ਗੁਰਦੀਪ ਸਿੰਘ ਕਾਲਕੱਟ, ਨੋਬਲਜੀਤ ਸਿੰਘ, ਅਵਤਾਰ ਸਿੰਘ, ਜਗਜੀਤ ਸਿੰਘ ਖੋਸਾ, ਸੁਰਜੀਤ ਸਿੰਘ ਖਾਲਸਤਾਨੀ, ਸਤਨਾਮ ਸਿੰਘ ਭਾਰਾਪੁਰ, ਕੁਲਵੰਤ ਸਿੰਘ ਫੇਰੂਮਾਨ ਅਤੇ ਸੁਖਦੇਵ ਸਿੰਘ, ਦਲੇਰ ਸਿੰਘ ਸ਼ਾਮਿਲ ਸਨ।

## ਘੱਟਗਿਣਤੀਆਂ ਦੇ ਹੋ ਰਹੇ ਘਾਣ ਤੋਂ ਬਾਅਦ ਕਿਸ ਮੂੰਹ ਨਾਲ ਅਜ਼ਾਦੀ ਦਿਹਾੜਾ ਮਨਾਇਆ ਜਾਵੇ: ਮਾਨ ਦਲ

### ਭਾਰਤ ਦੇ ਅਜ਼ਾਦੀ ਦਿਵਸ ਦੇ ਵਿਰੋਧ ਵਿੱਚ ਅੰਮ੍ਰਿਤਸਰ 'ਚ ਰੋਸ ਮੁਜ਼ਾਹਰਾ



**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਭਾਰਤ ਦੇ ਅਜ਼ਾਦੀ ਦਿਹਾੜੇ ਦੇ ਵਿਰੋਧ ਵਿੱਚ ਮੰਗਲਵਾਰ 14 ਅਗਸਤ ਅੰਮ੍ਰਿਤਸਰ ਵਿਖੇ ਰੋਸ ਮੁਜ਼ਾਹਰਾ ਕੀਤਾ ਗਿਆ। ਦਲ ਦੇ ਜਨਰਲ ਸਕੱਤਰ ਅਮਰੀਕ ਸਿੰਘ ਬਲੋਵਾਲ ਅਤੇ ਮਾਝਾ-ਦੋਆਬਾ ਜ਼ੋਨ ਦੇ ਦਫਤਰ ਇੰਚਾਰਜ ਨਵਦੀਪ ਸਿੰਘ, ਪਾਰਟੀ ਦੀ ਤਰਨਤਾਰਨ ਇਕਾਈ ਦੇ ਸ਼ਹਿਰੀ ਪ੍ਰਧਾਨ ਡਾ. ਗੁਰਜਿੰਦਰ ਸਿੰਘ ਦੀ ਅਗਵਾਈ ਵਿੱਚ ਪਾਰਟੀ ਕਾਰਜਕਰਤਾ ਭਾਰਤੀ ਉਪ ਮਹਾਂਦੀਪ 'ਚ ਅੰਦਰ ਘੱਟ ਗਿਣਤੀਆਂ ਦੀ ਅਜ਼ਾਦੀ ਨੂੰ ਦਬਾਉਣ ਵਾਲੀਆਂ ਕਾਰਵਾਈਆਂ ਖਿਲਾਫ ਰੋਸ ਪ੍ਰਗਟਾਉਂਦੀਆਂ ਤਸਵੀਰਾਂ, ਬੈਨਰ ਤੇ ਪਲੇਅ ਕਾਰਡ ਹੱਥਾਂ ਵਿੱਚ ਲੈ ਕੇ ਸਥਾਨਕ ਹਾਲ ਗੇਟ ਦੇ ਬਾਹਰ ਇਕੱਤਰ ਹੋਏ ਅਤੇ ਤਕਰੀਬਨ ਇੱਕ ਘੰਟਾ ਆਪਣੇ ਰੋਸ ਦਾ ਇਜ਼ਹਾਰ ਕੀਤਾ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਅਤੇ ਮਾਝਾ ਦੁਆਬਾ ਖੇਤਰ ਦੇ ਇੰਚਾਰਜ ਅਮਰੀਕ ਸਿੰਘ ਬੱਲੋਵਾਲ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਿਸ ਮੂੰਹ ਨਾਲ ਭਾਰਤ ਆਪਣੇ ਆਜ਼ਾਦੀ ਦਿਹਾੜੇ ਦੇ ਜਸ਼ਨ ਮਨਾ ਰਿਹਾ ਹੈ ਜਦਕਿ ਇੱਥੋਂ ਦਾ ਸਾਰਾ ਨਿਜ਼ਾਮ ਹਿੰਦੂਤਵੀ ਕੱਟੜਵਾਦੀ ਤਾਕਤਾਂ ਦੇ ਹੱਥ ਪੂਰੀ ਤਰ੍ਹਾਂ ਆ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਸਿੱਖ ਕੌਮ 15 ਅਗਸਤ 1947 ਨੂੰ ਇਤਿਹਾਸ ਦਾ ਕਾਲਾ ਦਿਨ ਕਰਾਰ ਦਿੰਦੀ ਹੈ ਕਿਉਂਕਿ ਇਸ ਦਿਨ ਬ੍ਰਹਮਣਵਾਦੀ ਤਾਕਤਾਂ ਹੱਥੋਂ ਘੱਟ ਗਿਣਤੀ ਕੌਮਾਂ ਉੱਤੇ ਜ਼ੁਲਮ ਕਰਨ ਦਾ ਮੁੱਢ ਬੰਨ੍ਹਿਆ ਗਿਆ ਸੀ। ਨਵਦੀਪ ਸਿੰਘ ਨੇ ਕਿਹਾ ਕਿ ਹੁਣ ਇਸ ਅਖੌਤੀ ਆਜ਼ਾਦੀ ਵਿੱਚ ਘੱਟ ਗਿਣਤੀਆਂ ਦੇ ਸਾਹ ਬੰਦ ਹੋਣ ਕਿਨਾਰੇ ਆ ਗਏ ਹਨ।

## ਲੇਬਰ ਪਾਰਟੀ ਦੇ ਐਮ.ਪੀ. ਵਰਿੰਦਰ ਸ਼ਰਮਾ ਨੇ ਸਿੱਖਾਂ ਦੀ ਕਾਲੀ ਸੂਚੀ ਮੁੜ ਵਿਚਾਰਨ ਦੀ ਕੀਤੀ ਵਕਾਲਤ

**ਜਲੰਧਰ/ਬਿਊਰੋ ਨਿਊਜ਼ :** ਇੰਗਲੈਂਡ ਦੇ ਸ਼ਹਿਰ ਸਾਊਥਾਲ ਤੋਂ ਲੇਬਰ ਪਾਰਟੀ ਦੇ ਭਾਰਤੀ ਮੂਲ ਦੇ ਮੈਂਬਰ ਪਾਰਲੀਮੈਂਟ ਵਰਿੰਦਰ ਸ਼ਰਮਾ ਨੇ ਸਟੱਡੀ ਵੀਜ਼ਾ ਦੇ ਨਿਯਮਾਂ ਵਿਚ ਨਰਮੀ ਵਰਤਣ ਦੀ ਵਕਾਲਤ ਕੀਤੀ ਹੈ। ਉਨ੍ਹਾਂ ਕਿਹਾ ਕਿ ਇੰਗਲੈਂਡ ਵਿਚ ਰਹਿੰਦੇ ਪੰਜਾਬੀਆਂ ਦੀ ਅਗਲੀ ਪੀੜ੍ਹੀ ਨੂੰ ਜੇਕਰ ਪੰਜਾਬ ਨਾਲ ਜੋੜ ਕੇ ਰੱਖਣਾ ਹੈ ਤਾਂ ਇਧਰੋਂ ਨਵੀਂ ਪੀੜ੍ਹੀ ਦਾ ਜਾਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬੀਆਂ ਦਾ ਪਰਵਾਸ ਬੰਦ ਹੋ ਗਿਆ ਤਾਂ ਵੈਸਟ ਇੰਡੀਜ਼ ਵਾਂਗ ਹੀ ਇੰਗਲੈਂਡ ਵਿਚ ਪਰਵਾਸੀ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਦਾ ਆਪਣੇ ਵਤਨ ਨਾਲੋਂ ਨਾਤਾ ਟੁੱਟ ਜਾਵੇਗਾ। ਸਥਾਨਕ ਸਰਕਟ ਹਾਊਸ ਵਿਚ ਕੇਂਦਰੀ ਮੰਤਰੀ ਵਿਜੇ ਸਾਂਪਲਾ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਰਿੰਦਰ ਸ਼ਰਮਾ ਨੇ ਕਿਹਾ ਕਿ ਵਿਦਿਆਰਥੀਆਂ ਦੀ ਆਮਦ ਨਾਲ ਉਨ੍ਹਾਂ ਦੇ ਮੁਲਕ ਦਾ ਹੀ ਵਿਕਾਸ ਹੋਵੇਗਾ। ਸਾਕਾ ਨੀਲਾ ਤਾਰਾ ਵਿਚ ਇੰਗਲੈਂਡ ਦੀ ਭੂਮਿਕਾ ਬਾਰੇ ਉਨ੍ਹਾਂ ਕਿਹਾ ਕਿ ਉਹ ਪਹਿਲਾਂ ਹੀ ਸਰਕਾਰ ਕੋਲੋਂ ਇਸ ਸਬੰਧੀ ਦਸਤਾਵੇਜ਼ ਜਨਤਕ ਕਰਨ ਦੀ ਮੰਗ ਕਰ ਚੁੱਕੇ ਹਨ ਤਾਂ ਜੋ ਸਥਿਤੀ ਸਪਸ਼ਟ ਹੋ ਸਕੇ। ਇਸ ਦੇ ਨਾਲ ਹੀ ਉਨ੍ਹਾਂ ਸਿੱਖਾਂ ਦੀ ਕਾਲੀ ਸੂਚੀ 'ਤੇ ਮੁੜ ਵਿਚਾਰ ਕਰਨ ਦੀ ਮੰਗ ਉਠਾਈ ਜਿਸ ਦੇ ਜਵਾਬ ਵਿਚ ਨਾਲ ਬੈਠੇ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਸਰਕਾਰ ਕਾਲੀ ਸੂਚੀ ਦੀ ਪਹਿਲਾਂ ਇਕ ਵਾਰ ਛਾਂਟੀ ਕਰ ਚੁੱਕੀ ਹੈ ਅਤੇ ਕੇਂਦਰ ਸਰਕਾਰ ਵੱਲੋਂ ਕਾਲੀ ਸੂਚੀ 'ਤੇ ਮੁੜ ਵਿਚਾਰ ਕੀਤਾ ਜਾਵੇਗਾ।



ਵਰਿੰਦਰ ਸ਼ਰਮਾ ਅਤੇ ਵਿਜੇ ਸਾਂਪਲਾ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ।

## ਦਹਾਕਾ ਪਹਿਲਾਂ ਮੈਕਸੀਕੋ ਸਰਹੱਦ ਰਾਹੀਂ ਅਮਰੀਕਾ ਦਾਖ਼ਲ ਹੋਏ ਬਲਜੀਤ ਸਿੰਘ ਨੂੰ ਵਾਪਸ ਭੇਜਣ ਦੀ ਤਿਆਰੀ

**ਨਿਊ ਯਾਰਕ/ਬਿਊਰੋ ਨਿਊਜ਼ :** ਇਕ ਦਹਾਕੇ ਪਹਿਲਾਂ ਮੈਕਸਿਕੋ ਰਸਤੇ ਅਮਰੀਕਾ ਵਿੱਚ ਗੈਰਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਏ 39 ਸਾਲਾ ਸਿੱਖ ਨੂੰ ਅਮਰੀਕੀ ਪ੍ਰਸ਼ਾਸਨ ਵੱਲੋਂ ਅਗਲੇ ਤਿੰਨ ਮਹੀਨਿਆਂ ਵਿਚ ਵਾਪਸ ਭਾਰਤ ਭੇਜਿਆ ਜਾਵੇਗਾ। ਬਲਜੀਤ ਸਿੰਘ ਨੇ ਅਮਰੀਕਾ ਵਿੱਚ ਰਹਿਣ ਲਈ ਲੰਮੀ ਲੜਾਈ ਲੜੀ ਹੈ। ਜੱਜ ਵੱਲੋਂ ਉਸ ਦੀ ਸਿਆਸੀ ਸ਼ਰਨ ਦੀ ਅਪੀਲ ਪਹਿਲਾਂ ਹੀ ਰੱਦ ਕੀਤੀ ਜਾ ਚੁੱਕੀ ਹੈ। ਬਲਜੀਤ ਸਿੰਘ ਪੰਜਾਬ ਵਿੱਚ ਖਾੜਕੂਵਾਦ ਸਮੇਂ ਧਾਰਮਿਕ ਜ਼ਿਆਦਤੀਆਂ ਦੇ ਮੱਦੇਨਜ਼ਰ ਮੌਤ ਦੇ ਘਾਟ ਉਤਾਰ ਦਿੱਤੇ ਜਾਣ ਦੇ ਡਰੋਂ ਬਾਰ੍ਹਾਂ ਸਾਲ ਪਹਿਲਾਂ ਭੱਜ ਕੇ ਇਧਰ ਆ ਗਿਆ ਸੀ। ਉਸ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ।

ਉਸ ਦੇ ਦੋਵਾਂ ਬੱਚਿਆਂ ਕੋਲ ਅਮਰੀਕੀ ਨਾਗਰਿਕਤਾ ਹੈ। ਸਿੰਘ ਨੂੰ ਇਥੇ ਨਿਯਮਤ ਵਕਫ਼ੇ ਮਗਰੋਂ ਪਰਵਾਸ ਅਧਿਕਾਰੀਆਂ ਕੋਲ ਹਾਜ਼ਰੀ ਲਵਾਉਣੀ ਪੈਂਦੀ ਹੈ। ਲਾਸ ਏਂਜਲਸ ਟਾਈਮਜ਼ ਦੀ ਇਕ ਰਿਪੋਰਟ ਮੁਤਾਬਕ ਅਜਿਹੀ ਹੀ ਇਕ ਹਾਜ਼ਰੀ ਮੌਕੇ ਸਿੰਘ ਨੂੰ ਦੱਸਿਆ ਗਿਆ ਕਿ ਉਸ ਨੂੰ ਤਿੰਨ ਮਹੀਨਿਆਂ ਮਗਰੋਂ ਵਾਪਸ ਭਾਰਤ ਭੇਜ ਦਿੱਤਾ ਜਾਵੇਗਾ।

ਰਿਪੋਰਟ ਮੁਤਾਬਕ ਸਿੰਘ 'ਤੇ ਨਜ਼ਰ ਰੱਖਣ ਲਈ ਉਸ ਨੂੰ ਹਫ਼ਤਾ ਹਿਰਾਸਤ ਵਿੱਚ ਰੱਖਣ ਤੋਂ ਬਾਅਦ ਗਿੱਟੇ ਵਿੱਚ ਚਿੱਪ ਲਾ ਕੇ ਛੱਡ ਦਿੱਤਾ।

# ਭਾਰਤ ਦੇ ਮੁਸਲਮਾਨਾਂ ਵਿਚ ਬੇਚੈਨੀ ਤੇ ਅਸੁਰੱਖਿਆ ਦੀ ਭਾਵਨਾ : ਹਾਮਿਦ ਅਨਸਾਰੀ

## *ਡਾ. ਮਨਮੋਹਨ ਸਿੰਘ ਨੇ ਪੜ੍ਹਿਆ ਸ਼ੇਅਰ- "ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ, ਵਰਨਾ ਸਦੀਓਂ ਸੇ ਰਹਾ ਹੈ ਦੁਸ਼ਮਨ ਦੌਰ-ਏ-ਜ਼ਮਾਨਾ ਹਮਾਰਾ।"*

**ਨਵੀਂ ਦਿੱਲੀ/ਬਿਊਰੋ ਨਿਊਜ਼ :** ਰਾਜ ਸਭਾ ਦੇ ਚੇਅਰਮੈਨ ਹਾਮਿਦ ਅਨਸਾਰੀ ਨੇ ਕਿਹਾ ਕਿ ਜੇ ਸਰਕਾਰ ਦੀਆਂ ਨੀਤੀਆਂ ਦੀ ਆਜ਼ਾਦੀ ਤੇ ਬੇਬਾਕੀ ਨਾਲ ਆਲੋਚਨਾ ਦੀ ਖੁੱਲ੍ਹ ਨਹੀਂ ਦਿੱਤੀ ਜਾਂਦੀ ਤਾਂ ਜਮਹੂਰੀਅਤ ਵੀ ਤਾਨਾਸ਼ਾਹੀ ਵਿੱਚ ਬਦਲ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਵਕਤ ਭਾਰਤ ਦੇ ਮੁਸਲਮਾਨਾਂ ਵਿਚ ਬੇਚੈਨੀ ਅਤੇ ਅਸੁਰੱਖਿਆ ਦੀ ਭਾਵਨਾ ਹੈ। ਦੇਸ਼ ਦੇ ਉਪ ਰਾਸ਼ਟਰਪਤੀ ਤੇ ਰਾਜ ਸਭਾ ਚੇਅਰਮੈਨ ਵਜੋਂ ਆਪਣੇ ਦਹਾਕਾ ਲੰਬੇ ਕਾਰਜਕਾਲ ਦੇ ਆਖ਼ਰੀ ਦਿਨ ਆਪਣੀ ਵਿਦਾਇਗੀ ਤਕਰੀਰ ਦੌਰਾਨ ਸ੍ਰੀ ਅਨਸਾਰੀ ਨੇ ਕਿਹਾ ਕਿ ਰਾਜ ਸਭਾ ਦੇਸ਼ ਦੀ ਅਨੇਕਤਾ ਦਾ ਪ੍ਰਗਟਾਵਾ ਕਰਨ ਵਾਲਾ ਸਦਨ ਹੈ।

ਉਨ੍ਹਾਂ ਇਸ ਮੌਕੇ ਸਾਬਕਾ ਉਪ ਰਾਸ਼ਟਰਪਤੀ ਐਸ. ਰਾਧਾਕ੍ਰਿਸ਼ਨਨ ਦੇ ਸ਼ਬਦਾਂ ਨੂੰ ਦੁਹਰਾਉਂਦਿਆਂ ਕਿਹਾ, "ਇਕ ਲੋਕਤੰਤਰ ਵੀ ਉਦੋਂ ਵਿਗੜ ਕੇ ਤਾਨਾਸ਼ਾਹੀ ਬਣ ਸਕਦਾ ਹੈ, ਜੇ ਇਹ ਵਿਰੋਧੀ ਗਰੁੱਪਾਂ ਨੂੰ ਆਜ਼ਾਦੀ, ਨਿਰਪੱਖਤਾ ਤੇ ਬੇਬਾਕੀ ਨਾਲ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਦੀ ਖੁੱਲ੍ਹ ਨਹੀਂ ਦਿੰਦਾ।" ਉਨ੍ਹਾਂ ਨਾਲ ਹੀ ਕਿਹਾ ਕਿ ਜਿਥੇ ਮੈਂਬਰਾਂ ਨੂੰ 'ਆਲੋਚਨਾ ਕਰਨ ਦਾ ਪੂਰਾ ਹੱਕ ਹੈ, ਉਥੇ ਇਸ ਹੱਕ ਦੀ ਦੁਰਵਰਤੋਂ ਜਾਣ-ਬੁੱਝ ਕੇ ਸੰਸਦ ਦਾ ਕੰਮ-ਕਾਜ ਰੋਕਣ ਲਈ ਨਹੀਂ ਕੀਤੀ ਜਾਣੀ ਚਾਹੀਦੀ।' ਅਸਲ ਵਿੱਚ ਸਾਰੇ ਗਰੁੱਪਾਂ ਦੇ ਹੱਕ ਵੀ ਹਨ ਤੇ ਜ਼ਿੰਮੇਵਾਰੀਆਂ ਵੀ।" ਉਨ੍ਹਾਂ ਕਿਹਾ ਕਿ ਜਮਹੂਰੀਅਤ ਦੀ ਖ਼ਾਸੀਅਤ ਇਸ ਵੱਲੋਂ 'ਘੱਟ-ਗਿਣਤੀਆਂ ਨੂੰ ਦਿੱਤੀ ਜਾਂਦੀ ਸੁਰੱਖਿਆ' ਹੈ, ਪਰ ਘੱਟ ਗਿਣਤੀਆਂ ਦੀਆਂ ਵੀ ਜ਼ਿੰਮੇਵਾਰੀਆਂ ਹਨ। ਗ਼ੌਰਤਲਬ ਹੈ ਕਿ ਸ੍ਰੀ ਅਨਸਾਰੀ ਇਹ ਫ਼ੈਸਲਾ ਲੈਣ ਵਾਲਿਆਂ ਵਿੱਚ ਮੋਹਰੀ ਸਨ, ਕਿ ਸਦਨ ਵਿੱਚ ਕਾਨੂੰਨਾਂ ਨੂੰ ਸ਼ੋਰ-ਸ਼ਰਾਬੇ ਦੌਰਾਨ ਨਹੀਂ ਪਾਸ ਕੀਤਾ ਜਾਣਾ ਚਾਹੀਦਾ ਤੇ ਇਸ ਮਾਮਲੇ ਵਿੱਚ ਜਲਦਬਾਜ਼ੀ ਨਹੀਂ ਹੋਣੀ ਚਾਹੀਦੀ। ਇਸ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸਦਨ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੁਲਕ ਅਨੇਕਾਂ ਚੁਣੌਤੀਆਂ ਦੇ ਬਾਵਜੂਦ ਉਨ੍ਹਾਂ (ਸ੍ਰੀ ਅਨਸਾਰੀ) ਵਰਗੀਆਂ ਸ਼ਖ਼ਸੀਅਤਾਂ ਸਦਕਾ ਹੀ ਅੱਗੇ ਵਧ ਰਿਹਾ ਹੈ। ਡਾ. ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ ਹੀ ਸ੍ਰੀ ਅਨਸਾਰੀ ਦੀ ਪੰਜ-ਪੰਜ ਸਾਲਾ ਮਿਆਦਾਂ ਲਈ ਦੋ ਵਾਰ ਉਪ ਰਾਸ਼ਟਰਪਤੀ ਵਜੋਂ ਚੋਣ ਹੋਈ ਸੀ। ਉਨ੍ਹਾਂ ਇਸ ਮੌਕੇ ਉਰਦੂ ਦੇ ਨਾਮੀ ਸ਼ਾਇਰ ਇਕਬਾਲ ਦਾ ਸ਼ੇਅਰ ਵੀ ਪੜ੍ਹਿਆ: "ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ, ਵਰਨਾ ਸਦੀਓਂ ਸੇ ਰਹਾ ਹੈ ਦੁਸ਼ਮਨ ਦੌਰ-ਏ-ਜ਼ਮਾਨਾ ਹਮਾਰਾ।" ਹੋਰ ਵੀ ਅਨੇਕਾਂ ਮੈਂਬਰਾਂ ਨੇ ਸ੍ਰੀ ਅਨਸਾਰੀ ਦੇ ਯੋਗਦਾਨ ਨੂੰ ਸਲਾਹਿਆ।



**ਸੰਸਦ ਦੇ ਜੀਐਮਸੀ ਬਾਲਾਯੋਗੀ ਆਡੀਟੋਰੀਅਮ ਵਿੱਚ ਉਪ ਰਾਸ਼ਟਰਪਤੀ ਹਾਮਿਦ ਅਨਸਾਰੀ ਦੇ ਵਿਦਾਇਗੀ ਸਮਾਗਮ ਦੌਰਾਨ ਸ੍ਰੀ ਅਨਸਾਰੀ ਤੇ ਉਪ ਰਾਸ਼ਟਰਪਤੀ ਐਮ. ਵੈਂਕਈਆ ਨਾਇਡੂ ਕੋਈ ਗੱਲ ਕਰਦੇ ਹੋਏ।**

### ਨਾਇਡੂ ਬੋਲੇ- ਘੱਟ ਗਿਣਤੀਆਂ ਵਿਚ ਅਸੁਰੱਖਿਆ ਮਹਿਜ਼ ਸਿਆਸੀ ਪ੍ਰਚਾਰ

ਉਪ ਰਾਸ਼ਟਰਪਤੀ ਐਮ. ਵੈਂਕਈਆ ਨਾਇਡੂ ਨੇ ਇਨ੍ਹਾਂ ਵਿਚਾਰਾਂ ਨੂੰ ਮਹਿਜ਼ 'ਸਿਆਸੀ ਪ੍ਰਚਾਰ' ਆਖ ਕੇ ਰੱਦ ਕਰ ਦਿੱਤਾ ਕਿ ਦੇਸ਼ ਦੀਆਂ ਘੱਟ ਗਿਣਤੀਆਂ ਵਿੱਚ ਅਸੁਰੱਖਿਆ ਦੀ ਭਾਵਨਾ ਹੈ। ਉਨ੍ਹਾਂ ਦਾ ਇਸ਼ਾਰਾ ਸੰਭਵ ਤੌਰ 'ਤੇ ਸੇਵਾਮੁਕਤ ਹੋਏ ਉਪ ਰਾਸ਼ਟਰਪਤੀ ਹਾਮਿਦ ਅਨਸਾਰੀ ਵੱਲ ਸੀ। ਸ੍ਰੀ ਅਨਸਾਰੀ ਨੇ ਇਕ ਟੀਵੀ ਇੰਟਰਵਿਊ ਦੌਰਾਨ ਦੇਸ਼ ਦੇ ਮੁਸਲਮਾਨਾਂ ਵਿੱਚ ਡਰ ਦੀ ਭਾਵਨਾ ਹੋਣ ਦੀ ਗੱਲ ਆਖਦਿਆਂ ਕਿਹਾ ਸੀ ਕਿ ਮੁਲਕ ਵਿੱਚ ਇਕ-ਦੂਜੇ ਦੀ ਹੋਂਦ 'ਸਵਿਕਾਰਨ ਦਾ ਮਾਹੌਲ' ਖ਼ਤਰੇ ਵਿੱਚ ਹੈ। ਸ੍ਰੀ ਨਾਇਡੂ ਨੇ ਕਿਹਾ, "ਕੁਝ ਲੋਕ ਆਖ ਰਹੇ ਹਨ ਕਿ ਘੱਟ ਗਿਣਤੀਆਂ ਅਸੁਰੱਖਿਅਤ ਹਨ। ਇਹ ਸਿਆਸੀ ਪ੍ਰਚਾਰ ਹੈ। ਬਾਕੀ ਸਮੁੱਚੀ ਦੁਨੀਆ ਦੇ ਮੁਕਾਬਲੇ ਭਾਰਤ ਵਿੱਚ ਘੱਟਗਿਣਤੀਆਂ ਵੱਧ ਸੁਰੱਖਿਅਤ ਹਨ।" ਉਨ੍ਹਾਂ ਇਸ ਗੱਲ ਨੂੰ ਵੀ ਖ਼ਾਰਜ ਕਰ ਦਿੱਤਾ ਕਿ ਦੇਸ਼ ਵਿੱਚ ਅਸਹਿਣਸ਼ੀਲਤਾ ਵਧ ਰਹੀ ਹੈ। ਭਾਜਪਾ ਦੇ ਸਾਬਕਾ ਪ੍ਰਧਾਨ ਸ੍ਰੀ ਨਾਇਡੂ (68) ਨੇ ਇਕ ਖ਼ਾਸ ਭਾਈਚਾਰੇ ਦਾ ਨਾਂ ਲੈ ਕੇ ਸਮਾਜ ਵਿੱਚ ਵੰਡੀਆਂ ਪਾਏ ਜਾਣ ਖ਼ਿਲਾਫ਼ ਵੀ ਖ਼ਬਰਦਾਰ ਕੀਤਾ। ਉਨ੍ਹਾਂ ਕਿਹਾ, "ਜੇ ਤੁਸੀਂ ਕਿਸੇ ਖ਼ਾਸ ਭਾਈਚਾਰੇ ਦੀ ਗੱਲ ਕਰੋਗੇ, ਤਾਂ ਹੋਰ ਭਾਈਚਾਰੇ ਇਸ ਨੂੰ ਗ਼ਲਤ ਢੰਗ ਨਾਲ ਲੈਣਗੇ।" ਇਸ ਦੌਰਾਨ ਹਾਕਮ ਭਾਜਪਾ ਨੇ ਵੀ 'ਮੁਸਲਮਾਨਾਂ ਵਿੱਚ ਅਸੁਰੱਖਿਆ' ਵਾਲੇ ਬਿਆਨ ਲਈ ਸ੍ਰੀ ਅਨਸਾਰੀ ਉਤੇ ਹੱਲਾ ਬੋਲਦਿਆਂ ਕਿਹਾ ਕਿ ਉਨ੍ਹਾਂ ਵਰਗੇ ਉੱਚ ਅਹੁਦੇ ਉਤੇ ਬੈਠੇ ਵਿਅਕਤੀ ਤੋਂ ਅਜਿਹੀ ਬਿਆਨਬਾਜ਼ੀ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ। ਪਾਰਟੀ ਦੇ ਜਨਰਲ ਸਕੱਤਰ ਕੈਲਾਸ਼ ਵਿਜੇਵਰਗੀਆ ਨੇ ਦੋਸ਼ ਲਾਇਆ ਕਿ ਸ੍ਰੀ ਅਨਸਾਰੀ ਆਪਣੀ ਸੇਵਾਮੁਕਤੀ ਤੋਂ ਬਾਅਦ 'ਸਿਆਸੀ ਸ਼ਰਨ' ਹਾਸਲ ਕਰਨ ਲਈ ਅਜਿਹਾ ਆਖ ਰਹੇ ਹਨ।

# 70ਵੇਂ ਅਜ਼ਾਦੀ ਦਿਵਸ ਮੌਕੇ ਸਿੱਖਾਂ ਅਤੇ ਕਸ਼ਮੀਰੀਆਂ ਵੱਲੋਂ ਭਾਰਤੀ ਦੂਤਘਰ ਅੱਗੇ ਭਾਰੀ ਰੋਸ ਮੁਜ਼ਾਹਰਾ

**ਲੰਡਨ/ਬਿਊਰੋ ਨਿਊਜ਼:** ਭਾਰਤ ਦੇ 70 ਸਾਲਾ ਅਜ਼ਾਦੀ ਦਿਵਸ ਨੂੰ ਗ਼ੁਲਾਮੀ ਅਤੇ ਬਰਬਾਦੀ ਦੇ ਸੋਗ ਸੰਤਾਪ ਵਜੋਂ ਮਨਾਉਣ ਲਈ ਸਿੱਖ ਅਤੇ ਕਸ਼ਮੀਰੀ ਨੁਮਾਇੰਦਿਆਂ ਵੱਲੋਂ ਸਾਂਝੇ ਤੌਰ 'ਤੇ ਇੱਥੇ ਭਾਰਤੀ ਦੂਤਘਰ ਅੱਗੇ ਜ਼ੋਰਦਾਰ ਮੁਜ਼ਾਹਰੇ ਦੌਰਾਨ। ਬੁਲਾਰਿਆਂ ਦਾ ਕਹਿਣਾ ਸੀ ਕਿ ਜਿਸ ਅਜ਼ਾਦੀ' ਪਿੱਛੋਂ ਸਿਰਫ਼ ਪੰਜਾਬ ਦੇ ਸਿੱਖਾਂ, ਜਾਂ ਕਸ਼ਮੀਰ ਦੇ ਮੁਸਲਮਾਨਾਂ ਨੂੰ ਹੀ ਨਹੀਂ, ਬਲਕਿ ਭਾਰਤ ਦੀਆਂ ਘਟ-ਗਿਣਤੀ ਇਸਾਈ, ਬੋਧੀ, ਜੈਨੀ ਅਤੇ ਦਲਿਤ ਕੌਮਾਂ ਨੂੰ ਵੀ ਬ੍ਰਾਹਮਣਵਾਦੀ ਤਾਕਤਾਂ ਹੱਥੋਂ ਨੱਸਲਕੁਸੀ ਦਾ ਲਗਾਤਰ ਸਾਹਮਣਾਂ ਕਰਨਾ ਪੈ ਰਿਹਾ ਹੈ।

ਜ਼ਿਕਰਯੋਗ ਹੈ ਕਿ ਹਟ ਰਹੇ ਭਾਰਤੀ ਮੀਤ ਰਾਸ਼ਟਰਪਤੀ ਹਾਮਿਦ ਅੰਸਾਰੀ ਅਤੇ ਪਾਕਿਸਤਾਨੀ ਨੇਤਾ ਅਤੇ ਸਾਬਕਾ ਕ੍ਰਿਕਟ ਕਪਤਾਨ ਇਮਰਾਨ ਖਾਨ ਨੇ ਵੀ ਪਿਛਲੀ ਦਿਨੀ ਕਿਹਾ ਹੈ ਕਿ ਗਊ-ਰੱਖਸ਼ਾ' ਅਤੇ ਘਰ-ਵਾਪਸੀ' ਵਰਗੀਆਂ ਸਿਆਸੀ ਗੁੰਡਾ-ਗਰਦੀਆਂ ਨੇ ਹਿੰਦੁਸਤਾਨ ਵਿਚ ਹੁਣ ਮੁਸਲਮਾਨਾਂ ਲਈ ਵਧੇਰੇ ਦਹਿਸ਼ਤ ਦਾ ਮਹੌਲ ਪੈਦਾ ਕੀਤਾ ਹੋਇਆ ਹੈ। ਯਾਦ ਰਹੇ ਕਿ ਇਸ ਸਾਲ ਹੀ ਡਾ. ਇਕਤਿਦਾਰ ਚੀਮਾ ਦੀ ਅਮਰੀਕੀ ਸਰਕਾਰੀ ਕਮਿਸ਼ਨ ਰਿਪੋਰਟ ਨੇ ਵੀ ਮੋਦੀ ਸਰਕਾਰ ਦੀ ਇਸ ਲਈ ਤਿੱਖੀ ਅਲੋਚਨਾ ਕੀਤੀ ਸੀ, ਜਿਸ 'ਤੇ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸ ਨੂੰ ਪੱਖਪਾਤੀ ਦੱਸ ਕੇ ਰੱਦ ਕਰਨ ਦੀ ਨਾਕਾਮ ਕੋਸ਼ਿਸ਼ ਕਰਦਿਆਂ, ਅਮਰੀਕੀ ਸੰਸਦ ਵਿਚ ਬੈਠੀਆਂ ਹਿੰਦੂਤਵੀ ਤਾਕਤਾਂ ਨੂੰ ਵੀ ਇਸ ਬਾਰੇ ਭੜਕਾਉਣਾ ਸ਼ੁਰੂ ਕੀਤਾ।




ਯੂਨਾਈਟਿਡ ਖਾਲਸਾ ਦਲ ਦੇ ਆਗੂ ਲਵਸ਼ਿੰਦਰ ਸਿੰਘ ਡੱਲੇਵਾਲ, ਅਕਾਲੀ ਦਲ ਯੂ.ਕੇ. ਦੇ ਚੇਅਰਮੈਨ ਗੁਰਦੇਵ ਸਿੰਘ ਚੌਹਾਨ, ਅਕਾਲੀ ਦਲ ਅੰਮ੍ਰਿਤਸਰ ਵੱਲੋਂ ਸਰਬਜੀਤ ਸਿੰਘ, ਕੁਲਵੰਤ ਸਿੰਘ ਮੁਠੱਡਾ, ਜਲਾਵਤਨ ਸਰਕਾਰ ਦੇ ਗੁਰਮੇਜ ਸਿੰਘ ਗਿੱਲ, ਕੌਂਸਲ ਆਫ਼ ਖਾਲਿਸਤਾਨ ਦੇ ਵਿੱਤ ਸਕੱਤਰ ਮੋਹਣ ਸਿੰਘ ਤੱਖਰ ਅਤੇ ਬਲਵੀਰ ਸਿੰਘ ਖੇਲਾ ਤੋਂ ਇਲਾਵਾ ਪ੍ਰੋ. ਨਜ਼ੀਰ ਅਹਿਮਦ ਸ਼ਾਵਲ ਅਤੇ ਰਾਜਾ ਅਮਜਦ ਖਾਨ ਸਮੇਤ ਕਈ ਹੋਰ ਕਸ਼ਮੀਰੀ ਨੇਤਾ ਅਤੇ ਜਥੇਬੰਦੀਆਂ ਵੀ ਮੁਜ਼ਾਹਰੇ ਵਿਚ ਸ਼ਾਮਿਲ ਹੋਈਆਂ। ਇਸ ਮੌਕੇ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਆਪਣੇ ਬਿਆਨ ਵਿਚ ਕਿਹਾ ਕਿ ਸਿੱਖਾਂ ਨੂੰ ਅਜ਼ਾਦੀ ਦਾ ਨਿੱਘ' ਮਾਨਣ ਦੀ ਬਜਾਏ ਭਾਰਤੀ ਸੰਵਿਧਾਨ ਮੁਤਾਬਿਕ ਸਿਰਫ਼ ਕੇਸਾਧਾਰੀ ਹਿੰਦੂ' ਬਣਨ ਦਾ ਹੀ ਅਫਸਰ ਮਿਲਿਆ। ਸਿੱਖ ਹੋਮਲੈਂਡ ਦੇ ਸਿਰਫ਼ ਲਾਰੇ ਲਾ ਕੇ ਸਿੱਖ ਰਿਆਸਤਾਂ (PEPSU) ਨੂੰ ਵੀ ਖਤਮ ਕਰਕੇ ਪੰਜਾਬ ਉੱਤੇ ਹਿੰਦੀ ਠੋਸਣ ਲਈ ਇਸ ਨੂੰ 3 ਹਿੱਸਿਆਂ ਵਿਚ ਵੰਡਿਆ ਗਿਆ।

ਪਾਰਲੀਮਾਨੀ ਖੁੱਦ-ਮੁੱਖਤਿਆਰੀ ਸੰਗਠਨ ਅਤੇ ਕੌਂਸਲ ਆਫ਼ ਖਾਲਿਸਤਾਨ ਦੇ ਜਨਰਲ ਸਕੱਤਰ ਰਣਜੀਤ ਸਿੰਘ ਸਰਾਏ ਨੇ ਇਸ ਬਾਰੇ ਕਿਹਾ ਕਿ ਰਹਿੰਦੇ-ਖੂੰਹਦੇ ਪੰਜਾਬੀ ਸੂਬੇ ਦੀ ਰਾਜਧਾਨੀ, ਇਸ ਦੇ ਪੰਜਾਬੀ ਬੋਲਦੇ ਇਲਾਕੇ ਅਤੇ ਦਰਿਆਈ ਪਾਣੀਆਂ ਦੇ ਹੱਕ ਵੀ ਖੋਹ ਲਏ ਗਏ, ਜਿਸ ਦੇ ਨਤੀਜੇ ਹਜ਼ਾਰਾਂ ਪੰਜਾਬ ਦੇ ਸਿੱਖ ਕਿਸਾਨ ਬਰਬਾਦ ਹੋ ਕੇ ਖੁੱਦਕੁਸ਼ੀਆਂ ਕਰ ਚੁਕੇ ਹਨ। ਜਦੋਂ ਤਮਾਮ ਬੇ-ਇਨਸਾਫ਼ੀਆਂ ਖਿਲਾਫ਼ ਸ਼ਾਂਤਮਈ ਧਰਮ-ਜੁੱਧ ਮੋਰਚਾ ਵਿਢਿਆ ਗਿਆ ਤਾਂ ਸਿੱਖਾਂ ਨੂੰ ਸਬਕ ਸਿਖਾਉਣ ਲਈ ਦਰਬਾਰ ਸਾਹਿਬ 'ਤੇ ਹਮਲਾ ਕਰਕੇ ਹਜ਼ਾਰਾਂ ਨਿਹੱਥੇ ਸ਼ਰਧਾਲੂ, ਬੀਬੀਆਂ ਅਤੇ ਬੱਚੇ ਸ਼ਹੀਦ ਕੀਤੇ ਗਏ। ਸਿਰੀ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਕਰਕੇ ਕੀਮਤੀ ਸਾਹਿਤਕ ਖਜ਼ਾਨਾ ਵੀ ਤੋਸ਼ੇਖਾਨੇ ਤੋਂ ਲੁੱਟਿਆ ਗਿਆ, ਜੋ ਅੱਜ ਤੱਕ ਵੀ ਗਾਇਬ ਹੈ। ਜਵਾਬ ਵਿਚ ਜਦੋਂ ਸਿੰਘਾਂ ਨੇ ਜ਼ਾਲਮ ਸਰਕਾਰ ਅਤੇ ਫ਼ੌਜ ਨੂੰ ਖੁੱਦ ਸਬਕ ਸਿਖਾਇਆ ਤਾਂ ਇਹਨਾਂ ਗਿੱਦੜਾਂ ਨੇ ਫ਼ਿਰ ਸਿੱਖ ਨੌਜਵਾਨਾਂ, ਬੀਬੀਆਂ ਅਤੇ ਬੱਚਿਆਂ ਨੂੰ ਸ਼ਹੀਦ ਕਰਕੇ ਨੱਸਲਕੁਸ਼ੀ ਨੂੰ ਅੰਜਾਮ ਦਿੱਤਾ।

ਸਿੱਖਾਂ ਦੀ ਨਸਲਕੁਸ਼ੀ ਬਾਰੇ ਗੁਰਦੇਵ ਸਿੰਘ ਚੌਹਾਨ ਨੇ ਕਿਹਾ ਕਿ ਗੈਰ ਕਾਨੂਨੀ ਤਰੀਕਿਆਂ ਨਾਲ ਸਿੱਖ ਨੌਜਵਾਨਾਂ ਨੂੰ ਨਜ਼ਰਬੰਦ ਕਰਕੇ, ਸਿਰਾਂ ਦੇ ਮੁੱਲ ਰੱਖ ਕੇ, ਅਤੇ ਉਪਰੰਤ ਫ਼ਰਜ਼ੀ ਮੁਕਾਬਲਿਆਂ ਵਿਚ ਸ਼ਹੀਦ ਕਰਕੇ ਜਦੋਂ ਪੁਲਸ ਰਾਜ ਨਹੀ ਰੱਜਿਆ ਤਾਂ ਫ਼ਿਰ ਨਸ਼ਿਆਂ ਦੇ ਦਲਾਲ ਬਣ ਕੇ ਹੀ ਇਨ੍ਹਾਂ ਨੇ ਆਪਣਾ ਘਰ ਪੂਰਾ ਕੀਤਾ। ਬੇਸ਼ੱਕ ਅੱਜ ਇਨ੍ਹਾਂ ਦੀ ਮਿਲੀ ਭੁਗਤ ਨਾਲ ਹਿੰਦੂਤਵੀ ਤਾਕਤਾਂ ਵੱਲੋਂ ਗੁਰੂ ਘਰਾਂ ਦੀਆਂ ਗੁਪਤ ਬੇਅਦਬੀਆਂ ਕਰਵਾਉਣ ਦਾ ਸਿਲਸਿਲਾ ਵੀ ਜਾਰੀ ਹੈ, ਪਰ ਇਤਿਹਾਸ ਗਵਾਹ ਹੈ ਕਿ ਸਿੱਖ ਕੌਮ ਹਮੇਸ਼ਾਂ ਆਪਣੇ ਦੁਸ਼ਮਣ ਨੂੰ ਸੋਧ ਕੇ, ਖੁੱਦ-ਮੁਖਤਿਆਰੀ ਸੰਕਲਪਾਂ ਮੁਤਾਬਿਕ ਆਪਣਾ ਰਾਜ ਕਾਇਮ ਕਰਦੀ ਆਈ ਹੈ। ਜਿੱਥੇ ਵੱਡੇ-ਵੱਡੇ ਸਾਮਰਾਜਾਂ ਨੂੰ ਖਤਮ ਕਰਨਾ ਸਿੱਖਾਂ ਦੇ ਹਿੱਸੇ ਹੀ ਆਇਆ, ਉੱਥੇ ਹਿੰਦੂਤਵੀ ਗੁੰਡਿਆਂ ਤੇ ਪੁਲਸ ਰਾਜ ਨੂੰ ਖਤਮ ਕਰਨਾ ਵੀ ਸਿੱਖਾਂ ਲਈ ਕੋਈ ਜ਼ਿਆਦਾ ਮੁਸ਼ਕਿਲ ਨਹੀਂ ਸਾਬਤ ਹੋਵੇਗਾ।

ਮੁਜ਼ਾਹਰੇ ਦੇ ਪ੍ਰਬੰਧਕ ਤੇ ਕੌਂਸਲ ਆਫ਼ ਖਾਲਿਸਤਾਨ ਦੇ ਪ੍ਰਧਾਨ ਅਮਰੀਕ ਸਿੰਘ ਸਹੋਤਾ ਨੇ ਭਾਗ ਲੈਣ ਵਾਲੇ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਵੇਂ 70 ਸਾਲ ਪਹਿਲਾਂ ਖਾਲਿਸਤਾਨ ਨੂੰ ਠੁਕਰਾਉਣ ਵਾਲੇ ਮੌਕਾਪ੍ਰਸਤ ਸਿੱਖ ਲੀਡਰਾਂ ਨੇ ਬ੍ਰਾਹਮਣਵਾਦੀਆਂ ਦੇ ਭਰੋਸੇ ਸਿੱਖ ਕੌਮ ਦਾ ਨਾ ਪੂਰਾ ਹੋਣ ਵਾਲਾ ਨੁਕਸਾਨ ਕਰਵਾ ਹੀ ਲਿਆ ਸੀ, ਜਿਸ ਲਈ ਇਨ੍ਹਾਂ ਨੂੰ ਅੰਗਰੇਜ਼ਾਂ ਵੱਲੋਂ ਵੀ ਮੂਰਖਤਾਈ ਦਾ ਖਿਤਾਬ ਮਿਲਿਆ, ਪਰ ਸ਼ਾਇਦ ਇਨ੍ਹਾਂ ਮੂਰਖਾਂ' ਨੂੰ ਵੀ ਅੰਦਾਜ਼ਾ ਨਹੀ ਸੀ ਕਿ ਸਿੱਖਾਂ ਨਾਲ ਬਾਕੀ ਕਿੰਨੀ-ਕੁ ਹੋਰ ਬੇਈਮਾਨੀ ਅਤੇ ਬੇਇਨਸਾਫ਼ੀ ਹੋਣ ਵਾਲੀ ਹੈ। ਇਸ ਲਈ ਅੱਜ ਵੀ ਰਾਜਸੀ ਪ੍ਰਭੂਆਂ ਦੇ ਕੱਠਪੁਤਲੀਆਂ ਬਣੇ ਜੱਥੇਦਾਰਾਂ ਨੂੰ ਲਾਂਭੇ ਕਰਕੇ, ਲੋਕਤਾਂਤਰੀ ਤਰੀਕਿਆਂ ਨਾਲ, ਅੰਤਰਰਾਸ਼ਟਰੀ ਕਾਨੂਨ ਅਧੀਨ ਅਤੇ ਸਿਰੀ ਅਕਾਲ ਤੱਖਤ ਸਾਹਿਬ ਦੇ ਜੱਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਜੀ ਦੀ ਸਰਪ੍ਰਸਤੀ ਹੇਠ, ਆਪਣੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਦੀ ਖਾਸ ਲੋੜ ਹੈ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear

Family Law • Divorce

Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

# ਡੋਕਲਾਮ ਤਣਾਅ : ਭਾਰਤੀ ਫ਼ੌਜ ਵੱਲੋਂ ਪਿੰਡ ਖਾਲੀ ਕਰਨ ਦੇ ਆਦੇਸ਼

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਡੋਕਲਾਮ ਵਿਚ ਭਾਰਤ ਤੇ ਚੀਨ ਦਰਮਿਆਨ ਜਾਰੀ ਤਣਾਅ ਵਿਚਾਲੇ ਭਾਰਤੀ ਸੈਨਾ ਨੇ ਡੋਕਲਾਮ ਦੇ ਆਸ-ਪਾਸ ਦੇ ਪਿੰਡਾਂ ਨੂੰ ਖਾਲੀ ਕਰਵਾਉਣ ਦਾ ਆਦੇਸ਼ ਦਿੱਤਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਸੈਨਾ ਨੇ ਸਰਹੱਦ ਦੇ ਨਾਥਨਾਂਗ ਪਿੰਡ ਵਿਚ ਰਹਿ ਰਹੇ ਲੋਕਾਂ ਨੂੰ ਤੁਰੰਤ ਪਿੰਡ ਖਾਲੀ ਕਰਨ ਲਈ ਕਿਹਾ ਹੈ, ਇਹ ਪਿੰਡ ਡੋਕਲਾਮ ਤੋਂ 250 ਕਿਲੋਮੀਟਰ ਦੂਰੀ 'ਤੇ ਸਥਿਤ ਹੈ, ਹਾਲਾਂਕਿ ਅਜੇ ਇਹ ਸਾਫ ਨਹੀਂ ਹੋ ਸਕਿਆ ਕਿ ਪਿੰਡ ਖਾਲੀ ਕਰਨ ਦਾ ਇਹ ਆਦੇਸ਼ ਸੁਕਮਾ ਤੋਂ ਡੋਕਲਾਮ ਵੱਲ ਵਧ ਰਹੇ 33 ਕਾਰਪ ਦੇ ਜਵਾਨਾਂ ਦੇ ਇਥੇ ਠਹਿਰਨ ਲਈ ਹੈ ਜਾਂ ਭਾਰਤ-ਚੀਨ ਦੇ ਵਿਚਾਲੇ ਕਿਸੇ ਮੁੱਠਭੇੜ ਦੀ ਸਥਿਤੀ ਵਿਚ ਨਾਗਰਿਕਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਹੈ। ਇਸ ਤੋਂ ਪਹਿਲਾਂ ਖ਼ਬਰ ਆਈ ਸੀ ਕਿ ਡੋਕਲਾਮ ਵਿਚ ਜਿੱਥੇ ਦੋਵਾਂ ਦੇਸ਼ਾਂ ਦੇ ਸੈਨਿਕ ਆਹਮਣੇ-ਸਾਹਮਣੇ ਹਨ, ਉਸ ਤੋਂ ਕਰੀਬ ਇਕ ਕਿਲੋਮੀਟਰ ਦੇ ਦਾਇਰੇ ਵਿਚ ਚੀਨ ਨੇ 80 ਟੈਂਟ ਲਗਾ ਦਿੱਤੇ ਹਨ।
ਚੀਨੀ ਫ਼ੌਜ ਦੇ ਵਿਸ਼ਲੇਸ਼ਕਾਂ ਨੇ ਕਿਹਾ ਕਿ ਭਾਰਤ ਤੇ ਚੀਨ ਨੂੰ ਸਿੱਕਮ ਸੈਕਟਰ ਵਿਚ 1890 ਦੇ ਗ੍ਰੇਟ ਬ੍ਰਿਟੇਨ-ਚੀਨ ਸਮਝੌਤੇ ਦੀ ਜਗ੍ਹਾਂ ਇਕ ਨਵੇਂ ਸਰਹੱਦੀ ਸਮਝੌਤੇ 'ਤੇ ਦਸਤਖ਼ਤ ਕਰਨੇ ਚਾਹੀਦੇ ਹਨ ਅਤੇ ਇਸ ਨੂੰ ਹੋਰ ਸਮਕਾਲੀ ਬਣਾਉਣਾ ਚਾਹੀਦਾ ਹੈ। ਕਰਨਲ ਜ਼ਾਓ ਜ਼ਿਆਜ਼ੂਓ ਨੇ ਭਾਰਤੀ ਮੀਡੀਆ ਵਫ਼ਦ ਨੂੰ ਦੱਸਿਆ ਕਿ ਅਸੀਂ ਸਿੱਕਮ ਸੈਕਟਰ ਵਿਚ ਭਾਰਤ ਨਾਲ ਨਵਾਂ ਸਮਝੌਤਾ ਚਾਹੁੰਦੇ ਹਾਂ ਕਿਉਂਕਿ 1890 ਵਿਚ ਗ੍ਰੇਟ ਬ੍ਰਿਟੇਨ ਤੇ ਚੀਨ ਵਿਚਾਲੇ ਹੋਏ ਸਮਝੌਤੇ ਸਮੇਂ ਨਾ ਤਾਂ ਭਾਰਤ ਆਜ਼ਾਦ ਹੋਇਆ ਸੀ ਅਤੇ ਨਾ ਹੀ ਪਿਊਪਲ ਰਿਪਬਲਿਕ ਆਫ਼ ਚਾਇਨਾ ਹੋਂਦ ਵਿਚ ਆਇਆ ਸੀ। ਇਸ ਲਈ ਇਹ ਚੰਗਾ ਹੋਵੇਗਾ ਕਿ ਅਸੀਂ ਇਸ ਸਮਝੌਤੇ ਵਿਚ ਬਦਲਾਅ ਕਰੀਏ।



## ਅਮਰੀਕੀ ਸੰਸਦ ਮੈਂਬਰ ਨੇ ਡੋਕਲਾਮ ਸਥਿਤੀ 'ਤੇ ਚਿੰਤਾ ਪ੍ਰਗਟਾਈ

ਵਾਸ਼ਿੰਗਟਨ : ਭਾਰਤ ਤੇ ਚੀਨ ਦੇ ਦਰਮਿਆਨ ਡੋਕਲਾਮ ਮੁੱਦੇ 'ਤੇ ਜਾਰੀ ਤਣਾਅ ਸਬੰਧੀ ਚਿੰਤਾ ਪ੍ਰਗਟ ਕਰਦਿਆਂ ਇਕ ਅਮਰੀਕੀ ਸੰਸਦ ਮੈਂਬਰ ਨੇ ਚੀਨ 'ਤੇ ਉਕਸਾਉਣ ਵਾਲੇ ਕਦਮ ਉਠਾਉਣ ਦਾ ਦੋਸ਼ ਲਗਾਇਆ। ਅਮਰੀਕਾ ਦੇ ਇਲੀਨੋਇਸ ਤੋਂ ਕਾਂਗਰਸ ਦੇ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਨੇ ਕਿਹਾ ਕਿ, 'ਮੇਰਾ ਮੰਨਣਾ ਹੈ ਕਿ ਚੀਨ ਨੇ ਡੋਕਲਾਮ ਵਿਚ ਕੁਝ ਉਕਸਾਉਣ ਵਾਲੇ ਕਦਮ ਉਠਾਏ ਹਨ, ਜਿਸ ਨਾਲ ਇਲਾਕੇ ਵਿਚ ਤਣਾਅ ਵਧਿਆ ਹੈ।' 44 ਸਾਲਾ ਕ੍ਰਿਸ਼ਨਾਮੂਰਤੀ ਹਾਲ ਹੀ ਵਿਚ ਭਾਰਤ ਦੌਰੇ ਤੋਂ ਪਰਤੇ ਹਨ ਜਿਥੇ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵੀ ਮੁਲਾਕਾਤ ਕੀਤੀ ਹਾਲਾਂਕਿ ਇਸ ਮੁਲਾਕਾਤ ਦੌਰਾਨ ਉਨ੍ਹਾਂ ਡੋਕਲਾਮ ਮੁੱਦੇ 'ਤੇ ਚਰਚਾ ਨਹੀਂ ਕੀਤੀ। ਕ੍ਰਿਸ਼ਨਾਮੂਰਤੀ ਨੇ ਕਿਹਾ ਕਿ, 'ਮੈਂ ਮੌਜੂਦਾ ਤਣਾਅ ਦਾ ਸ਼ਾਂਤੀਪੂਰਨ ਕੂਟਨੀਤਕ ਹੱਲ ਕੱਢਣ ਦੀ ਅਪੀਲ ਕਰਦਾ ਹਾਂ ਅਤੇ ਮੈਨੂੰ ਉਮੀਦ ਹੈ ਕਿ ਇਹ ਹੋ ਸਕਦਾ ਹੈ।'

## ਚੀਨ ਸਮਝੌਤਾ ਕਰਨ ਦੇ ਰੌਂਅ ਵਿਚ ਨਹੀਂ

**ਬੀਜਿੰਗ :** ਚੀਨੀ ਸੈਨਾ ਦੇ ਵਿਸ਼ਲੇਸ਼ਕਾਂ ਨੇ ਕਿਹਾ ਕਿ ਡੋਕਲਾਮ ਤਣਾਅ ਖ਼ਤਮ ਕਰਨ ਦੇ ਮੁੱਦੇ 'ਤੇ ਚੀਨ ਕੋਈ ਵੀ ਸਮਝੌਤਾ ਨਹੀਂ ਕਰੇਗਾ। ਚੀਨੀ ਸੈਨਾ ਦੇ ਸੀਨੀਅਰ ਵਿਸ਼ਲੇਸ਼ਕਾਂ ਅਤੇ ਦੱਖਣੀ ਏਸ਼ੀਆ ਦੇ ਵਿਦਵਾਨਾਂ ਨੇ ਮੀਡੀਆ ਨਾਲ ਮੁਖ਼ਾਤਬ ਹੁੰਦਿਆਂ ਹੋਇਆ ਕਿਹਾ ਕਿ ਡੋਕਲਾਮ ਵਿਚ ਭਾਰਤ ਦੇ ਖ਼ਤਰਨਾਕ ਕਦਮ ਕਰਕੇ ਚੀਨ ਦੇ ਲੋਕ, ਸਰਕਾਰ ਅਤੇ ਫ਼ੌਜ 'ਗੁੱਸੇ' ਵਿਚ ਹੈ। ਸੀਨੀਅਰ ਕਰਨਲ ਜ਼ੋਓ ਬੋ ਨੇ ਕਿਹਾ ਕਿ, 'ਚੀਨ ਨੇ ਅਜੇ ਤੱਕ 'ਹਮਲਾ' ਸ਼ਬਦ ਦਾ ਇਸਤੇਮਾਲ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਸਿਰਫ 'ਉਲੰਘਣਾ' ਜਾਂ 'ਘੁਸਪੈਠ' ਦੇ ਸ਼ਬਦ ਵਰਤੇ ਹਨ ਅਤੇ ਇਹ ਚੀਨ ਦੀ ਸਦਭਾਵਨਾ ਹੈ। ਉਨ੍ਹਾਂ ਕਿਹਾ ਕਿ ਅਸੀਂ ਬਿਹਤਰੀ ਲਈ ਉਮੀਦ ਕਰਦੇ ਹਾਂ ਪਰ ਚੀਨੀ ਸਰਕਾਰ ਅਤੇ ਫ਼ੌਜ ਇਸ ਮਸਲੇ 'ਤੇ ਕੋਈ ਸਮਝੌਤਾ ਨਹੀਂ ਕਰੇਗੀ। ਇਸ ਲਈ ਦੋਵਾਂ ਦੇਸ਼ਾਂ ਦੇ ਲੋਕਾਂ ਦੀ ਭਲਾਈ ਤੇ ਸਦਭਾਵਨਾ ਲਈ ਭਾਰਤ ਨੂੰ ਡੋਕਲਾਮ ਵਿਚੋਂ ਆਪਣੇ ਸੈਨਿਕਾਂ ਨੂੰ ਬਿਨਾਂ ਕਿਸੇ ਸ਼ਰਤ ਤੋਂ ਹਟਾਉਣਾ ਚਾਹੀਦਾ ਹੈ। ਚੀਨ-ਅਮਰੀਕਾ ਸੁਰੱਖਿਆ ਮਾਮਲਿਆਂ ਬਾਰੇ ਅਕੈਡਮੀ ਆਫ਼ ਮਿਲਟਰੀ ਸਾਇੰਸ ਦੇ ਡਾਇਰੈਕਟਰ ਕਰਨਲ ਜ਼ਾਓ ਜ਼ਿਆਜ਼ੂਓ ਨੇ ਕਿਹਾ ਕਿ ਭਾਰਤ ਜੇਕਰ ਇਸ ਮਸਲੇ ਨੂੰ ਹੱਲ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੇ ਸੈਨਿਕ ਵਾਪਸ ਬੁਲਾਉਣੇ ਚਾਹੀਦੇ ਹਨ, ਨਹੀਂ ਤਾਂ ਇਹ ਮਸਲਾ ਸਿਰਫ਼ ਤਾਕਤ ਦੇ ਇਸਤੇਮਾਲ ਨਾਲ ਹੀ ਹੱਲ ਹੋਵੇਗਾ। ਇਸ ਮੌਕੇ ਚੀਨੀ ਫ਼ੌਜ ਦੇ ਵਿਦਵਾਨਾਂ ਨੇ ਕਸ਼ਮੀਰ ਦਾ ਮੁੱਦਾ ਉਠਾਉਂਦਿਆਂ ਕਿਹਾ ਕਿ ਪਾਕਿਸਤਾਨ, ਚੀਨ ਦਾ ਦੋਸਤ ਹੈ ਅਤੇ ਜੇਕਰ ਪਾਕਿਸਤਾਨ ਦੇ ਹਿਤ 'ਤੇ ਚੀਨ ਭਾਰਤੀ ਸਰਹੱਦ ਜਾ ਭਾਰਤ-ਚੀਨ ਸਰਹੱਦ ਪਾਰ ਕਰਦਾ ਹੈ ਤਾਂ ਅਸੀਂ ਨਹੀਂ ਜਾਣਦੇ ਕਿ ਭਾਰਤ ਇਸ ਪ੍ਰਤੀ ਕਿਸ ਤਰ੍ਹਾਂ ਦੀ ਪ੍ਰਤੀਕਿਰਿਆ ਕਰੇਗਾ। ਉਨ੍ਹਾਂ ਕਿਹਾ ਕਿ ਭਾਰਤ ਦੀ ਕਾਰਵਾਈ ਨੇ ਦੋਵਾਂ ਦੇਸ਼ਾਂ ਵਿਚਾਲੇ ਸਿਆਸੀ ਵਿਸ਼ਵਾਸ ਨੂੰ ਕਾਫ਼ੀ ਪ੍ਰਭਾਵਤ ਕੀਤਾ ਹੈ।

# ਚੀਨੀ ਅਖ਼ਬਾਰ ਦਾ ਦਾਅਵਾ : ਭਾਰਤ ਖ਼ਿਲਾਫ਼ ਯੁੱਧ ਲਈ ਉਲਟੀ ਗਿਣਤੀ ਸ਼ੁਰੂ

**ਬੀਜਿੰਗ/ਬਿਊਰੋ ਨਿਊਜ਼ :** ਡੋਕਲਾਮ ਨੂੰ ਲੈ ਕੇ ਚੀਨੀ ਮੀਡੀਆ ਵਾਰ-ਵਾਰ ਭਾਰਤ ਨੂੰ ਯੁੱਧ ਦੀ ਧਮਕੀ ਦੇਣ ਤੋਂ ਬਾਜ਼ ਨਹੀਂ ਆ ਰਿਹਾ। ਜਿਥੇ ਪਹਿਲਾਂ ਚੀਨ ਦੀ ਸਰਕਾਰੀ ਅਖ਼ਬਾਰ ਨੇ ਪ੍ਰਧਾਨ ਮੰਤਰੀ ਮੋਦੀ ਨੂੰ 1962 ਦੀ ਨਹਿਰੂ ਵਾਲੀ ਗ਼ਲਤੀ ਨਾ ਦੁਹਰਾਉਣ ਦੀ ਨਸੀਹਤ ਦਿੱਤੀ ਸੀ ਉਥੇ ਹੁਣ ਭਾਰਤ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਭਾਰਤ ਅਤੇ ਚੀਨ ਦਰਮਿਆਨ ਯੁੱਧ ਦੀ ਉਲਟੀ ਗਿਣਤੀ ਸ਼ੁਰੂ ਹੋ ਚੁੱਕੀ ਹੈ। ਚੀਨੀ ਅਖ਼ਬਾਰ ਨੇ ਆਪਣੀ ਸੰਪਾਦਕੀ ਵਿਚ ਲਿਖਿਆ ਕਿ ਡੋਕਲਾਮ ਵਿਚ ਜੇਕਰ ਭਾਰਤ ਨੇ ਆਪਣੀ ਸੈਨਾ ਨੂੰ ਪਿੱਛੇ ਨਹੀਂ ਕੀਤਾ ਤਾਂ ਉਸ ਕੋਲ ਖ਼ੁਦ ਨੂੰ ਕੋਸਣ ਤੋਂ ਬਿਨਾਂ ਕੁਝ ਨਹੀਂ ਬਚੇਗਾ। ਅੱਗੇ ਲਿਖਿਆ ਗਿਆ ਹੈ ਕਿ ਦੋਵੇਂ ਦੇਸ਼ਾਂ ਦੀਆਂ ਸੈਨਾਵਾਂ ਦਰਮਿਆਨ ਯੁੱਧ ਦੀ ਉਲਟੀ ਗਿਣਤੀ ਸ਼ੁਰੂ ਹੋ ਚੁੱਕੀ ਹੈ। ਸਮਾਂ ਉਸ ਦਿਸ਼ਾ ਵਿਚ ਅੱਗੇ ਵਧ ਰਿਹਾ ਹੈ ਜਿਥੇ ਹੱਲ ਦਾ ਕੋਈ ਰਸਤਾ ਨਹੀਂ ਬਚੇਗਾ। ਵਿਵਾਦ ਸੱਤਵੇਂ ਹਫ਼ਤੇ ਵਿਚ ਦਾਖ਼ਲ ਹੋ ਗਿਆ ਹੈ ਅਤੇ ਇਸੇ ਦੇ ਨਾਲ ਸ਼ਾਂਤੀਪੂਰਨ ਹੱਲ ਦਾ ਰਸਤਾ ਬੰਦ ਹੁੰਦਾ ਜਾ ਰਿਹਾ ਹੈ। ਅਖ਼ਬਾਰ ਵਿਚ ਲਿਖਿਆ ਗਿਆ ਹੈ ਕਿ ਭਾਰਤ ਨੇ ਲਗਾਤਾਰ ਚੀਨ ਦੀਆਂ ਚਿਤਾਵਨੀਆਂ ਨੂੰ ਨਜ਼ਰ ਅੰਦਾਜ਼ ਕੀਤਾ ਹੈ। ਸੰਪਾਦਕੀ ਵਿਚ ਕਿਹਾ ਗਿਆ ਹੈ ਕਿ ਜਿਸ ਕਿਸੇ ਕੋਲ ਵੀ ਦੇਖਣ ਲਈ ਅੱਖਾਂ ਹਨ ਅਤੇ ਸੁਣਨ ਲਈ ਕੰਨ ਹਨ ਤਾਂ ਉਸ ਤੱਕ ਸੰਦੇਸ਼ ਪਹੁੰਚ ਜਾਣਾ ਚਾਹੀਦਾ ਸੀ ਪਰ ਭਾਰਤ ਹੋਸ਼ ਵਿਚ ਆਉਣ ਤੋਂ ਇਨਕਾਰ ਕਰ ਰਿਹਾ ਹੈ ਤੇ ਆਪਣੇ ਸੈਨਿਕਾਂ ਨੂੰ ਉੱਥੋਂ ਵਾਪਸ ਨਹੀਂ ਬੁਲਾ ਰਿਹਾ।

## 53 ਭਾਰਤੀ ਸੈਨਿਕ ਅਜੇ ਵੀ ਡੋਕਲਾਮ ਵਿਚ ਮੌਜੂਦ

ਬੀਜਿੰਗ : ਚੀਨ ਦੇ ਵਿਦੇਸ਼ ਮੰਤਰੀ ਦੇ ਹਵਾਲੇ ਨਾਲ ਚੀਨ ਦੀ ਸਰਕਾਰੀ ਰੋਜ਼ਾਨਾ ਅਖ਼ਬਾਰ ਨੇ ਲਿਖਿਆ ਕਿ ਡੋਕਲਾਮ ਵਿਚ ਅਜੇ ਵੀ 53 ਭਾਰਤੀ ਸੈਨਿਕ ਅਤੇ ਇਕ ਬੁਲਡੋਜ਼ਰ ਮੌਜੂਦ ਹਨ। 'ਗਲੋਬਲ ਟਾਈਮਜ਼' ਅਨੁਸਾਰ ਮੰਤਰਾਲੇ ਨੇ ਭਾਰਤ ਨੂੰ ਡੋਕਲਾਮ ਤੋਂ ਆਪਣੀਆਂ ਸੈਨਾਵਾਂ ਅਤੇ ਸਾਮਾਨ ਹਟਾਉਣ ਲਈ ਕਿਹਾ ਹੈ, ਜਿਸ ਨੂੰ ਉਹ ਚੀਨੀ ਖੇਤਰ ਮੰਨਦਾ ਹੈ। ਚੀਨੀ ਮੰਤਰਾਲੇ ਦੇ ਹਵਾਲੇ ਨਾਲ ਰੋਜ਼ਾਨਾ ਅਖ਼ਬਾਰ ਨੇ ਕਿਹਾ ਕਿ ਚੀਨੀ ਖੇਤਰ ਵਿਚ ਸੋਮਵਾਰ ਨੂੰ ਭਾਰਤ ਦੇ 53 ਸੈਨਿਕ ਅਤੇ ਇਕ ਬੁਲਡੋਜ਼ਰ ਮੌਜੂਦ ਸਨ। ਉਸ ਨੇ ਕਿਹਾ ਕਿ ਭਾਰਤ ਨੂੰ ਆਪਣੀ ਸੈਨਾ ਤੇ ਸਮਾਨ ਹਟਾ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਚੀਨ ਦੀ ਪ੍ਰਭੂਸੱਤਾ 'ਤੇ ਗੰਭੀਰ ਰੂਪ ਨਾਲ ਉਲੰਘਣਾ ਕੀਤੀ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਜੇਂਗ ਸ਼ੁਆਂਗ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ 2 ਅਗਸਤ ਨੂੰ ਡੋਕਲਾਮ ਵਿਚ 48 ਭਾਰਤੀ ਸੈਨਿਕ ਅਤੇ ਇਕ ਬੁਲਡੋਜ਼ਰ ਮੌਜੂਦ ਸੀ। ਜੇਂਗ ਨੇ ਕਿਹਾ ਸੀ ਕਿ ਸੀਮਾ 'ਤੇ ਅਤੇ ਭਾਰਤ ਵਾਲੇ ਪਾਸੇ ਅਜੇ ਵੀ ਵੱਡੀ ਗਿਣਤੀ ਭਾਰਤੀ ਹਥਿਆਰਬੰਦ ਸੈਨਿਕਾਂ ਦਾ ਇਕੱਠ ਹੈ। ਚੀਨੀ ਵਿਦੇਸ਼ ਮੰਤਰਾਲੇ ਨੇ ਇਸ ਤੋਂ ਪਹਿਲਾਂ ਜਾਰੀ ਕੀਤੇ 15 ਪੰਨਿਆਂ ਦੇ ਤੱਥ ਪੱਤਰ ਵਿਚ ਕਿਹਾ ਸੀ ਕਿ ਜੁਲਾਈ ਦੇ ਅਖ਼ੀਰ ਤੱਕ ਇਥੇ 40 ਭਾਰਤੀ ਸੈਨਿਕ ਅਤੇ ਇਕ ਬੁਲਡੋਜ਼ਰ ਮੌਜੂਦ ਸੀ। ਨਵੀਂ ਦਿੱਲੀ ਵਿਚ ਸੂਤਰਾਂ ਨੇ ਪਿਛਲੇ ਹਫ਼ਤੇ ਕਿਹਾ ਸੀ ਚੀਨ ਵਲੋਂ ਖੇਤਰ ਵਿਚ ਸੜਕ ਬਣਾਉਣ ਦੀ ਕੋਸ਼ਿਸ਼, ਜਿਸ ਨਾਲ ਵਿਵਾਦ ਸ਼ੁਰੂ ਹੋਇਆ, ਦੇ ਬਾਅਦ ਡੋਕਲਾਮ ਵਿਚ 350 ਭਾਰਤੀ ਸੈਨਿਕ ਪਿਛਲੇ ਛੇ ਹਫ਼ਤਿਆਂ ਤੋਂ ਮੌਜੂਦ ਰਹੇ ਹਨ।

## ਅਮਰੀਕਾ ਸਮੇਤ ਪੂਰੀ ਦੁਨੀਆ 'ਤੇ ਪੈ ਰਿਹੈ ਡੋਕਲਾਮ ਵਿਵਾਦ ਦਾ ਅਸਰ

*ਵਾਸ਼ਿੰਗਟਨ : ਅਮਰੀਕਾ ਖ਼ੁਫ਼ੀਆ ਏਜੰਸੀ ਸੀ.ਆਈ.ਏ. ਦੇ ਸਾਬਕਾ ਵਿਸ਼ਲੇਸ਼ਕ ਬਰੂਸ ਰੀਡੇਲ ਨੇ ਕਿਹਾ ਕਿ ਭਾਰਤ ਅਤੇ ਚੀਨ ਵਿਚਕਾਰ ਸਿੱਕਮ ਸੈਕਟਰ ਦੇ ਡੋਕਲਾਮ ਵਿਚ ਚਲ ਰਹੇ ਵਿਵਾਦ ਦਾ ਅਮਰੀਕਾ ਸਮੇਤ ਪੂਰੇ ਵਿਸ਼ਵ 'ਤੇ ਗੰਭੀਰ ਪ੍ਰਭਾਵ ਪੈ ਰਿਹਾ ਹੈ। ਇਸ ਲਈ ਟਰੰਪ ਪ੍ਰਸ਼ਾਸਨ ਨੂੰ ਆਪਣੀ ਕੂਟਨੀਤੀ ਤਿਆਰ ਰੱਖਣੀ ਚਾਹੀਦੀ ਹੈ। ਰੀਡੇਲ ਫ਼ਿਲਹਾਲ ਵਾਸ਼ਿੰਗਟਨ ਦੇ 'ਥਿੰਕ ਟੈਂਕ ਬਰੂਕਿੰਗਸ ਇੰਸਟੀਚਿਊਟ' ਵਿਚ ਕੰਮ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਅਤੇ ਚੀਨ ਦੋਵੇਂ ਹੀ ਦੇਸ਼ਾਂ ਨੇ ਹਿਮਾਲਿਆ ਦੇ ਖੇਤਰ ਵਿਚ ਇਕ ਦੂਸਰੇ ਖ਼ਿਲਾਫ਼ ਆਪਣਾ ਰਵਾਇਤੀ*




*ਸੈਨਿਕ ਬਲ ਤਿਆਰ ਰੱਖਿਆ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਅਤੇ ਚੀਨ ਦੋਵੇਂ ਹੀ ਪ੍ਰਮਾਣੂ ਹਥਿਆਰਾਂ ਨਾਲ ਲੈਸ ਦੇਸ਼ ਹਨ ਅਤੇ ਉਨ੍ਹਾਂ ਦੀ ਪ੍ਰਮਾਣੂ ਸ਼ਾਸਤਰਾਂ ਨਾਲ ਲੈਸ ਮਿਜ਼ਾਇਲਾਂ ਨਵੀਂ ਦਿੱਲੀ ਅਤੇ ਬੀਜਿੰਗ ਨੂੰ ਟੀਚਾ ਬਣਾ ਕੇ ਤਾਇਨਾਤ ਹਨ। ਦੋਵੇਂ ਹੀ ਵੱਡੀਆਂ ਆਰਥਿਕ ਸ਼ਕਤੀਆਂ ਹਨ ਅਤੇ ਦੋਵਾਂ ਵਿਚਕਾਰ ਵਿਸ਼ਾਲ ਵਪਾਰਕ ਸਬੰਧ ਹਨ। ਰੀਡੇਲ ਨੇ ਕਿਹਾ ਕਿ ਇਹ ਇਸ ਤਰ੍ਹਾਂ ਦਾ ਟਕਰਾਅ ਹੈ ਜਿਸ ਦੇ ਪੂਰੀ ਦੁਨੀਆ 'ਤੇ ਗੰਭੀਰ ਨਤੀਜੇ ਹੋਣਗੇ। ਕਿਸੇ ਵੀ ਪੱਖ ਨੇ ਅਜੇ ਤਕ ਅਮਰੀਕਾ ਨੂੰ ਦਖ਼ਲ ਦੇਣ ਲਈ ਨਹੀਂ ਕਿਹਾ ਪਰ ਅਮਰੀਕੀਆਂ ਦੇ ਹਿੱਤ ਦਾਅ 'ਤੇ ਹਨ। ਉਨ੍ਹਾਂ ਨੇ ਕਿਹਾ ਕਿ ਭੂਟਾਨ ਵਿਚ ਚੀਨ ਦਾ ਘੁਸਪੈਠ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਾਈਟ-ਹਾਊਸ ਦੀ ਯਾਤਰਾ ਸਮੇਂ ਹੋਇਆ ਜੋ ਕਿ ਸੰਭਾਵੀ ਤੌਰ 'ਤੇ ਬੀਜਿੰਗ ਵੱਲੋਂ ਜਾਣ-ਬੁੱਝ ਕੇ ਚੁੱਕਿਆ ਗਿਆ ਕਦਮ ਹੈ।*

## ਭੂਟਾਨ ਨੇ ਡੋਕਲਾਮ ਬਾਰੇ ਚੀਨੀ ਦਾਅਵਾ ਕੀਤਾ ਰੱਦ

ਨਵੀਂ ਦਿੱਲੀ : ਡੋਕਲਾਮ ਨੂੰ ਚੀਨ ਦਾ ਹਿੱਸਾ ਮੰਨਣ ਵਾਲੇ ਬੀਜਿੰਗ ਦੇ ਬਿਆਨ ਦਾ ਭੂਟਾਨ ਨੇ ਖੰਡਨ ਕੀਤਾ ਹੈ। ਚੀਨ ਦੀ ਇਕ ਸੀਨੀਅਰ ਕੂਟਨੀਤਕ ਅਧਿਕਾਰੀ ਵਾਂਗ ਵੇਨਲੀ ਨੇ ਬੀਤੇ ਦਿਨੀਂ ਦਾਅਵਾ ਕੀਤਾ ਸੀ ਕਿ ਭੂਟਾਨ ਨੇ ਕੂਟਨੀਤਕ ਤਰੀਕਿਆਂ ਦਾ ਇਸਤੇਮਾਲ ਕਰਦਿਆਂ ਹੋਇਆ ਬੀਜਿੰਗ ਦੇ ਕੋਲ ਇਹ ਸੰਦੇਸ਼ ਭੇਜਿਆ ਹੈ ਕਿ ਡੋਕਲਾਮ ਉਨ੍ਹਾਂ ਦਾ ਇਲਾਕਾ ਨਹੀਂ ਹੈ। ਵਾਂਗ ਵੇਨਲੀ ਦੇ ਉਕਤ ਦਾਅਵੇ ਦਾ ਹੁਣ ਭੂਟਾਨ ਨੇ ਖੰਡਨ ਕੀਤਾ ਹੈ। ਭੂਟਾਨ ਸਰਕਾਰ ਦੇ ਅਧਿਕਾਰਕ ਸੂਤਰਾਂ ਨੇ ਦੱਸਿਆ ਕਿ, 'ਡੋਕਲਾਮ ਮੁੱਦੇ 'ਤੇ ਸਾਡਾ ਨਜ਼ਰੀਆ ਬਿਲਕੁਲ ਹੀ ਸਪਸ਼ਟ ਹੈ। ਇਸ ਸਬੰਧੀ 29 ਜੂਨ 2017 ਨੂੰ ਭੂਟਾਨ ਵਿਦੇਸ਼ ਮੰਤਰਾਲੇ ਦੀ ਵੈਬਸਾਈਟ 'ਤੇ ਬਿਆਨ ਪ੍ਰਕਾਸ਼ਿਤ ਕੀਤਾ ਜਾ ਚੁੱਕਾ ਹੈ। ਇਸ ਵਿਚ ਸਪਸ਼ਟ ਕਿਹਾ ਗਿਆ ਸੀ ਕਿ ਭੂਟਾਨ ਦੀ ਸਰਹੱਦ 'ਵਿਚ ਸੜਕ ਦਾ ਨਿਰਮਾਣ ਚੀਨ ਤੇ ਭੂਟਾਨ ਵਿਚਾਲੇ ਸਰਹੱਦ ਨਾਲ ਜੁੜੇ ਸਮਝੌਤੇ ਦੀ ਉਲੰਘਣਾ ਹੈ। ਬਿਆਨ ਵਿਚ ਭੂਟਾਨ ਨੇ ਚੀਨ ਨਾਲ ਇਸ ਘਟਨਾ 'ਤੇ ਵਿਰੋਧ ਜਤਾਇਆ ਸੀ।

## ਹੁਣ ਲਦਾੱਖ 'ਚ ਚੀਨੀ ਫ਼ੌਜ ਨੇ ਕੀਤੀ ਘੁਸਪੈਠ

### ਰੋਕਣ 'ਤੇ ਕੀਤੀ ਪੱਥਰਬਾਜ਼ੀ, ਕਈ ਜਵਾਨ ਜ਼ਖ਼ਮੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸਿੱਕਿਮ ਦੇ ਡੋਕਲਾਮ ਵਿਚ ਟਕਰਾਅ ਹਾਲੇ ਸ਼ਾਂਤ ਵੀ ਨਹੀਂ ਹੋਇਆ ਹੈ ਕਿ ਹੁਣ ਚੀਨ ਨੇ ਲਦਾੱਖ ਵਿਚ ਭਾਰਤੀ ਸਰਹੱਦ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਹੈ। ਮੰਗਲਵਾਰ ਸਵੇਰੇ ਕਰੀਬ 11 ਵਜੇ ਚੀਨ ਦੇ ਫ਼ੌਜੀ 5-6 ਗੱਡੀਆਂ ਲੈ ਕੇ ਆਏ ਤੇ ਉਨ੍ਹਾਂ ਨੂੰ ਆਪਣੇ ਇਲਾਕੇ ਵਿਚ ਖੜ੍ਹੀਆਂ ਕਰਕੇ ਪੈਦਲ ਭਾਰਤੀ ਇਲਾਕੇ ਵਿਚ ਦਾਖ਼ਲ ਹੋ ਗਏ। ਜਿਸ ਥਾਂ ਤੋਂ ਚੀਨੀ ਫ਼ੌਜੀ ਭਾਰਤ ਵਿਚ ਦਾਖ਼ਲ ਹੋਏ, ਉਹ ਪੇਗੋਂਗ ਝੀਲ ਦਾ ਇਲਾਕਾ ਹੈ। ਚੀਨੀ ਫ਼ੌਜੀਆਂ ਦੀ ਇਸ ਹਰਕਤ ਨੂੰ ਦੇਖ ਕੇ ਉਥੇ ਤੈਨਾਤ ਆਈ.ਟੀ.ਬੀ.ਪੀ. ਦੇ ਜਵਾਨਾਂ ਨੇ ਮਨੁੱਖੀ ਚੇਨ ਬਣਾ ਲਈ ਤੇ ਉਨ੍ਹਾਂ ਨੂੰ ਰੋਕਣ ਲੱਗੇ। ਇਸ ਦੌਰਾਨ ਦੋਹਾਂ ਮੁਲਕਾਂ ਦੇ ਫ਼ੌਜੀ ਜਵਾਨਾਂ ਵਿਚਾਲੇ ਹੱਥੋਪਾਈ ਵੀ ਹੋਈ। ਇਹ ਵਿਵਾਦ ਅੱਧੇ ਘੰਟੇ ਤਕ ਚੱਲਿਆ। ਫ਼ੌਜੀ ਸੂਤਰਾਂ ਮੁਤਾਬਕ ਫ਼ੌਜ ਦੇ ਵਿਰੋਧ ਮਗਰੋਂ ਚੀਨੀ ਫ਼ੌਜੀ ਆਪਣੀ ਸਰਹੱਦ ਵਿਚ ਚਲੇ ਗਏ ਤੇ ਉਧਰੋਂ ਪੱਥਰ ਸੁੱਟਣ ਲੱਗ। ਚੀਨੀ ਫ਼ੌਜੀਆਂ ਵਲੋਂ ਸੁੱਟੇ ਗਏ ਪੱਥਰਾਂ ਕਾਰਨ ਆਈ.ਟੀ.ਬੀ.ਪੀ. ਦੇ ਕੁਝ ਜਵਾਨਾਂ ਨੂੰ ਸੱਟਾਂ ਲੱਗੀਆਂ ਹਨ। ਚੀਨੀ ਫ਼ੌਜੀ ਲੋਹੇ ਦੀਆਂ ਰਾਡਾਂ ਲੈ ਕੇ ਵੀ ਆਏ ਸਨ। ਆਈ.ਟੀ.ਬੀ.ਪੀ. ਦੇ ਜਵਾਨਾਂ ਨੇ ਉਨ੍ਹਾਂ ਨੂੰ ਲਾਠੀਆਂ ਨਾਲ ਰੋਕਿਆ, ਕਿਉਂਕਿ ਇਥੋਂ ਦੇ ਕੁਝ ਇਲਾਕਿਆਂ ਵਿਚ ਜਵਾਨ ਗਨ ਨਾਲ ਪੈਟਰੋਲਿੰਗ ਨਹੀਂ ਕਰਦੇ। ਇਸ ਤੋਂ ਬਾਅਦ ਉਹ ਆਪਣੇ ਇਲਾਕੇ ਵਿਚ ਵਾਪਸ ਚਲੇ ਗਏ। ਦੱਸਿਆ ਜਾ ਰਿਹਾ ਹੈ ਕਿ ਇਸ ਇਲਾਕੇ ਵਿਚ ਚੀਨੀ ਫ਼ੌਜੀਆਂ ਵਲੋਂ ਪੱਥਰ ਸੁੱਟਣ ਦੀ ਇਹ ਪਹਿਲੀ ਘਟਨਾ ਹੈ। ਇਹ ਘਟਨਾ ਪੂਰਬੀ ਲਦਾੱਖ ਦੇ ਪਾਂਗੋਂਗ ਝੀਲ ਦੇ ਫਿੰਗਰ 4 ਤੇ ਫਿੰਗਰ 5 ਪੋਸਟ ਨੇੜੇ ਹੋਈ।

## ਦਲਾਈਲਾਮਾ ਨੇ 'ਹਿੰਦੀ ਚੀਨੀ ਭਾਈ ਭਾਈ' ਦਾ ਨਾਅਰਾ ਦੁਹਰਾਇਆ

ਨਵੀਂ ਦਿੱਲੀ : ਤਿੱਬਤੀ ਅਧਿਆਤਮਕ ਗੁਰੂ ਦਲਾਈਲਾਮਾ ਨੇ ਡੋਕਲਾਮ ਵਿਚ ਜਾਰੀ ਤਣਾਅ ਨੂੰ ਜ਼ਿਆਦਾ ਗੰਭੀਰ ਮਸਲਾ ਨਾ ਦੱਸਦਿਆ ਹੋਇਆ 'ਹਿੰਦੀ ਚੀਨੀ ਭਾਈ ਭਾਈ' ਦੇ ਨਾਅਰੇ ਨੂੰ ਦੁਹਰਾਉਂਦਿਆਂ ਕਿਹਾ ਕਿ ਭਾਰਤ ਤੇ ਚੀਨ ਦੋਵਾਂ ਗੁਆਂਢੀ ਦੇਸ਼ਾਂ ਨੂੰ ਸ਼ਾਂਤੀ ਨਾਲ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਸਮੱਸਿਆ ਨੂੰ ਗੱਲਬਾਤ ਰਾਹੀਂ ਹੱਲ ਕਰਨਾ ਚਾਹੀਦਾ ਹੈ। 'ਐਡੀਟਰਜ਼ ਗਿਲਡ ਆਫ਼ ਇੰਡੀਆ' ਵੱਲੋਂ ਕਰਵਾਏ ਰਾਜੇਂਦਰ ਮਾਥੁਰ ਮੈਮੋਰੀਅਲ ਲੈਕਚਰ ਦੌਰਾਨ ਉਨ੍ਹਾਂ ਕਿਹਾ ਕਿ ਇਕ ਪਾਸੇ ਦਾ ਪਿੱਛੇ



ਹਟਣਾ ਅਤੇ ਹਾਰ ਪੁਰਾਣੇ ਸਮੇਂ ਦੀ ਸੋਚ ਹੈ। ਆਧੁਨਿਕ ਸਮੇਂ ਵਿਚ ਹਰੇਕ ਦੇਸ਼ ਇਕ ਦੂਸਰੇ 'ਤੇ ਨਿਰਭਰ ਹੈ। ਆਪਣੇ ਆਪ ਨੂੰ ਭਾਰਤ ਦਾ 'ਚੇਲਾ' ਦੱਸਦਿਆਂ ਹੋਇਆ ਦਲਾਈਲਾਮਾ ਨੇ ਚੀਨ 'ਤੇ ਸ਼ਬਦੀ ਹਮਲਾ ਕਰਦਿਆਂ ਕਿਹਾ ਕਿ ਉਹ ਭਾਰਤ ਵਿਚ ਹੋਰ ਜ਼ਿਆਦਾ ਕਰ ਸਕਦਾ ਹੈ, ਜਿਸ ਦੀ ਆਜ਼ਾਦੀ ਹੈ। 'ਜਿੱਥੇ ਕੋਈ ਆਜ਼ਾਦੀ ਨਹੀਂ ਹੈ, ਮੈਂ ਉਸ ਨੂੰ ਪਸੰਦ ਨਹੀਂ ਕਰਦਾ।' ਡੋਕਲਾਮ ਮਾਮਲੇ 'ਤੇ ਦਲਾਈਲਾਮਾ ਨੇ ਕਿਹਾ ਕਿ ਇਥੇ ਕੁਝ ਤਣਾਅ ਹੈ, ਪਰ ਮੈਂ ਸਮਝਦਾ ਹਾਂ ਕਿ ਇਹ ਮਸਲਾ ਗੰਭੀਰ ਨਹੀਂ ਹੈ।

# ਗੁਰਦੁਆਰਾ ਮਨਸਾ ਪੂਰਨ ਸਾਹਿਬ ਵਿਚ ਬੇਅਦਬੀ ਕਰਨ ਵਾਲੇ ਨੌਜਵਾਨ ਨੂੰ ਦੋ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜਿਆ

## *ਪੁਲੀਸ 'ਤੇ ਹਮਲਾ ਕਰਕੇ ਮੁਲਾਜ਼ਮਾਂ ਨੂੰ ਜ਼ਖ਼ਮੀ ਕਰਨ ਵਾਲੇ 20-25 ਬੰਦਿਆਂ ਖ਼ਿਲਾਫ਼ ਵੀ ਪਰਚਾ ਦਰਜ*

**ਸੁਧਾਰ/ਬਿਊਰੋ ਨਿਊਜ਼ :**
ਗੁਰਦੁਆਰਾ ਮਨਸਾ ਪੂਰਨ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ ਹੇਠ ਥਾਣਾ ਰਮਦਾਸ ਦੀ ਪੁਲੀਸ ਨੇ ਨੌਜਵਾਨ ਰਣਜੀਤ ਮਸੀਹ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੇ ਅਦਾਲਤ ਨੇ ਉਸ ਨੂੰ 2 ਦਿਨਾਂ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਹੈ। ਪੁਲੀਸ ਜਦੋਂ ਦੋਸ਼ੀ ਨੂੰ ਥਾਣਾ ਰਮਦਾਸ ਵਿਚ ਲੈ ਕੇ ਜਾ ਰਹੀ ਸੀ ਤਾਂ ਰਸਤੇ ਵਿਚ 20-25 ਅਣਪਛਾਤੇ ਵਿਅਕਤੀਆਂ ਨੇ ਹਮਲਾ ਕਰ ਦਿੱਤਾ ਜਿਸ 'ਤੇ ਐਸ.ਐਚ.ਓ. ਵਿੱਪਨ ਕੁਮਾਰ ਅਤੇ ਏ. ਐਸ. ਆਈ. ਪ੍ਰਗਟ ਸਿੰਘ ਜ਼ਖ਼ਮੀ ਹੋ ਗਏ। ਇਸ ਮੌਕੇ ਐਸ. ਐਸ. ਪੀ. ਦਿਹਾਤੀ ਪਰਮਪਾਲ ਸਿੰਘ ਨੇ ਕਿਹਾ ਕਿ ਜਿਹੜੇ ਵਿਅਕਤੀਆਂ ਨੇ ਪੁਲੀਸ 'ਤੇ ਹਮਲਾ ਕੀਤਾ ਉਨ੍ਹਾਂ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪੁਲੀਸ 'ਤੇ ਹਮਲਾ ਕਰਨ ਦੇ ਦੋਸ਼ ਵਿਚ ਕੁਲਵਿੰਦਰ ਸਿੰਘ ਪੁੱਤਰ ਕਰਨੈਲ ਸਿੰਘ, ਰੋਬਿੰਨ ਪੁੱਤਰ ਗੁਰਕਿਰਤ ਸਿੰਘ, ਗੀਤਾ, ਭਲਵਾਨ ਅਤੇ ਹੋਰ 20, 25 ਅਣਪਛਾਤੇ ਵਿਆਕਤੀਆਂ ਖ਼ਿਲਾਫ਼ ਪਰਚਾ ਦਰਜ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।
ਜ਼ਿਕਰਯੋਗ ਹੈ ਕਿ ਮੱਦੂਛਾਂਗਾ, ਤਲਵੰਡੀ ਭੰਗਵਾਂ ਤੇ ਕੋਟ ਮੁਗਲ ਦੇ ਪਿੰਡਾਂ ਦਾ ਸਾਂਝਾ ਗੁਰਦੁਆਰਾ ਮਨਸਾ ਪੂਰਨ ਸਾਹਿਬ ਵਿਚ ਸ਼ਰਾਰਤੀ ਅਨਸਰ ਨੇ ਗੁਰੂ ਗ੍ਰੰਥ ਸਾਹਿਬ ਦੇ 729 ਤੋਂ ਲੈ ਕੇ 741 ਤੱਕ ਅੰਗ ਪਾੜ ਦਿੱਤੇ ਸਨ। ਇਸ ਸਬੰਧ ਵਿਚ ਗ੍ਰੰਥੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਮੈਂ ਗੁਰਦੁਆਰਾ ਮਨਸਾ ਪੂਰਨ ਸਾਹਿਬ ਵਿਚ ਰਹਿਰਾਸ ਸਾਹਿਬ ਦਾ ਪਾਠ ਕਰਨ ਲੱਗਾ ਤਾਂ ਵੇਖਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜੇ ਹੋਏ ਸਨ। ਇਸ ਸਬੰਧ ਵਿਚ ਮੈਂ ਤਲਵੰਡੀ ਭੰਗਵਾਂ, ਮੱਦੂਛਾਂਗਾ ਤੇ ਕੋਟ ਮੁਗਲ ਦੇ ਨੰਬਰਦਾਰ, ਸਰਪੰਚ ਤੇ ਹੋਰ ਮੋਹਤਬਰ ਵਿਅਕਤੀਆਂ ਨੂੰ ਸੂਚਿਤ ਕੀਤਾ। ਸੀ.ਸੀ.ਟੀ.ਵੀ. ਕੈਮਰੇ ਦੀ ਮਦਦ ਨਾਲ ਦੋਸ਼ੀ ਦੀ ਪਛਾਣ ਰਣਜੀਤ ਮਸੀਹ ਪੁੱਤਰ ਰਹਿਮਤ ਮਸੀਹ ਵਾਸੀ ਤਲਵੰਡੀ ਭੰਗਵਾਂ ਵਜੋਂ ਹੋਈ।
ਇਸ ਮੌਕੇ ਦਮਦਮੀ ਟਕਸਾਲ ਦੇ ਭਾਈ ਅਮਰੀਕ ਸਿੰਘ ਅਜਨਾਲਾ ਨੇ ਕਿਹਾ ਕਿ ਲਗਾਤਾਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋ ਰਹੀ ਹੈ, ਜਿਸ ਨੂੰ ਰੋਕਣ ਦੀ ਕਿਸੇ ਪਾਰਟੀ ਨੇ ਕੋਸ਼ਿਸ਼ ਨਹੀਂ ਕੀਤੀ।
ਇਹ ਘਟਨਾਵਾਂ ਏਜੰਸੀਆਂ ਦੀ ਸ਼ਹਿ 'ਤੇ ਹੁੰਦੀਆਂ ਹਨ ਜੋ ਸਿੱਖਾਂ ਦੇ ਜਜ਼ਬਾਤਾਂ ਨਾਲ ਖਿਲਵਾੜ ਕਰਦੇ ਹਨ। ਇਸ ਮੌਕੇ ਭਾਈ ਅਮਰੀਕ ਸਿੰਘ ਅਜਨਾਲਾ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਅਮਰੀਕ ਸਿੰਘ ਵਿਛੋਆ, ਐਸ.ਪੀ.ਡੀ. ਹਰਪਾਲ ਸਿੰਘ ਦੀ ਅਗਵਾਈ ਹੇਠ 7 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਭਾਈ ਅਮਰੀਕ ਸਿੰਘ ਅਜਨਾਲਾ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਮਨਸਾ ਪੂਰਨ ਸਾਹਿਬ ਵਿਖੇ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਇਸ ਮੌਕੇ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਪਿਛੇ ਕੌਣ ਹੈ ਇਸ ਸਬੰਧੀ ਸਰਕਾਰ ਅਤੇ ਪ੍ਰਸ਼ਾਸਨ ਨੂੰ ਘੋਖ ਕਰਨੀ ਚਾਹੀਦੀ ਹੈ।



ਗੁਰਦੁਆਰਾ ਮਨਸਾ ਪੂਰਨ ਸਾਹਿਬ 'ਚ ਭਾਈ ਅਮਰੀਕ ਸਿੰਘ ਅਜਨਾਲਾ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਅਮਰੀਕ ਸਿੰਘ ਵਿਛੋਆ, ਐਸ.ਪੀ.ਡੀ. ਹਰਪਾਲ ਸਿੰਘ ਅਤੇ ਸੰਗਤ

### *ਸਿੰਘ ਸਾਹਿਬ ਨੇ ਕਿਹਾ- ਪੋਪ ਨੂੰ ਲਿਖਿਆ ਜਾਵੇਗਾ ਪੱਤਰ*

ਅੰਮ੍ਰਿਤਸਰ : ਜ਼ਿਲ੍ਹੇ ਦੇ ਕਸਬੇ ਰਮਦਾਸ ਨੇੜਲੇ ਪਿੰਡ ਤਲਵੰਡੀ ਭੰਗਵਾਂ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗਾਂ ਦੀ ਹੋਈ ਬੇਅਦਬੀ ਦੀ ਸਖ਼ਤ ਨਿੰਦਾ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਇਸ ਸਬੰਧੀ ਈਸਾਈ ਮੱਤ ਦੇ ਪੋਪ ਨਾਲ ਵੀ ਚਿੱਠੀ-ਪੱਤਰ ਕਰਕੇ ਉਨ੍ਹਾਂ ਨੂੰ ਇਸ ਘਟਨਾ ਤੋਂ ਜਾਣੂ ਕਰਵਾਇਆ ਜਾਵੇਗਾ। ਜਾਰੀ ਬਿਆਨ ਵਿਚ ਸਿੰਘ ਸਾਹਿਬ ਨੇ ਪੰਜਾਬ ਵਿਚ ਈਸਾਈ ਮੱਤ ਦੇ ਪੈਰੋਕਾਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਘਟਨਾ ਦੇ ਜ਼ਿੰਮੇਵਾਰਾਂ ਨੂੰ ਸਜ਼ਾ ਦਿਵਾਉਣ ਲਈ ਸਹਿਯੋਗ ਦੇਣ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਬੇਅਦਬੀ ਦੀ ਘਟਨਾ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ।

### ਪ੍ਰੋ. ਬਡੂੰਗਰ ਨੇ ਗੁਰਬਾਣੀ ਦੇ ਹੋ ਰਹੇ ਨਿਰਾਦਰ 'ਤੇ ਚਿੰਤਾ ਪ੍ਰਗਟਾਈ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸਿੱਖੀ 'ਤੇ ਹੋ ਰਹੇ ਲਗਾਤਾਰ ਹਮਲੇ ਗੰਭੀਰ ਚਿੰਤਾ ਦਾ ਵਿਸ਼ਾ ਹਨ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਤਸਵੀਰ ਵਿਚ ਇੱਕ ਬੀਬੀ ਦੇ ਕਮੀਜ਼ ਉੱਪਰ ਗੁਰਬਾਣੀ ਦੀਆਂ ਤੁਕਾਂ ਛਪੀਆਂ ਹੋਈਆਂ ਹਨ, ਜੋ ਗੁਰਬਾਣੀ ਦਾ ਘੋਰ ਨਿਰਾਦਰ ਹੈ। ਅਜਿਹੀ ਘਟਨਾ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਅਤੇ ਗੁਰਬਾਣੀ ਦੀਆਂ ਤੁਕਾਂ ਵਾਲਾ ਕਮੀਜ਼ ਪਹਿਨੀ ਬੀਬੀ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਪ੍ਰੋ. ਬਡੂੰਗਰ ਨੇ ਕਿਹਾ ਕਿ ਇਸ ਸਬੰਧੀ ਪੰਜਾਬ ਦੇ ਸਾਈਬਰ ਕਰਾਈਮ ਸੈਲ ਵਿਭਾਗ ਨੂੰ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਅਤੇ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਕੇਸ ਦਰਜ ਕਰਨ ਲਈ ਪੱਤਰ ਲਿਖਿਆ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਪੰਜਾਬ ਭਰ ਵਿਚ ਸਾਜ਼ਿਸ਼ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਪਾੜ ਕੇ ਅਤੇ ਹੁਣ ਪਾਵਨ ਗੁਰਬਾਣੀ ਨੂੰ ਕੱਪੜਿਆਂ ਉਪਰ ਛਾਪ ਕੇ ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।

## ਟਰੱਕ ਯੂਨੀਅਨਾਂ ਨੇ ਮੁੱਖ ਮੰਤਰੀ ਖ਼ਿਲਾਫ਼ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ



**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੀਆਂ ਟਰੱਕ ਯੂਨੀਅਨਾਂ ਭੰਗ ਕਰਨ ਦਾ ਫ਼ੈਸਲਾ ਰੱਦ ਕਰਵਾਉਣ ਲਈ ਹਰ ਹੀਲਾ ਵਰਤਣ ਉਪਰੰਤ ਹੁਣ ਯੂਨੀਅਨਾਂ ਨੇ ਮੁੱਖ ਮੰਤਰੀ ਵਿਰੁੱਧ ਹਾਈਕੋਰਟ ਵਿਚ ਪਟੀਸ਼ਨ ਦਾਖ਼ਲ ਕਰ ਦਿੱਤੀ ਗਈ ਹੈ। ਪੰਜਾਬ ਟਰੱਕ ਯੂਨੀਅਨ ਦੇ ਜਲੰਧਰ ਵਿਖੇ ਮੁੱਖ ਦਫ਼ਤਰ ਨੇ ਪ੍ਰਧਾਨ ਗੁਰਮੁਖ ਸਿੰਘ ਰਾਹੀਂ ਐਡਵੋਕੇਟ ਟੀ.ਪੀ.ਐਸ. ਤੁੰਗ ਦੇ ਜ਼ਰੀਏ ਪਟੀਸ਼ਨ ਦਾਖ਼ਲ ਕਰਕੇ 24 ਜੁਲਾਈ ਨੂੰ ਨੋਟੀਫਾਈ ਕੀਤੇ ਪੰਜਾਬ ਗੁੱਡਸ ਕੈਰੀਅਰ ਰੂਲਸ ਨੂੰ ਰੱਦ ਕਰਨ, ਯੂਨੀਅਨਾਂ ਦੇ ਕੰਮਕਾਜ ਵਿਚ ਦਖ਼ਲ-ਅੰਦਾਜ਼ੀ ਨਾ ਕਰਨ, ਯੂਨੀਅਨਾਂ ਨੂੰ ਪਹਿਲਾਂ ਵਾਂਗ ਕੰਮ ਕਰਨ ਤੋਂ ਇਲਾਵਾ ਯੂਨੀਅਨਾਂ ਬੰਦ ਕਰਾਉਣ ਲਈ ਕਥਿਤ ਤੌਰ 'ਤੇ ਵਰਤੇ ਜਾ ਰਹੇ ਵਸੀਲਿਆਂ ਨੂੰ ਰੋਕਣ ਦੀ ਮੰਗ ਕੀਤੀ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਯੂਨੀਅਨਾਂ 1954 ਤੋਂ ਚਲੀਆਂ ਆ ਰਹੀਆਂ ਹਨ ਪਰ ਮੁੱਖ ਮੰਤਰੀ ਨੇ ਇਕ ਜ਼ੁਬਾਨੀ ਹੁਕਮ ਨਾਲ ਯੂਨੀਅਨਾਂ ਭੰਗ ਕਰਨ ਦਾ ਐਲਾਨ ਕਰ ਦਿੱਤਾ। ਦੋਸ਼ ਲਾਇਆ ਕਿ ਜ਼ਿਲ੍ਹਿਆਂ ਵਿਚ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਨੂੰ ਯੂਨੀਅਨਾਂ ਨੂੰ ਕੰਮ ਨਾ ਕਰਨ ਦੇਣ ਦੀ ਜ਼ੁਬਾਨੀ ਹਦਾਇਤ ਕੀਤੀ ਗਈ। ਪਟੀਸ਼ਨ ਵਿਚ ਦੁਹਾਈ ਦਿੱਤੀ ਗਈ ਹੈ ਕਿ ਪੰਜਾਬ ਵਿਚ 134 ਯੂਨੀਅਨਾਂ ਹਨ ਤੇ ਇਨ੍ਹਾਂ ਨਾਲ 93 ਹਜ਼ਾਰ ਟਰੱਕ ਤੇ 60 ਹਜ਼ਾਰ ਕੈਂਟਰਾਂ ਤੇ ਟੈਂਪੂ ਜੁੜੇ ਹੋਏ ਹਨ। ਜਿਨ੍ਹਾਂ ਵਿਚੋਂ 80 ਫ਼ੀਸਦੀ ਆਪ੍ਰੇਟਰ ਸਿਰਫ਼ ਇਸੇ ਕਿੱਤੇ 'ਤੇ ਨਿਰਭਰ ਹਨ ਤੇ ਯੂਨੀਅਨਾਂ ਬੰਦ ਹੋਣ ਨਾਲ ਉਨ੍ਹਾਂ ਦਾ ਕੰਮ ਕਾਜ ਠੱਪ ਹੋ ਗਿਆ ਹੈ। ਕਿਹਾ ਕਿ ਬਾਹਰਲਿਆਂ ਸੂਬਿਆਂ ਤੋਂ ਸਮਾਨ ਲਿਆਉਣ ਲਈ ਪੰਜਾਬ ਦੇ ਟਰੱਕਾਂ ਦੀ ਵੈਰੀਫਿਕੇਸ਼ਨ ਟਰੱਕ ਯੂਨੀਅਨਾਂ ਤੋਂ ਹੀ ਕੀਤੀ ਜਾਂਦੀ ਹੈ ਤੇ ਜੇਕਰ ਯੂਨੀਅਨਾਂ ਨਾ ਹੋਈਆਂ ਤਾਂ ਵੈਰੀਫਿਕੇਸ਼ਨ ਖੁਣੋਂ ਢੁਆਈ ਵਾਲਾ ਸਮਾਨ ਮਹਿਫ਼ੂਜ਼ ਨਹੀਂ ਰਹਿ ਜਾਵੇਗਾ। ਪਟੀਸ਼ਨ ਵਿਚ ਦੋਸ਼ ਲਾਇਆ ਕਿ ਨਵੇਂ ਨਿਯਮਾਂ ਦੀ ਨੋਟੀਫ਼ਿਕੇਸ਼ਨ ਨਾਲ ਖ਼ਰੀਦ ਏਜੰਸੀਆਂ ਵੱਲੋਂ ਟਰੱਕ ਯੂਨੀਅਨਾਂ ਨੂੰ ਪਹਿਲਾਂ ਜਾਰੀ ਕੀਤੇ ਗਏ ਟੈਂਡਰਾਂ ਦੀ ਉਲੰਘਣਾ ਵੀ ਹੋ ਰਹੀ ਹੈ। ਦੂਜਾ ਦੋਸ਼ ਇਹ ਲਾਇਆ ਹੈ ਕਿ ਸਰਕਾਰ ਨੇ ਯੂਨੀਅਨਾਂ ਭੰਗ ਕਰਨ ਪਿੱਛੇ ਦਲੀਲ ਦਿੱਤੀ ਕਿ ਮੰਡੀ ਗੋਬਿੰਦਗੜ੍ਹ, ਪਠਾਨਕੋਟ, ਹੁਸ਼ਿਆਰਪੁਰ, ਖੰਨਾ, ਲੁਧਿਆਣਾ, ਜਲੰਧਰ ਅੰਮ੍ਰਿਤਸਰ ਤੇ ਬਟਾਲਾ ਵਿਚ ਟਰੱਕ ਯੂਨੀਅਨਾਂ ਕਾਰਨ ਪੰਜਾਬ ਵਿਚੋਂ ਸਨਅਤ ਪਲਾਇਨ ਕਰ ਗਈ ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਥਾਵਾਂ 'ਤੇ ਯੂਨੀਅਨਾਂ ਹੈ ਹੀ ਨਹੀਂ।

## ਲਾਹੌਰ ਦੀ ਫੂਡ ਸਟਰੀਟ ਦੀ ਤਰਜ਼ 'ਤੇ ਉਸਾਰੇ ਅਰਬਨ ਹਾਟ ਨੂੰ ਵੱਜੇ ਜੰਦਰੇ

### *ਸੁਖਬੀਰ ਬਾਦਲ ਦੇ ਇਸ ਡਰੀਮ ਪ੍ਰੋਜੈਕਟ 'ਤੇ ਖਰਚ ਹੋਏ 11 ਕਰੋੜ*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਲਾਹੌਰ ਦੀ ਫੂਡ ਸਟਰੀਟ ਦੀ ਤਰਜ਼ 'ਤੇ ਕਰੀਬ 11 ਕਰੋੜ ਰੁਪਏ ਦੀ ਲਾਗਤ ਨਾਲ ਵਿਕਟੋਰੀਆ ਜੁਬਲੀ ਹਸਪਤਾਲ ਦੀ 125 ਸਾਲ ਪੁਰਾਣੀ ਇਮਾਰਤ ਵਿਚ ਸ਼ੁਰੂ ਕੀਤੇ ਅਰਬਨ ਹਾਟ ਨੂੰ ਤਾਲੇ ਲੱਗ ਚੁੱਕੇ ਹਨ ਅਤੇ ਭਵਿੱਖ ਵਿਚ ਇਸ ਦੀ ਵਾਗਡੋਰ ਕਿਸੇ ਨਿੱਜੀ ਕੰਪਨੀ ਨੂੰ ਦਿੱਤੇ ਜਾਣ ਦੀਆਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਪਿਛਲੀ ਅਕਾਲੀ-ਭਾਜਪਾ ਗਠਜੋੜ ਵਾਲੀ ਸਰਕਾਰ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਸੰਬਰ 2012 ਵਿਚ ਪਾਕਿਸਤਾਨ ਯਾਤਰਾ ਦੇ ਦੌਰਾਨ ਲਾਹੌਰ ਦੀ ਗਵਾਲ ਮੰਡੀ ਤੇ ਪੁਰਾਣੀ ਅਨਾਰਕਲੀ ਆਬਾਦੀ ਦੀ ਫੂਡ ਸਟਰੀਟ ਦੇ ਰਿਵਾਇਤੀ ਪਕਵਾਨਾਂ ਤੋਂ ਪ੍ਰਭਾਵਤ ਹੋ ਕੇ ਅੰਮ੍ਰਿਤਸਰ ਵਿਚ ਅਰਬਨ ਹਾਟ ਸ਼ੁਰੂ ਕੀਤੇ ਜਾਣ ਦੀ ਯੋਜਨਾ ਬਣਾਈ ਸੀ, ਜਿਸ ਲਈ ਕਈ ਜਗਾਵਾਂ ਦੀ ਚੋਣ ਤੋਂ ਬਾਅਦ ਗੁਰੂ ਤੇਗ਼ ਬਹਾਦਰ ਹਸਪਤਾਲ ਵਿਚ ਤਬਦੀਲ ਹੋ ਚੁੱਕੀ ਵਿਕਟੋਰੀਆ ਜੁਬਲੀ ਹਸਪਤਾਲ ਦੀ ਪੁਰਾਣੀ ਵਿਰਾਸਤੀ ਇਮਾਰਤ ਨੂੰ ਚੁਣਿਆ ਗਿਆ। ਸੁਖਬੀਰ ਬਾਦਲ ਨੇ ਉਪਰੋਕਤ ਪ੍ਰਾਜੈਕਟ ਨੂੰ ਆਪਣਾ ਡਰੀਮ ਪ੍ਰਾਜੈਕਟ ਦੱਸਦਿਆਂ ਮਈ 2013 ਵਿਚ ਇਸ ਨੂੰ ਸ਼ੁਰੂ ਕਰਨ ਹਿੱਤ ਹਰੀ ਝੰਡੀ ਦਿੱਤੀ, ਜਿਸ ਲਈ ਪੁੱਡਾ (ਪੰਜਾਬ ਅਰਬਨ ਪਲਾਨਿੰਗ ਐਂਡ ਡਿਵੈਲਪਮੈਂਟ ਅਥਾਰਟੀ) ਵੱਲੋਂ 14 ਜੁਲਾਈ 2013 ਨੂੰ ਜਨਤਕ ਤੌਰ 'ਤੇ ਟੈਂਡਰ ਮੰਗੇ ਗਏ ਅਤੇ ਅਰਬਨ ਹਾਟ ਦੇ ਨਿਰਮਾਣ ਸਬੰਧੀ ਜ਼ਿੰਮੇਵਾਰੀ ਇੰਡੀਅਨ ਨੈਸ਼ਨਲ ਟਰੱਸਟ ਫ਼ਾਰ ਆਰਟ ਐਂਡ ਕਲਚਰਲ ਹੈਰੀਟੇਜ ਕੰਸਲਟੈਂਟ ਨੂੰ ਸੌਂਪੀ ਗਈ। ਉਪਰੋਕਤ ਕੰਪਨੀ ਵੱਲੋਂ ਪੁੱਡਾ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਕਰੀਬ 4.5 ਏਕੜ ਵਿਚ ਬਣੀ ਉਪਰੋਕਤ ਇਮਾਰਤ ਨੂੰ ਪੰਜ ਬਲਾਕਾਂ ਵਿਚ ਵੰਡਦਿਆਂ ਉਪਰੋਕਤ ਅਰਬਨ ਹਾਟ ਵਿਚ 32 ਹਾਲ, 20 ਰਸੋਈਆਂ, ਜਿਮ, ਸਪਾ, ਦਸਤਕਾਰੀ ਬਾਜ਼ਾਰ, ਫੂਡ ਕੋਰਟ, ਸਟੇਟ ਇਮਪੋਰੀਅਮ, ਸੋਵੀਨਰ ਹਾਲ, ਰੇਸਤਰਾਂ, ਗੈਸਟ ਹਾਊਸ ਤੇ ਬੁਟੀਕ ਹੋਟਲ ਉਸਾਰੇ ਗਏ, ਜਿਸ ਦੇ ਬਾਅਦ ਸੁਖਬੀਰ ਬਾਦਲ ਵੱਲੋਂ ਮਈ 2016 ਵਿਚ ਅਰਬਨ ਹਾਟ ਦੀ ਰਸਮੀ ਸ਼ੁਰੂਆਤ ਕਰਦਿਆਂ ਇਸ ਵਿਚ 10 ਦਿਨਾ ਅੰਮ੍ਰਿਤਸਰੀ ਵਿਰਾਸਤੀ ਮੇਲਾ ਲਗਾਇਆ ਗਿਆ, ਜਿਸ ਵਿਚ ਸਥਾਨਕ ਨਾਗਰਿਕਾਂ ਤੇ ਸੈਲਾਨੀਆਂ ਵੱਲੋਂ ਕੋਈ ਵਿਸ਼ੇਸ਼ ਰੁਚੀ ਨਹੀਂ ਵਿਖਾਈ ਗਈ ਅਤੇ ਇਹ ਵਿਰਾਸਤੀ ਮੇਲਾ ਪੂਰੀ ਤਰ੍ਹਾਂ ਫਲਾਪ ਰਿਹਾ। ਅਰਬਨ ਹਾਟ ਵਿਚ ਲੋਕਾਂ ਦੀ ਰੁਚੀ ਨਾ ਬਣਦੀ ਵੇਖ ਖਾਣੇ ਦੇ ਸ਼ੌਕੀਨਾਂ ਨੂੰ ਅਰਬਨ ਹਾਟ ਵੱਲ ਆਕਰਸ਼ਿਤ ਕਰਨ ਦੇ ਇਰਾਦੇ ਨਾਲ ਪੁੱਡਾ ਵੱਲੋਂ ਉਪਰੋਕਤ ਇਮਾਰਤ ਵਿਚ ਇਕ-ਦੋ ਢਾਬੇ ਵਾਲਿਆਂ ਪਾਸੋਂ ਢਾਬੇ ਵੀ ਸ਼ੁਰੂ ਕਰਵਾਏ ਗਏ ਪਰ ਗਾਹਕਾਂ ਦੀ ਆਮਦ ਆਟੇ ਵਿਚ ਲੂਣ ਤੋਂ ਘੱਟ ਰਹਿਣ ਕਰਕੇ ਉਪਰੋਕਤ ਢਾਬੇ ਵੀ ਜਲਦੀ ਬੰਦ ਹੋ ਗਏ। ਸ਼ਹਿਰ ਦੇ ਸਭ ਤੋਂ ਰਾਇਲ ਮੰਨੇ ਜਾਂਦੇ ਇਲਾਕੇ ਕੰਵੀਜ਼ ਰੋਡ ਵਿਚ ਬੰਦ ਪਏ ਸੁਖਬੀਰ ਬਾਦਲ ਦੇ ਉਪਰੋਕਤ ਡਰੀਮ ਪ੍ਰਾਜੈਕਟ ਦੇ ਬੂਹੇ, ਬਾਰੀਆਂ ਤੇ ਦੀਵਾਰਾਂ ਰੱਖ-ਰਖਾਅ ਦੀ ਕਮੀ ਦੇ ਚਲਦਿਆਂ ਖ਼ਰਾਬ ਹੋ ਰਹੀਆਂ ਹਨ ਅਤੇ ਅੰਦਰ-ਬਾਹਰ ਜਗ੍ਹਾ-ਜਗ੍ਹਾ ਗੰਦਗੀ ਦੇ ਢੇਰ ਲੱਗੇ ਹੋਏ ਹਨ। ਪੰਜਾਬ ਅਰਬਨ ਪਲੈਨਿੰਗ ਐਂਡ ਡਿਵੈਲਪਮੈਂਟ ਅਥਾਰਟੀ ਦੇ ਅਧਿਕਾਰੀਆਂ ਅਨੁਸਾਰ ਅਰਬਨ ਹਾਟ ਨੂੰ ਮੁੜ ਤੋਂ ਸ਼ੁਰੂ ਕੀਤੇ ਜਾਣ ਦੀ ਯੋਜਨਾ ਬਣਾਈ ਜਾ ਰਹੀ ਹੈ ਅਤੇ ਜਲਦੀ ਇਸ ਨੂੰ ਨਵੇਂ ਢੰਗ ਨਾਲ ਸ਼ੁਰੂ ਕੀਤਾ ਜਾਵੇਗਾ।




## ਗੁਰਦੁਆਰਾ ਛੋਟਾ ਘੱਲੂਘਾਰਾ ਪ੍ਰਬੰਧਕ ਕਮੇਟੀ ਮੈਂਬਰ ਵੱਲੋਂ ਕੀਤੀ ਬਦਇਖ਼ਲਾਕੀ ਦਾ ਮੁੱਦਾ ਭਖਿਆ

**ਕਾਹਨੂੰਵਾਨ/ਬਿਊਰੋ ਨਿਊਜ਼ :**
ਗੁਰਦੁਆਰਾ ਛੋਟਾ ਘੱਲੂਘਾਰਾ ਵਿਖੇ ਬੀਤੇ ਦਿਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਵੱਲੋਂ ਕੀਤੀ ਬਦਇਖ਼ਲਾਕੀ ਦਾ ਮਾਮਲਾ ਹੋਰ ਗਰਮਾ ਗਿਆ ਹੈ। ਵਿਰੋਧੀ ਧਿਰ ਦੇ ਆਗੂਆਂ ਨੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਧਰਮ ਪ੍ਰਚਾਰ ਕਮੇਟੀ ਮੈਂਬਰ, ਪ੍ਰਚਾਰਕਾਂ ਅਤੇ ਇਲਾਕੇ ਦੀ ਸੰਗਤ ਦੀ ਹਾਜ਼ਰੀ ਵਿੱਚ ਗੁਰਦੁਆਰੇ ਦੇ ਦੀਵਾਨ ਹਾਲ ਵਿਖੇ ਸੰਗਤ ਦੀ ਹਾਜ਼ਰੀ ਵਿੱਚ ਲੜੀਵਾਰ ਅਖੰਡ ਪਾਠ ਅਰੰਭ ਕਰਵਾ ਦਿੱਤੇ ਜੋ ਅਗਲੇ ਐਤਵਾਰ 20 ਅਗਸਤ ਤੱਕ ਜਾਰੀ ਰਹਿਣਗੇ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੱਲੋਂ ਕੀਤੀ ਬਦ ਇਖ਼ਲਾਕੀ ਖ਼ਿਲਾਫ਼ ਦੀਵਾਨ ਹਾਲ ਵਿਖੇ ਵਿਰੋਧੀ ਧਿਰ ਦੇ



ਆਗੂ ਕੰਵਲਪ੍ਰੀਤ ਸਿੰਘ ਕਾਕੀ, ਸਰਪੰਚ ਸੁਖਦੇਵ ਸਿੰਘ ਛਿੱਛਰਾ, ਦਿਲਬਾਗ ਸਿੰਘ ਖ਼ਾਲਸਾ, ਕੁਲਦੀਪ ਸਿੰਘ ਘੋਨਾ, ਸਰਪੰਚ ਹਰਪ੍ਰੀਤ ਸਿੰਘ ਲਾਲ, ਬਲਵਿੰਦਰ ਸਿੰਘ ਕਾਹਨੂੰਵਾਨ ਨੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਇਕੱਠ ਕੀਤਾ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਅਤੇ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਦੇ ਜਥੇਦਾਰ ਪਾਸੋਂ ਪੁਰਜ਼ੋਰ ਮੰਗ ਕੀਤੀ ਕਿ ਗੁਰਦੁਆਰੇ ਹੋਈ ਘਟਨਾ ਦੀ ਬਰੀਕੀ ਨਾਲ ਜਾਂਚ ਕਰ ਕੇ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾਵੇ ਅਤੇ ਮੌਜੂਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਭੰਗ ਕਰ ਕੇ ਨਵੀਂ ਕਮੇਟੀ ਦਾ ਗਠਨ ਕੀਤਾ ਜਾਵੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਜਥੇਦਾਰ ਰਤਨ ਸਿੰਘ ਜ਼ਫਰਵਾਲ ਨੇ ਕਿਹਾ ਕਿ ਇਸ

**ਬਾਕੀ ਸਫ਼ਾ 32 'ਤੇ**

## ਸਿੱਖ ਕਤਲੇਆਮ ਦੀ ਜਾਂਚ ਲਈ ਕਾਇਮ ਸਿੱਟ ਦਾ ਚੇਅਰਮੈਨ ਤਲਬ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਦੀ ਇਕ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਦੀ ਮੁੜ ਤੋਂ ਜਾਂਚ ਕਰਨ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਸਿਟ) ਦੇ ਚੇਅਰਮੈਨ ਅਨੁਰਾਗ ਨੂੰ ਤਲਬ ਕਰਕੇ ਇਹ ਸਫ਼ਾਈ ਦੇਣ ਲਈ ਕਿਹਾ ਹੈ ਕਿ ਉਨ੍ਹਾਂ ਇਕ ਕੇਸ ਦੀ ਅੱਗੇ ਜਾਂਚ ਕਿਵੇਂ ਆਰੰਭੀ ਜਦਕਿ ਉਨ੍ਹਾਂ ਨੂੰ ਸਿਰਫ਼ ਤੱਥਾਂ ਦੀ ਘੋਖ ਕਰਨ ਲਈ ਕਿਹਾ ਗਿਆ ਸੀ। ਵਧੀਕ ਚੀਫ਼ ਮੈਟਰੋਪੌਲਿਟਨ ਮੈਜਿਸਟਰੇਟ ਅਜੇ ਸਿੰਘ ਸ਼ੇਖਾਵਤ ਨੇ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਦੇ ਚੇਅਰਮੈਨ ਵੱਲੋਂ ਦਾਖ਼ਲ ਜਵਾਬ ਸੰਤੁਸ਼ਟ ਕਰਨ ਵਾਲਾ ਨਹੀਂ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 13 ਸਤੰਬਰ ਨੂੰ ਹੋਵੇਗੀ। ਸਿਟ ਦੇ ਚੇਅਰਮੈਨ ਆਈਪੀਐਸ ਅਧਿਕਾਰੀ ਅਨੁਰਾਗ ਹਨ ਅਤੇ ਰਾਕੇਸ਼ ਕਪੂਰ (ਸੇਵਾਮੁਕਤ ਜ਼ਿਲ੍ਹਾ ਜੱਜ) ਅਤੇ ਕੁਮਾਰ ਗਿਆਨੇਸ਼ (ਵਧੀਕ ਡੀਸੀਪੀ) ਇਸ ਦੇ ਮੈਂਬਰ ਹਨ। ਅਦਾਲਤ ਵੱਲੋਂ ਇਹ ਹੁਕਮ 1984 ਦੇ ਸਿੱਖ ਕਤਲੇਆਮ ਦੇ ਕੇਸ ਵਿਚ ਸੁਣਾਇਆ ਗਿਆ ਹੈ ਜਿਸ ਤਹਿਤ ਸਿਟ ਨੇ ਮਾਮਲਾ ਬੰਦ ਕਰਨ ਦੀ ਰਿਪੋਰਟ ਇਸ ਆਧਾਰ ’ਤੇ ਦਿੱਤੀ ਸੀ ਕਿ ਜਾਂਚ ਦੌਰਾਨ ਕਿਸੇ ਵੀ ਵਿਅਕਤੀ ਖ਼ਿਲਾਫ਼ ਕੋਈ ਪੁਖ਼ਤਾ ਸਬੂਤ ਨਹੀਂ ਮਿਲਿਆ। ਇਹ ਕੇਸ 3 ਨਵੰਬਰ 1984 ਦਾ ਹੈ ਜਦੋਂ 300 ਤੋਂ 400 ਦੰਗਾਈਆਂ ਨੇ ਪੱਛਮੀ ਦਿੱਲੀ ਦੇ ਆਨੰਦ ਪਰਬਤ ਫੈਕਟਰੀ ਏਰੀਆ ਵਿਚ 50 ਵਰ੍ਹਿਆਂ ਦੇ ਸਿੱਖ ’ਤੇ ਪਥਰਾਅ ਕੀਤਾ ਸੀ। ਹਮਲੇ ਮਗਰੋਂ ਪੀੜਤ ਅਜੈਬ ਸਿੰਘ ਡਿੱਗ ਗਿਆ ਸੀ ਅਤੇ ਇਕ ਪੁਲੀਸ ਵਾਲੇ ਨੇ ਆਪਣਾ ਰਿਵਾਲਵਰ ਕੱਢ ਕੇ ਹਵਾ ਵਿਚ ਗੋਲੀਆਂ ਦਾਗੀਆਂ ਅਤੇ ਭੀੜ ਨੂੰ ਖਿੰਡਾ ਦਿੱਤਾ। ਜ਼ਖ਼ਮੀ ਹੋਏ ਅਜੈਬ ਸਿੰਘ ਨੂੰ ਜਦੋਂ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਸੀ। ਪਟੇਲ ਨਗਰ ਪੁਲੀਸ ਸਟੇਸ਼ਨ ਵਿਚ ਇਸ ਸਬੰਧੀ ਕੇਸ ਦਰਜ ਹੈ। ਦੰਗਾਈਆਂ ਵਿਚੋਂ ਕਿਸੇ ਦੀ ਪਛਾਣ ਨਹੀਂ ਹੋ ਸਕੀ ਸੀ ਅਤੇ ਇਸ ਦੀ ਰਿਪੋਰਟ ਵਿਚ ਅਦਾਲਤ ਵਿਚ ਦਾਖ਼ਲ ਕੀਤੀ ਗਈ ਸੀ।

## ‘ਪੰਜਾਬੀਆਂ ਦੇ ਦਿਲਾਂ ਵਿੱਚ ਸਾਕਾ ਨੀਲਾ ਤਾਰਾ ਦੇ ਜ਼ਖ਼ਮ ਹਾਲੇ ਵੀ ਅੱਲ੍ਹੇ’

### *ਖਾਲਿਸਤਾਨੀ ਲਹਿਰ ਨਾਕਾਰ ਚੁੱਕੇ ਹਨ ਕੈਨੇਡੀਅਨ ਪੰਜਾਬੀ: ਰਚਨਾ ਸਿੰਘ*

**ਜਲੰਧਰ/ਬਿਊਰੋ ਨਿਊਜ਼ :**
ਪੰਜਾਬ ਦੌਰੇ ’ਤੇ ਆਈ ਬ੍ਰਿਟਿਸ਼ ਕੋਲੰਬੀਆ ਦੇ ਰਚਨਾ ਸਿੰਘ ਹੈ ਕਿ ਕੈਨੇਡਾ ਦੇ ਪੰਜਾਬੀ ਖਾਲਿਸਤਾਨ ਦੀ ਲਹਿਰ ਨੂੰ ਨਾਕਾਰ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬੀਆਂ ਦੇ ਦਿਲਾਂ ਵਿੱਚ ਸਾਕਾ ਨੀਲਾ ਤਾਰਾ ਦੇ ਜ਼ਖ਼ਮ ਹਾਲੇ ਵੀ ਅੱਲ੍ਹੇ ਹਨ ਪਰ ਉਸ ਨੂੰ ਖਾਲਿਸਤਾਨ ਨਾਲ ਨਹੀਂ ਜੋੜਿਆ ਜਾ ਸਕਦਾ।

ਰਚਨਾ ਸਿੰਘ ਨੇ ਕਿਹਾ ਕਿ ਜਦੋਂ 2001 ਵਿੱਚ ਉਹ ਕੈਨੇਡਾ ਗਈ ਸੀ ਤਾਂ ਉਸ ਨੂੰ ਲੱਗਦਾ ਸੀ ਕਿ ਉੱਥੇ ਖਾਲਿਸਤਾਨ ਪੱਖੀ ਕੁਝ ਲੋਕ ਵਸਦੇ ਹਨ ਪਰ ਹੁਣ ਅਜਿਹਾ ਕੁਝ ਨਹੀਂ ਹੈ। ਸਰੀ ਦੀ ਸਿੱਖ ਪਰੇਡ ਬਾਰੇ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਨਗਰ ਕੀਰਤਨ ਹਰ ਸਾਲ ਕੱਢਿਆ ਜਾਂਦਾ ਹੈ ਅਤੇ ਉਹ ਵੀ ਮੁੱਖ ਸਟੇਜ ’ਤੇ ਮੌਜੂਦ ਸਨ ਪਰ ਉੱਥੇ ਖਾਲਿਸਤਾਨ ਪੱਖੀ ਕੋਈ ਗੱਲ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਕੈਨੇਡਾ ਵਿੱਚ ਉਨ੍ਹਾਂ ਨੂੰ ਖਾਲਿਸਤਾਨ ਪੱਖੀ ਕੋਈ ਲਹਿਰ ਦਿਖਾਈ ਨਹੀਂ ਦੇ ਰਹੀ ਹੈ, ਜੋ ਲਹਿਰ ਅੱਸੀਵਿਆਂ ਵਿੱਚ ਚੱਲੀ ਸੀ, ਉਸ ਨੂੰ ਲੋਕ ਨਕਾਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੁਝ ਗੁਰਦੁਆਰਿਆਂ ਵਿੱਚ ਗਰਮ ਖਿਆਲੀਆਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ, ਹੁਣ ਉਨ੍ਹਾਂ ਨੂੰ ਵੀ



ਉਤਾਰਿਆ ਜਾ ਚੁੱਕਾ। ਰਚਨਾ ਸਿੰਘ ਨੇ ਕਿਹਾ ਕਿ 1984 ਵਿੱਚ ਵਾਪਰੇ ਘਟਨਾਕ੍ਰਮ ਬਾਰੇ ਪੰਜਾਬੀਆਂ ਦੇ ਦਿਲਾਂ ਨੂੰ ਭਾਰੀ ਠੇਸ ਪਹੁੰਚੀ ਸੀ ਅਤੇ ਜੋ ਮਨੁੱਖੀ ਅਧਿਕਾਰ ਦਾ ਘਾਣ ਹੋਇਆ ਸੀ, ਉਸ ਦੀ ਕਸਕ ਹਾਲੇ ਵੀ ਪੰਜਾਬੀਆਂ ਦੇ ਦਿਲਾਂ ਵਿੱਚ ਹੈ। ਉਨ੍ਹਾਂ ਕਿਹਾ ਕਿ ਇਨਸਾਫ਼ ਨਾ ਮਿਲਣ ਦੀ ਇਸ ਨਿਰਾਸ਼ਾ ਨੂੰ ਖਾਲਿਸਤਾਨ ਨਾਲ ਨਹੀਂ ਜੋੜਿਆ ਜਾ ਸਕਦਾ ਹੈ। ਰਚਨਾ ਸਿੰਘ ਨੇ ਦੱਸਿਆ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਨਵੀਂ ਬਣੀ ਸਰਕਾਰ ਦੇ ਸਨਅਤ ਮੰਤਰੀ ਵੀ ਜਲਦੀ ਭਾਰਤ ਦੌਰੇ ’ਤੇ ਆਉਣਗੇ।

### ‘ਮੋਦੀ ਧਰਮ ਨਿਰਪੱਖਤਾ ਦੇ ਏਜੰਡੇ ਉਤੇ ਪਹਿਰਾ ਦੇਣ’

ਰਚਨਾ ਸਿੰਘ ਨੇ ਕਿਹਾ ਕਿ ਦੁਨੀਆ ਭਰ ਵਿੱਚ ਨਸਲੀ ਨਫ਼ਰਤ ਵਧਣ ਦੇ ਨਾਲ ਨਾਲ ਭਾਰਤ ਵਿਚ ਨਸਲੀ ਹਿੰਸਾ ਵਿੱਚ ਵਾਧਾ ਹੋ ਰਿਹਾ ਹੈ। ਰਚਨਾ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਜ਼ਬੂਤ ਨੇਤਾ ਹੋਣ ਨਾਤੇ ਭਾਰਤ ਦੇ ਧਰਮ ਨਿਰਪੱਖਤਾ ਦੇ ਏਜੰਡੇ ’ਤੇ ਸਖ਼ਤੀ ਨਾਲ ਪਹਿਰਾ ਦੇਣਾ ਚਾਹੀਦਾ ਹੈ। ਰਚਨਾ ਸਿੰਘ ਨੇ ਕਿਹਾ ਕਿ ਟਰੰਪ ਦੇ ਅਮਰੀਕਾ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਨਸਲੀ ਹਿੰਸਾ ਵਧੀ ਹੈ, ਜਿਸ ਦਾ ਕੁਝ ਅਸਰ ਕੈਨੇਡਾ ਦੇ ਨਾਲ ਨਾਲ ਪੂਰੀ ਦੁਨੀਆ ’ਤੇ ਹੋ ਰਿਹਾ ਹੈ ਅਤੇ ਇਸ ਨਾਲ ਨਜਿੱਠਣਾ ਵੱਡੀ ਚੁਣੌਤੀ ਹੈ।

## ਸਿ.ਫਤੀ ਦੇ ਘਰ ’ਚ ਸ਼ਰਧਾਲੂਆਂ ਨੂੰ ਓਟ ਦੇਣ ਵਿਚ ਅਸ.ਫਲ ਸਿੱਧ ਹੋ ਰਹੀ ਹੈ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ-ਇਸ਼ਨਾਨ ਕਰਨ ਆਉਂਦੀਆਂ ਸੰਗਤਾਂ ਦੀ ਦਿਨੋ-ਦਿਨ ਵਧ ਰਹੀ ਆਮਦ ਦੇ ਮੁਤਾਬਕ ਸ਼੍ਰੋਮਣੀ ਕਮੇਟੀ ਉਨ੍ਹਾਂ ਦੀ ਰਿਹਾਇਸ਼ ਲਈ ਪ੍ਰਬੰਧ ਕਰਨ ਵਿਚ ਅਸ.ਫਲ ਸਿੱਧ ਹੋ ਰਹੀ ਹੈ। ਸੰਗਤਾਂ ਦੀ ਰਿਹਾਇਸ਼ ਲਈ ਬਣੀਆਂ ਸਰਾਵਾਂ ਤੇ ਨਿਵਾਸਾਂ ਵਿਚ ਕਮਰਿਆਂ ਦੀ ਘਾਟ ਤੇ ਸ਼੍ਰੋਮਣੀ ਕਮੇਟੀ ਵੱਲੋਂ ਸਰਾਵਾਂ ਦੇ ਪ੍ਰਬੰਧ ਲਈ ਤਾਇਨਾਤ ਕੁਝ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਸ਼ਰਧਾਲੂਆਂ ਨਾਲ ਕੀਤੇ ਜਾਂਦੇ ਮਾੜੇ ਵਤੀਰੇ ਕਾਰਨ ਸ਼ਰਧਾ ਸਹਿਤ ਗੁਰੂ ਦਰ ਵਿਖੇ ਨਤਮਸਤਕ ਹੋਣ ਪੁੱਜੇ ਸ਼ਰਧਾਲੂ ਪਰਿਵਾਰਾਂ ਨੂੰ ਖੱਜਲ-ਖੁਆਰ ਹੋਣ ਬਾਅਦ ਮਜਬੂਰਨ ਜਾਂ ਤਾਂ ਨਜ਼ਦੀਕੀ ਹੋਟਲਾਂ ਵਿਚ ਕਮਰੇ ਕਿਰਾਏ ’ਤੇ ਲੈਣੇ ਪੈਂਦੇ ਹਨ ਜਾਂ ਫਿਰ ਗਰਮੀ ਸਰਦੀ ਦੇ ਮੌਸਮ ਵਿਚ ਰਾਤ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ, ਸਰਾਵਾਂ ਦੇ ਬਾਹਰ ਬਣੇ ਵਰਾਂਡਿਆਂ, ਮੰਜੀ ਸਾਹਿਬ ਦੀਵਾਨ ਹਾਲ ਦੇ ਬਾਹਰ ਜਾਂ ਫ਼ਿਰ ਨਵੇਂ ਬਣੇ ਘੰਟਾ ਘਰ ਪਲਾਜ਼ਾ ਦੇ ਉੱਪਰ ਖੁੱਲ੍ਹੇ ਅਸਮਾਨ ਹੇਠ ਰਾਤ ਕੱਟਣੀ ਪੈਂਦੀ ਹੈ। ਅਜਿਹੇ ਵਿਚ ਸ਼ਰਧਾਲੂਆਂ ਦੀਆਂ ਜੇਬਾਂ ਕੱਟੇ ਜਾਣ ਜਾਂ ਕੀਮਤੀ ਸਾਮਾਨ ਚੋਰੀ ਹੋਣ ਵਰਗੀਆਂ ਕਈ ਘਟਨਾਵਾਂ ਦਾ ਵੀ ਸ਼ਿਕਾਰ ਹੋਣਾ ਪੈ ਰਿਹਾ ਹੈ। ਇਥੇ ਜ਼ਿਕਰਯੋਗ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁਰਾਣੇ ਸਮਿਆਂ ਤੋਂ ਹੀ ਦੂਰੋਂ-ਨੇੜਿਓਂ ਦਰਸ਼ਨਾਂ ਲਈ ਪੁੱਜਦੀਆਂ ਸੰਗਤਾਂ ਦੀ ਰਿਹਾਇਸ਼ ਲਈ ਜਿੱਥੇ ਪੁਰਾਣੇ ਸਮਿਆਂ ਵਿਚ ਪ੍ਰਕਰਮਾ ਵਿਚ ਸਥਿਤ ਬੁੰਗੇ ਇਹ ਸੇਵਾਵਾਂ ਨਿਭਾਉਂਦੇ ਸਨ, ਉੱਥੇ ਸ਼੍ਰੋਮਣੀ ਕਮੇਟੀ ਵੱਲੋਂ ਵੀ 228 ਕਮਰਿਆਂ ਵਾਲੀ ਸ੍ਰੀ ਗੁਰੂ ਰਾਮਦਾਸ ਸਰਾਂ ਤਿਆਰ ਕਰਵਾਈ ਗਈ ਸੀ, ਜਿੱਥੇ ਬਾਹਰੋਂ ਆਏ ਸ਼ਰਧਾਲੂਆਂ ਨੂੰ ਕੁਝ ਦਿਨਾਂ ਲਈ ਮੁਫ਼ਤ ਰਿਹਾਇਸ਼ ਦਿੱਤੀ ਜਾਂਦੀ ਸੀ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਤੇ ਇਸ ਦੇ ਆਸ-ਪਾਸ ਸਮੇਂ ਸਮੇਂ ਹੋਰ ਸਰਾਵਾਂ ਤੇ ਨਿਵਾਸਾਂ ਦੀ ਉਸਾਰੀ ਕਰਵਾਈ ਗਈ। ਇਸ ਵੇਲੇ ਸ਼੍ਰੋਮਣੀ ਕਮੇਟੀ ਪ੍ਰਬੰਧ ਅਧੀਨ ਚੱਲ ਰਹੀਆਂ 9 ਦੇ ਕਰੀਬ ਯਾਤਰੀ ਸਰਾਵਾਂ ਵਿਚ 900 ਦੇ ਕਰੀਬ ਕਮਰੇ ਹਨ। ਪਿਛਲੇ ਦੋ ਢਾਈ ਦਹਾਕਿਆਂ ਤੋਂ ਸੰਗਤ ਦੀ ਆਮਦ ਪਹਿਲਾਂ ਨਾਲੋਂ ਕਈ ਸੌ ਗੁਣਾਂ ਵਧ ਗਈ ਹੈ ਪਰ ਇਸ ਸਭ ਕੁਝ ਨੂੰ ਜਾਣਦਿਆਂ ਹੋਇਆਂ ਵੀ ਸ਼੍ਰੋਮਣੀ ਕਮੇਟੀ ਵੱਲੋਂ ਹੋਰ ਨਵੀਆਂ ਸਰਾਵਾਂ ਦਾ ਨਿਰਮਾਣ ਕਰਾਉਣ ਪ੍ਰਤੀ ਅੱਖਾਂ ਮੀਟੀਆਂ ਹੋਈਆਂ ਹਨ। ਅਨੁਮਾਨ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਮ ਦਿਨਾਂ ਵਿਚ 1 ਲੱਖ ਦੇ ਕਰੀਬ ਤੇ ਸਨਿਚਰਵਾਰ, ਐਤਵਾਰ ਤੇ ਹੋਰ ਛੁੱਟੀਆਂ ਦੇ ਦਿਨਾਂ ਵਿਚ ਅਤੇ ਗੁਰਪੁਰਬਾਂ ਮੌਕੇ ਪੰਜਾਬ ਸਮੇਤ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਤੋਂ ਇਲਾਵਾ ਵਿਦੇਸ਼ਾਂ ਤੋਂ ਲਗਭਗ 3 ਲੱਖ ਸ਼ਰਧਾਲੂ ਇਥੇ ਰੋਜ਼ਾਨਾ ਇੱਥੇ ਪੁੱਜਦੇ ਹਨ। ਸ਼ਰਧਾਲੂਆਂ ਦੀ ਇੰਨੀ ਵੱਡੀ ਗਿਣਤੀ ਵਿਚ ਆਮਦ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਉਨ੍ਹਾਂ ਦੀ ਯੋਗ ਰਿਹਾਇਸ਼ ਦੇ ਪ੍ਰਬੰਧ ਕਰਨ ਵਿਚ ਪੂਰੀ ਤਰ੍ਹਾਂ ਅਸ.ਫਲ ਰਹੇ ਹਨ ਅਤੇ ਕਦੀ ਵੀ ਸ਼ਰਧਾਲੂਆਂ ਲਈ ਆਮਦ ਅਨੁਸਾਰ ਵਿਸ਼ੇਸ਼ ਜਾਂ ਆਰਜ਼ੀ ਰਿਹਾਇਸ਼ ਲਈ ਪ੍ਰਬੰਧ ਕਰਨ ਦੀ ਖੇਚਲ ਨਹੀਂ ਕੀਤੀ। ਕਿਹਾ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਹੋਰ ਉੱਚ ਅਧਿਕਾਰੀਆਂ ਦੀਆਂ ਸਿਫ਼ਾਰਸ਼ਾਂ ਵਾਲਿਆਂ ਨੂੰ ਝੱਟ ਕਮਰਿਆਂ ਦੀਆਂ ਚਾਬੀਆਂ ਹੱਥ ਫੜਾ ਦਿੱਤੀਆਂ ਜਾਂਦੀਆਂ ਹਨ ਪਰ ਆਮ ਯਾਤਰੀਆਂ ਨੂੰ ਤਾਇਨਾਤ ਅਮਲੇ ਵਲੋਂ ਜਾਣਬੁਝ ਕੇ ਖੱਜਲ-ਖੁਆਰ ਕੀਤਾ ਜਾਂਦਾ ਹੈ, ਜਿਸ ਕਾਰਨ ਉਥੇ ਬੁਕਿੰਗ ਕੇਂਦਰਾਂ ਦੇ ਆਸ-ਪਾਸ ਹੀ ਫ਼ਿਰ ਰਹੇ ਪ੍ਰਾਈਵੇਟ ਹੋਟਲਾਂ ਤੇ ਗੈਸਟ ਹਾਊਸਾਂ ਦੇ ਏਜੰਟ ਉਨ੍ਹਾਂ ਨੂੰ ਮਹਿੰਗੇ ਮੁੱਲ ਆਪਣੇ ਕਮਰੇ ਦਿਵਾਉਣ ਲਈ ਲੈ ਜਾਂਦੇ ਹਨ। ਕਮਰੇ ਲੈਣ ਲਈ ਤਰਲੇ ਮਾਰਨ ਵਾਲੇ ਸ਼ਰਧਾਲੂਆਂ ਦਾ ਦੋਸ਼ ਲਾਇਆ ਕਿ ਸਿਫਾਰਸ਼ਾਂ ਵਾਲਿਆਂ ਨੂੰ ਤਾਂ ਉਸੇ ਵੇਲੇ ਮੂੰਹ ਮੰਗੇ ਕਮਰੇ ਦੇ ਦਿੱਤੇ ਜਾਂਦੇ ਹਨ ਪਰ ਬਾਕੀ ਸੰਗਤ ਨੂੰ ਕਮਰੇ ਖਾਲੀ ਹੋਣ ਦੇ ਬਾਵਜੂਦ ਨਾਂਹ ਕਰ ਦਿੱਤੀ ਜਾਂਦੀ ਹੈ।



**ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨਾਂ ਲਈ ਆਏ ਸ਼ਰਧਾਲੂ ਸਰਾਵਾਂ ਵਿਚ ਕਮਰੇ ਨਾ ਮਿਲਣ ਕਾਰਨ ਰਾਤ ਸਮੇਂ ਘੰਟਾ ਘਰ ਪਲਾਜ਼ਾ ’ਚ ਆਰਾਮ ਕਰਦੇ ਹੋਏ।**


CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ ‘Jus Punjabi TV’ ਉੱਤੇ ਹਰ ਐਤਵਾਰ 4:00 ਵਜੇ ਅਤੇ ‘ਰੇਡੀਓ 1170AM’ ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

ਅੰਮ੍ਰਿਤਸਰ ਟਾਈਮਜ਼
AMRITSAR TIMES
16 ਅਗਸਤ 2017 ਤੋਂ 22 ਅਗਸਤ 2017

# ਬੇਸ਼ਰਮ ਸਿਆਸਤ, .ਗੁਲਾਮ ਆਜ਼ਾਦੀ

## ਗੋਰਖਪੁਰ 'ਚ ਬੱਚਿਆਂ ਦੀ ਮੌਤ ਕੁਦਰਤੀ ਨਹੀਂ, ਹਕੂਮਤਾਂ ਦੀ ਲਾਪ੍ਰਵਾਹੀ

ਭਾਰਤ ਆਪਣਾ 70ਵਾਂ ਆਜ਼ਾਦੀ ਵਰ੍ਹਾ ਮਨਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰ ਸਕੂਲ-ਕਾਲਜ, ਹਰ ਅਦਾਰੇ ਵਿਚ ਇਸ ਵਾਰ ਜੋਸ਼-ਖਰੋਸ਼ ਨਾਲ ਆਜ਼ਾਦੀ ਮਨਾਉਣ ਦੇ ਫਰਮਾਨ ਜਾਰੀ ਕੀਤੇ ਸਨ। ਉਨ੍ਹਾਂ ਦੇ ਪਰਮ ਮਿੱਤਰ ਤੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ ਤਾਂ ਮਦਰੱਸਿਆਂ ਤਕ ਨੂੰ ਹੁਕਮ ਦਿੱਤੇ ਕਿ ਰਾਸ਼ਟਰੀ ਗੀਤ ਨਾਲ ਤਿਰੰਗਾ ਲਹਿਰਾਇਆ ਜਾਵੇ। ਜਿਸ ਕਿਸੇ ਨੇ ਅਜਿਹਾ ਨਾ ਕੀਤਾ ਤਾਂ ਉਹ ਸਜ਼ਾ ਲਈ ਤਿਆਰ ਰਵ੍ਹੇ। ਇਸੇ ਦਿਨ ਆਈ ਜਨਮ ਅਸ਼ਟਮੀ ਨੂੰ ਵੀ ਉਨ੍ਹਾਂ ਪੂਰੇ ਜ਼ੋਰ-ਸ਼ੋਰ ਨਾਲ ਮਨਾਉਣ ਦੀ ਤਾਕੀਦ ਕੀਤੀ। ਆਜ਼ਾਦੀ ਦਿਹਾੜਾ ਤਾਂ ਹਰ ਵਰ੍ਹੇ ਆਉਂਦਾ ਹੈ ਪਰ ਇਸ ਵਾਰ ਅਜਿਹਾ ਕੀ ਖ਼ਾਸ ਸੀ? ਕੀ ਹਕੂਮਤੀ ਜਸ਼ਨਾਂ ਨਾਲ ਅਣਆਈਆਂ ਮੌਤਾਂ 'ਤੇ ਪਰਦਾ ਪਾਉਣ ਦਾ ਇਹ ਢਕਵੰਜ ਸੀ? ਗੋਰਿਆਂ ਤੋਂ ਆਜ਼ਾਦੀ ਇਸ ਲਈ ਨਹੀਂ ਮੰਗੀ ਗਈ ਸੀ ਕਿ ਉਹ ਭਾਰਤ ਦੀਆਂ ਖ਼ੂਬਸੂਰਤ ਇਮਾਰਤਾਂ ਛੱਡ ਕੇ ਚਲੇ ਜਾਣ। ਆਜ਼ਾਦੀ ਆਪਣੇ ਹੱਕ-ਹਕੂਕਾਂ ਦੀ ਸੀ, ਆਜ਼ਾਦੀ ਸਰੀਰਕ ਤੇ ਮਾਨਸਿਕ ਗੁਲਾਮੀ ਦੀਆਂ ਜੰਜੀਰਾਂ ਤੋੜਨ ਲਈ ਸੀ। ਪਰ ਮੁਲਕ ਆਜ਼ਾਦ ਹੁੰਦਿਆਂ ਹੀ ਬੇਸ਼ਰਮ ਸਿਆਸਤਦਾਨਾਂ ਨੇ ਲੋਕਾਂ ਨੂੰ ਭ੍ਰਿਸ਼ਟਾਚਾਰ, ਗਰੀਬੀ, ਲਾਚਾਰੀ, ਅਨਪੜ੍ਹਤਾ ਦਾ ਗ਼ੁਲਾਮ ਬਣਾ ਦਿੱਤਾ। ਜਦੋਂ ਮੋਦੀ-ਯੋਗੀ ਨੇ ਇਹ ਹੁਕਮ ਫ਼ਰਮਾਏ ਤਾਂ ਦੋ ਦਿਨ ਪਹਿਲਾਂ ਗੋਰਖਪੁਰ ਦੇ ਸਰਕਾਰੀ ਹਸਪਤਾਲ ਵਿਚ 60 ਤੋਂ ਵੱਧ 'ਬਾਲ ਕ੍ਰਿਸ਼ਨ' ਦਮ ਤੋੜ ਗਏ। ਇਨ੍ਹਾਂ ਬੱਚਿਆਂ ਦੀ ਮੌਤ ਸਿਰਫ਼ ਇਸ ਲਈ ਹੋ ਗਈ ਕਿਉਂਕਿ ਉਨ੍ਹਾਂ ਨੂੰ ਆਕਸੀਜਨ ਨਹੀਂ ਮਿਲੀ। ਆਕਸੀਜਨ ਸਪਲਾਈ ਕਰਨ ਵਾਲੀ ਕੰਪਨੀ ਪੁਸ਼ਪਾ ਸੇਲਜ਼ ਦੀ 7 ਮਹੀਨੇ ਤੋਂ ਜ਼ਿਆਦਾ ਵਕਤ ਤੋਂ ਅਦਾਇਗੀ ਬਕਾਇਆ ਸੀ। ਇਸ ਕੰਪਨੀ ਨੇ 7 ਮਹੀਨੇ ਵਿਚ 7 ਵਾਰ ਯਾਦ ਪੱਤਰ ਭੇਜੇ ਤੇ ਆਖ਼ਰਕਾਰ ਆਕਸੀਜਨ ਦੀ ਸਪਲਾਈ ਰੋਕ ਦਿੱਤੀ। ਪਰ ਕੀ ਇਸ ਤਰਾਸਦੀ ਲਈ ਸਿਰਫ਼ ਇਹ ਕੰਪਨੀ ਜ਼ਿੰਮੇਵਾਰ ਹੈ? ਇਸ ਕੰਪਨੀ ਦਾ 2.5 ਅਰਬ ਰੁਪਏ ਦਾ ਟਰਨ ਓਵਰ ਦੱਸਿਆ ਜਾ ਰਿਹਾ ਹੈ ਪਰ ਉਸ ਨੇ ਮਹਿਜ਼ 69 ਲੱਖ ਦਾ ਬਕਾਇਆ ਨਾ ਮਿਲਣ ਕਾਰਨ ਸਪਲਾਈ ਰੋਕ ਦਿੱਤੀ। ਇਸ ਤੋਂ ਬਾਅਦ ਯੋਗੀ ਸਰਕਾਰ ਨੂੰ ਬਚਾਉਣ ਲਈ ਪੂਰੀ ਦੌੜ ਲੱਗੀ। ਭਾਰਤੀ ਜਨਤਾ ਪਾਰਟੀ ਦੇ ਮੁਖੀ ਅਮਿਤ ਸ਼ਾਹ ਨੇ ਕਿਹਾ, 'ਇਹ ਕੋਈ ਪਹਿਲੀ ਵਾਰ ਨਹੀਂ ਹੋਇਆ। ਕਾਂਗਰਸ ਸਰਕਾਰ ਵੇਲੇ ਵੀ ਅਜਿਹਾ ਕੁਝ ਹੁੰਦਾ ਰਿਹਾ ਹੈ। ਯੋਗੀ ਅਦਿਤਿਆਨਾਥ ਨੇ ਤਾਂ ਇਹੀ ਕਿਹਾ ਹੈ ਕਿ ਜਨਮ ਅਸ਼ਟਮੀ ਧੂਮ-ਧਾਮ ਨਾਲ ਮਨਾਓ, ਇਹ ਤਾਂ ਨਹੀਂ ਕਿਹਾ ਕਿ ਬੱਚੇ ਮਰ ਗਏ ਹਨ, ਇਸ ਲਈ ਧੂਮ-ਧਾਮ ਨਾਲ ਮਨਾਓ। ਬੱਚਿਆਂ ਦੀ ਮੌਤ ਦਾ ਦੁੱਖ ਹੈ ਪਰ ਜਨਮ ਅਸ਼ਟਮੀ ਆਪਣੀ ਥਾਂ ਹੈ। ਕੋਈ ਆਪਣੇ ਘਰ ਵਿਚ ਉਤਸਵ ਮਨਾਏ ਤਾਂ ਸਰਕਾਰ ਕੀ ਕਰ ਸਕਦੀ ਹੈ। ਅਸੀਂ ਕਾਂਗਰਸ ਦੀ ਤਰ੍ਹਾਂ ਬਿਨਾਂ ਸੋਚੇ ਸਮਝੇ ਕਿਸੇ 'ਤੇ ਗ਼ਲਤੀ ਨਹੀਂ ਥੋਪ ਸਕਦੇ।' ਹਾਂ, ਮੋਦੀ ਸਰਕਾਰ ਲੋਕਾਂ ਦੀ ਰਸੋਈ ਵਿਚ ਚੁੱਲ੍ਹਿਆਂ 'ਤੇ ਪਏ ਭਾਂਡਿਆਂ ਅੰਦਰ ਤਕ ਝਾਕ ਸਕਦੀ ਹੈ ਕਿ ਇਹ ਕੀ ਖਾ ਰਹੇ ਹਨ। ਉਤਰ ਪ੍ਰਦੇਸ਼ ਦੇ ਸਿਹਤ ਮੰਤਰੀ ਦੇ ਬਿਆਨ ਵੀ ਸੁਣੋ- 'ਅਗਸਤ ਵਿਚ ਤਾਂ ਬੱਚੇ ਮਰਦੇ ਹੀ ਹਨ।' ਉਨ੍ਹਾਂ ਦਾ ਕਹਿਣਾ ਹੈ ਕਿ ਬੱਚਿਆਂ ਦੀ ਮੌਤ ਆਕਸੀਜਨ ਦੀ ਸਪਲਾਈ ਰੁਕਣ ਨਾਲ ਨਹੀਂ, ਬਲਕਿ ਐਂਸੇਫੇਲਾਈਟਸ (ਦਿਮਾ.ਗੀ ਬੁਖ਼ਾਰ) ਬਿਮਾਰੀ ਕਾਰਨ ਹੋਈ ਹੈ। ਗੋਰਖਪੁਰ ਦੇ ਬਾਬਾ ਰਾਘਵ ਦਾਸ ਮੈਡੀਕਲ ਕਾਲਜ ਵਿਚ ਮੌਨਸੂਨ ਦੇ ਸਮੇਂ 4 ਦਹਾਕਿਆਂ ਤੋਂ ਇਹ ਬਿਮਾਰੀ ਦੈਂਤ ਬਣ ਕੇ ਹਰ ਸਾਲ ਸੈਂਕੜੇ ਬੱਚਿਆਂ ਦੀ ਜਾਨ ਲੈ ਲੈਂਦੀ ਹੈ ਤੇ ਹਜ਼ਾਰਾਂ ਬੱਚਿਆਂ ਨੂੰ ਜ਼ਿੰਦਗੀ ਭਰ ਲਈ ਅਪਾਹਜ ਬਣਾ ਦਿੰਦੀ ਹੈ। ਇਸ ਬਿਮਾਰੀ ਦਾ ਮੁੱਖ ਕਾਰਨ ਦੂਸ਼ਤ ਖਾਣਾ ਤੇ ਪਾਣੀ ਦੇ ਨਾਲ ਨਾਲ ਮੱਛਰ ਦਾ ਕੱਟਣਾ ਹੈ। ਪਰ ਇਸ ਵਾਰ ਮਹਾਮਾਰੀ ਦੇ ਨਾਲ ਨਾਲ ਮੈਡੀਕਲ ਕਾਲਜ ਪ੍ਰਸ਼ਾਸਨ ਤੇ ਯੋਗੀ ਸਰਕਾਰ ਦੀ ਲਾਪ੍ਰਵਾਹੀ ਨੇ ਇਸ ਮੈਡੀਕਲ ਕਾਲਜ ਨੂੰ ਮੁਰਦਾਘਾਟ ਵਿਚ ਬਦਲ ਕੇ ਰੱਖ ਦਿੱਤਾ। ਇਥੇ ਇਹ ਵੀ ਯਾਦ ਕਰਨਾ ਪਏਗਾ ਕਿ 22 ਜੁਲਾਈ 2016 ਨੂੰ ਜਦੋਂ ਨਰਿੰਦਰ ਮੋਦੀ ਗੋਰਖਪੁਰ ਵਿਚ ਏਮਜ਼ ਹਸਤਪਾਲ ਦਾ ਨੀਂਹ ਪੱਥਰ ਰੱਖਣ ਆਏ ਸਨ, ਤਾਂ ਉਨ੍ਹਾਂ ਐਲਾਨ ਕੀਤਾ ਸੀ ਕਿ ਇਕ ਵੀ ਬੱਚੇ ਦੀ ਮੌਤ ਐਂਸੇਫੇਲਾਈਟਸ ਨਾਲ ਨਹੀਂ ਹੋਵੇਗੀ।

ਗੋਰਖਪੁਰ ਯੋਗੀ ਦਾ ਸੰਸਦੀ ਹਲਕਾ ਹੈ। ਉਹ ਲੰਬੇ ਸਮੇਂ ਤੋਂ ਇੱਥੇ ਸੰਸਦ ਮੈਂਬਰ ਬਣਦੇ ਆ ਰਹੇ ਹਨ। ਇਸ ਵਾਰ ਉਤਰ ਪ੍ਰਦੇਸ਼ ਵਿਚ ਭਾਜਪਾ ਦੀ ਜਿੱਤ ਮਗਰੋਂ, ਨਰਿੰਦਰ ਮੋਦੀ ਨੇ ਯੋਗੀ ਨੂੰ ਮੁੱਖ ਮੰਤਰੀ ਦਾ ਅਹੁਦਾ ਥਾਲੀ ਵਿਚ ਪਰੋਸ ਕੇ ਦਾਨ ਕਰ ਦਿੱਤਾ। ਕੀ ਉਨ੍ਹਾਂ ਨੇ ਸਿਰਫ਼ ਕੁਰਸੀ ਹੀ ਭੇਟ ਕੀਤੀ, ਲੋਕਾਂ ਦੀ ਜ਼ਿੰਮੇਵਾਰੀ ਨਹੀਂ? ਜੇਕਰ 70 ਵਰ੍ਹਿਆਂ ਬਾਅਦ ਵੀ ਲੋਕ ਇਨ੍ਹਾਂ ਹਾਲਤਾਂ ਵਿਚ ਜਿਉ ਰਹੇ ਹਨ, ਕਾਬੂ ਪਾਈਆਂ ਜਾਣ ਵਾਲੀਆਂ ਬਿਮਾਰੀਆਂ ਕਾਰਨ ਬੱਚੇ ਮਰ ਰਹੇ ਹਨ, ਸਿਹਤ ਤੇ ਸਿੱਖਿਆ ਜ਼ਰਜ਼ਰ ਹਾਲਤ ਵਿਚ ਹਨ ਤਾਂ ਸਵਾਲ ਪੁਛਣਾ ਬਣਦਾ ਹੈ ਕਿ ਆਖ਼ਰ ਵਿਕਾਸ ਕਿਹੜੇ ਲੋਕਾਂ ਦਾ ਹੋ ਰਿਹਾ ਹੈ? ਮੋਦੀ ਤੇ ਯੋਗੀ ਜਦੋਂ ਅੱਖਾਂ ਵਿਚ ਹੰਝੂ ਭਰ ਕੇ ਕਹਿੰਦੇ ਹਨ, 'ਸਾਨੂੰ ਇਨ੍ਹਾਂ ਬੱਚਿਆਂ ਦੀ ਮੌਤ ਦਾ ਬਹੁਤ ਦੁਖ ਹੈ, ਅਸੀਂ ਇਕ ਵੀ ਬੱਚਾ, ਇਕ ਵੀ ਵਿਅਕਤੀ ਇਲਾਜ ਖੁਣੋਂ ਮਰਨ ਨਹੀਂ ਦਿਆਂਗੇ।' ਪਰ ਉਹ ਇਹ ਕਦੇ ਨਹੀਂ ਕਹਿੰਦੇ ਕਿ ਭਾਰਤ ਲੋਕਾਂ ਦੀ ਸਿਹਤ 'ਤੇ ਮੁਸ਼ਕਲ ਨਾਲ ਆਪਣੀ ਕੁੱਲ ਘਰੇਲੂ ਉਤਪਾਦ ਦਾ ਮਹਿਜ਼ ਇਕ ਫ਼ੀਸਦੀ ਹਿੱਸਾ ਖ਼ਰਚ ਕਰ ਰਿਹਾ ਹੈ।

ਏਨੇ ਵਰ੍ਹੇ ਸਫ਼ਰ ਕਰਦੀ ਕਰਦੀ ਆਜ਼ਾਦੀ ਕਿੰਨੀਆਂ ਬੇੜੀਆਂ ਵਿਚ ਬੰਨ੍ਹੀ ਗਈ, ਬੇਸ਼ਰਮ ਸਿਆਸਤ ਨੇ ਮਹਿਸੂਸ ਹੀ ਨਹੀਂ ਹੋਣ ਦਿੱਤਾ। 70 ਵਰ੍ਹਿਆਂ ਦੀ ਅਖੌਤੀ ਆਜ਼ਾਦੀ ਨੇ ਬੰਦੇ ਨੂੰ ਸਰੀਰਕ ਨਹੀਂ, ਜ਼ਿਹਨੀ ਤੌਰ 'ਤੇ ਗੁਲਾਮ ਬਣਾ ਧਰਿਆ ਹੈ। 'ਗੁਲਾਮ ਆਜ਼ਾਦੀ' ਦੇ ਇਸ ਦੌਰ ਵਿਚ ਰੌਂਦੀ-ਕੁਰਲਾਉਂਦੀ ਜਨਤਾ ਦੇ ਹੱਥਾਂ ਵਿਚ ਤਿਰੰਗਾ ਫੜਾ ਕੇ 'ਜੈ ਭਾਰਤ' ਦਾ ਨਾਅਰਾ ਲਵਾਇਆ ਜਾ ਰਿਹਾ ਹੈ। ਜੇ ਕੋਈ ਭੁੱਖ-ਨੰਗ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਤੋਂ ਆਜ਼ਾਦੀ ਮੰਗਦਾ ਹੈ ਤਾਂ ਉਹ ਦੇਸ਼ ਧਰੋਹੀ ਹੈ ਤੇ ਸਖ਼ਤ ਤੋਂ ਸਖ਼ਤ ਸਜ਼ਾ ਦਾ ਹੱਕਦਾਰ ਹੈ।

ਮਸਨੂਈ ਲਾਲ ਕਿਲੇ ਦੀ ਫਸੀਲ ਤੋਂ ਤਿਰੰਗਾ ਲਹਿਰਾ ਕੇ ਅਤੇ ਇਸ ਸੁਪਨੇ ਨੂੰ ਹਕੀਕੀ ਰੂਪ ਦੇ ਕੇ ਪ੍ਰਧਾਨ ਮੰਤਰੀ ਬਣੇ ਨਰਿੰਦਰ ਮੋਦੀ ਇਸ ਵਾਰ ਆਪਣੇ ਲੰਬੇ ਸਾਫ਼ੇ ਵਿਚ ਲਪੇਟ ਕੇ ਲਿਆਏ ਜੁਮਲੇ ਇਕ ਇਕ ਕਰਕੇ ਸੁੱਟਦੇ ਰਹੇ ਤੇ ਖ਼ਾਲੀ ਹੱਥ ਹੋ, ਨਵੇਂ ਜੁਮਲਿਆਂ ਦੀ ਭਾਲ ਵਿਚ ਪਰਤ ਗਏ। ਨਰਿੰਦਰ ਮੋਦੀ ਨੇ ਜਾਗਦੀ ਅੱਖ ਨਾਲ ਭਾਰਤ ਦੇ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਲਿਆ ਤੇ ਦੇਸ਼-ਵਿਦੇਸ਼ ਦੇ ਕਾਰਪੋਰੇਟ ਘਰਾਣਿਆਂ ਤੇ ਸਿਆਸਤਦਾਨਾਂ ਦੀ ਪਕਾਈ ਖਿੱਚੜੀ ਸਦਕਾ ਉਹ ਮੁਲਕ ਦੇ ਪ੍ਰਧਾਨ ਮੰਤਰੀ ਬਣ ਵੀ ਗਏ। ਆਪਣੇ ਸੁਪਨਿਆਂ ਵਿਚ ਉਨ੍ਹਾਂ ਸਵਾ ਸੌ ਕਰੋੜ ਦੀ ਆਬਾਦੀ ਨੂੰ ਵੀ ਸ਼ਾਮਲ ਕਰ ਗੂੜ੍ਹੀ ਨੀਂਦੇ ਸਵਾ ਦਿੱਤਾ ਤੇ ਆਪਣੇ ਜੁਮਲਿਆਂ ਨਾਲ ਉਨ੍ਹਾਂ ਨੂੰ ਖ਼ੁਸ਼ ਕਰਨ ਵਿਚ ਲੱਗੇ ਹੋਏ ਹਨ।

ਵਕਤ ਹਮੇਸ਼ਾ ਕਰਵਟ ਲੈਂਦਾ ਹੈ ਤੇ 'ਗ਼ੁਲਾਮ ਬਣਾਈ ਜ਼ਹਿਨੀਅਤ' ਨੇ ਪਲਸੇਟੇ ਮਾਰਨੇ ਸ਼ੁਰੂ ਵੀ ਕਰ ਦਿੱਤੇ ਹਨ। ਇਸੇ ਲਈ ਆਜ਼ਾਦੀ...ਆਜ਼ਾਦੀ...ਆਜ਼ਾਦੀ...ਦੀ ਗੂੰਜ ਸੁਣਾਈ ਦੇਣ ਲੱਗੀ ਹੈ। ਅੱਜ ਨਹੀਂ ਤਾਂ ਕੱਲ੍ਹ, ਲੋਕ ਆਜ਼ਾਦੀ ਲੈ ਕੇ ਹੀ ਰਹਿਣਗੇ।

# ਸੱਤਰ ਸਾਲ ਬਾਅਦ: ਨਕਸ਼ ਭਾਰਤ ਦੇ, ਅਕਸ ਪਾਕਿਸਤਾਨ ਦਾ

**ਸੱਤਰ ਵਰ੍ਹਿਆਂ ਬਾਅਦ, ਦੇਸ਼ ਵੰਡ ਦੇ ਸਭ ਤੋਂ ਵੱਧ ਗੁੰਝਲਦਾਰ ਵਿਰਸੇ ਕਸ਼ਮੀਰ ਦਾ ਮਸਲਾ ਹਾਲੇ ਤੱਕ ਅਣਸੁਲਝਿਆ ਪਿਆ ਹੈ। ਪਾਕਿਸਤਾਨ ਅਤੇ ਭਾਰਤ ਦੋਵਾਂ ਨੂੰ ਇਸ ਦਾ ਵਿੱਤੀ, ਸਿਆਸੀ ਤੇ ਰੂਹਾਨੀ ਤੌਰ 'ਤੇ ਨੁਕਸਾਨ ਹੋ ਰਿਹਾ ਹੈ। ਇਨ੍ਹਾਂ ਸਾਰੇ ਵਰ੍ਹਿਆਂ ਦੌਰਾਨ, ਅਸੀਂ ਖ਼ੁਦ ਨੂੰ ਇਹ ਯਕੀਨ ਕਰਨ ਲਾ ਲਿਆ ਹੈ ਕਿ ਪਾਕਿਸਤਾਨ ਦੇ ਸ੍ਰੇਸ਼ਠ ਵਰਗ ਲਈ ਕਸ਼ਮੀਰ ਵਿਵਾਦ ਮਹਿਜ਼ ਸ਼ੋਸ਼ੇਬਾਜ਼ੀ ਦਾ ਸ਼ੱਕੀ ਮੰਚ ਹੈ ਤੇ ਉਹ ਇਸ ਮੁੱਦੇ ਨੂੰ ਛੱਡਣਾ ਨਹੀਂ ਚਾਹੁੰਦੇ; ਉਵੇਂ ਹੀ ਅਸੀਂ ਵੀ ਆਪਣੇ ਤਣਾਅਪੂਰਨ ਤੇ ਭੁਰਭੁਰੇ ਰਾਸ਼ਟਰਵਾਦ ਦੇ ਵਿਸ਼ੇ ਤੇ ਆਕਾਰ-ਪ੍ਰਕਾਰ ਨੂੰ ਮੁੜ-ਪਰਿਭਾਸ਼ਿਤ ਕਰਨ ਵਿੱਚ ਆਪਣੀ ਮਦਦ ਲਈ ਕਸ਼ਮੀਰ ਸਮੱਸਿਆ ਨੂੰ ਵਰਤ ਕੇ ਸੰਤੁਸ਼ਟ ਹੋ ਰਹੇ ਹਾਂ। ਮਾੜੀ ਗੱਲ ਇਹ ਹੈ ਕਿ ਕਸ਼ਮੀਰ ਲਗਾਤਾਰ ਸਾਡੀਆਂ ਸਮੂਹਿਕ ਸੂਖਮ ਭਾਵਨਾਵਾਂ ਲਈ ਮਹਿੰਗਾ ਪੈ ਰਿਹਾ ਹੈ।**

**ਹਰੀਸ਼ ਖਰੇ**

ਸੱਤਰ ਵਰ੍ਹੇ ਪਹਿਲਾਂ ਭਾਰਤੀ ਉੱਪ-ਮਹਾਂਦੀਪ ਵਿੱਚ ਦੋ ਦੇਸ਼ਾਂ ਦੀ ਸਥਾਪਨਾ ਹੋਈ ਸੀ। ਭਾਰਤ ਦਾ ਬਟਵਾਰਾ ਕਰ ਕੇ ਪਾਕਿਸਤਾਨ ਬਣਾਇਆ



ਗਿਆ ਸੀ; ਇਹ ਨਵਾਂ ਦੇਸ਼ ਬ੍ਰਿਟਿਸ਼ ਭਾਰਤ ਦੇ ਮੁਸਲਮਾਨਾਂ ਦਾ ਘਰ ਸੀ। ਕੱਟ-ਵੱਢ ਕੇ ਛੋਟਾ ਰਹਿ ਗਿਆ ਭਾਰਤ, ਬ੍ਰਿਟਿਸ਼ ਸਾਮਰਾਜੀ ਵਿਵਸਥਾ, ਇਸ ਦੀ ਫੋਕੀ ਸ਼ਾਨ, ਇਸ ਦੀਆਂ ਸੰਸਥਾਵਾਂ, ਇਸ ਦੀਆਂ ਸਰਹੱਦਾਂ ਅਤੇ ਇਸ ਦੇ ਨੁਕਸਦਾਰ ਨਿਯੰਤ੍ਰਣ ਮਾਡਲ ਦਾ ਉੱਤਰਾਧਿਕਾਰੀ ਬਣਿਆ। ਵੱਡੀ ਆਸ ਇਹ ਕੀਤੀ ਗਈ ਸੀ ਕਿ ਪੂਰਬ ਅਤੇ ਪੱਛਮ ਵਿੱਚ ਨਵੇਂ ਨਕਸ਼ਿਆਂ ਦੀ ਰਚਨਾ ਕਰ ਦੇਣ ਨਾਲ ਦੋ ਨਵੇਂ ਦੇਸ਼ ਅਤੇ ਉਨ੍ਹਾਂ ਦੇ ਨਵੇਂ-ਨਵੇਂ ਸਮਰੱਥ ਹੋਏ ਨਾਗਰਿਕ ਆਪਣੀ ਸਾਂਝੀ ਸਭਿਅਤਾ ਦੇ ਜ਼ਰੀਏ ਸਹਿ-ਹੋਂਦ ਦਾ ਨਵਾਂ ਆਦਰਸ਼ ਰਚਣਗੇ। ਉਹ ਆਸ ਦੇਸ਼ ਦੀ ਵੰਡ ਸਮੇਂ ਹੋਏ ਖ਼ੂਨ-ਖ਼ਰਾਬੇ, ਹਿਜਰਤਾਂ, ਦੰਗਿਆਂ, ਹਿੰਸਾ ਤੇ ਕਤਲੇਆਮ ਕਾਰਨ ਮਿੱਟੀ ਵਿਚ ਮਿਲ ਕੇ ਰਹਿ ਗਈ।

ਸੱਤਰ ਵਰ੍ਹੇ ਲੰਘ ਗਏ ਹਨ, ਪਰ ਇਹ ਦੋਵੇਂ ਦੇਸ਼ ਹਾਲੇ ਤੱਕ ਵੀ ਇੱਕ-ਦੂਜੇ ਨਾਲ ਮਿਲਜੁਲ ਕੇ ਰਹਿਣ ਦਾ ਕੋਈ ਤਰੀਕਾ ਨਹੀਂ ਈਜਾਦ ਕਰ ਸਕੇ। ਸਾਲ 1971 ਵਿੱਚ, ਭਾਰਤ ਨੇ ਪਾਕਿਸਤਾਨ ਦੇ ਪੂਰਬੀ ਹਿੱਸੇ ਦੀ ਆਪਣੀ ਖ਼ੁਦ ਦੀ ਇੱਕ ਵੱਖਰੀ ਰਾਸ਼ਟਰੀ ਸ਼ਨਾਖ਼ਤ ਲੱਭਣ ਵਿੱਚ ਮਦਦ ਕੀਤੀ ਸੀ; ਉਸ ਤੋਂ ਬਾਅਦ ਹੀ ਪਾਕਿਸਤਾਨ ਇੱਕ ਵਧੇਰੇ ਪੁਖ਼ਤਾ ਦੇਸ਼ ਬਣ ਸਕਿਆ। ਅੱਜ ਇਹ 1971 ਤੋਂ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਸੁਭਾਵਕ ਮੁਲਕ ਹੈ; ਭੂਗੋਲਿਕ, ਵਿਚਾਰਧਾਰਕ ਤੇ ਤਹਿਜ਼ੀਬੀ ਪੱਖੋਂ ਵੱਧ ਇਕਸੁਰ, ਵੱਧ ਇਕਮੁੱਠ ਹੈ। ਹੁਣ ਇਸ ਕੋਲ ਆਪਣੀ ਰਾਸ਼ਟਰੀ ਵਿਆਖਿਆ ਨੂੰ ਕਾਇਮ ਰੱਖਣ ਦੇ ਮਾਮਲੇ ਵਿੱਚ ਭਾਰਤ ਪ੍ਰਤੀ ਵੱਡਾ ਇਤਿਹਾਸਕ ਸ਼ਿਕਵਾ ਵੀ ਮੌਜੂਦ ਹੈ; ਉਹ ਖ਼ੁਦ ਨੂੰ ਅੰਦਰੂਨੀ ਅਤੇ ਬਾਹਰੀ ਤੌਰ 'ਤੇ ਭਾਰਤ-ਵਿਰੋਧੀ ਰਾਸ਼ਟਰ ਵਜੋਂ ਪਰਿਭਾਸ਼ਿਤ ਕਰਦਾ ਹੈ।

ਪਿਛਲੇ 70 ਵਰ੍ਹਿਆਂ ਤੋਂ ਅਸੀਂ ਭਾਰਤ ਵਿੱਚ ਖ਼ੁਦ ਨੂੰ ਪਾਕਿਸਤਾਨ ਨਾਲੋਂ ਕਿਤੇ ਉੱਚਾ ਤੇ ਵਧੀਆ ਹੋਣ ਦੀਆਂ ਗੱਲਾਂ ਮਾਣ ਨਾਲ ਕਰਦੇ ਆ ਰਹੇ ਹਾਂ। ਜਦੋਂ ਤੱਕ ਜਵਾਹਰਲਾਲ ਨਹਿਰੂ ਜਿਊਂਦੇ ਸਨ, ਉਨ੍ਹਾਂ ਦੇ ਜਲੌਅ, ਸਿਆਸੀ ਉਚਿਤਤਾ, ਆਲਮੀ ਰੁਤਬੇ, ਵੱਡ-ਪੱਧਰੀ ਹਰਮਨਪਿਆਰਤਾ ਅਤੇ ਸਮਰਪਿਤ ਲੀਡਰਸ਼ਿਪ ਨੇ ਭਾਰਤ ਵਿਚ ਸਾਨੂੰ ਸਮੂਹਿਕ ਅਮਨ-ਚੈਨ ਦੀ ਨਵੀਂ ਭਾਵਨਾ ਬਖ਼ਸ਼ੀ ਰੱਖੀ ਸੀ। ਅਸੀਂ ਨਵੇਂ ਭਾਰਤ ਦਾ ਨਿਰਮਾਣ ਕਰਨ ਨਾਲ ਜੁੜੀ ਸਿਰਜਣਾਤਮਕਤਾ ਵਿੱਚ ਰੁੱਝੇ ਰਹੇ; ਅਸੀਂ ਨਵੇਂ "ਮੰਦਰਾਂ" ਦਾ ਨਿਰਮਾਣ ਕਰ ਰਹੇ ਸਾਂ ਅਤੇ ਮੱਧਕਾਲੀ ਵਹਿਮਾਂ-ਭਰਮਾਂ ਤੇ ਅਗਿਆਨਤਾਵਾਂ ਦੀ ਇਸ ਪ੍ਰਾਚੀਨ ਧਰਤੀ ਉੱਤੇ ਵਿਗਿਆਨਕ ਸੁਭਾਅ ਦਾ ਸੰਚਾਰ ਵੀ ਕਰ ਰਹੇ ਸਾਂ।

ਸੱਤਰ ਵਰ੍ਹਿਆਂ ਤੋਂ ਅਸੀਂ ਜ਼ਿਆਦਾਤਰ ਬਹੁਤ ਉਚਿਤ ਤਰੀਕੇ ਨਾਲ ਖ਼ੁਦ ਨੂੰ ਇਹ ਜਚਾ ਲਿਆ ਹੈ ਕਿ ਅਸੀਂ ਪਾਕਿਸਤਾਨ ਤੋਂ ਬਿਹਤਰ ਹਾਂ। ਸਾਡੇ ਕੋਲ ਸੰਵਿਧਾਨ ਤੇ ਉਸ ਦੀਆਂ ਵਿਸਤ੍ਰਿਤ ਵਿਵਸਥਾਵਾਂ ਸਨ, ਅਸੀਂ ਇੱਕ ਜਮਹੂਰੀਅਤ ਸਾਂ। ਅਤੇ ਅਸੀਂ ਆਪਣੇ ਹਾਕਮਾਂ ਨੂੰ ਚੁਣਨ ਲਈ ਸਦਾ ਸੁਤੰਤਰ ਤੇ ਨਿਆਂਪੂਰਨ ਚੋਣਾਂ ਕਰਵਾਈਆਂ; ਅਸੀਂ ਕੇਂਦਰ ਤੇ ਰਾਜਾਂ ਵਿੱਚ ਚੋਣਾਂ ਪਿੱਛੋਂ ਜੇਤੂਆਂ ਤੇ ਹਾਰੇ ਹੋਇਆਂ ਵਿਚਾਲੇ ਸੱਤਾ ਦੇ ਸ਼ਾਂਤੀਪੂਰਨ ਤਬਾਦਲੇ ਦਾ ਇੱਕ ਗੌਰਵਮਈ ਸਿਆਸੀ ਸਭਿਆਚਾਰ ਵਿਕਸਤ ਕੀਤਾ ਹੈ; ਅਸੀਂ ਖ਼ੁਦ ਨੂੰ ਸਮਾਜਿਕ ਸਮਾਨਤਾ ਦੇ ਮੰਤਵਾਂ ਪ੍ਰਤੀ ਪ੍ਰਤੀਬੱਧ ਰੱਖਿਆ ਹੈ; ਅਸੀਂ ਖ਼ੁਦ ਨੂੰ ਜਾਣ-ਬੁੱਝ ਕੇ ਧਰਮ-ਤੰਤਰਿਕ ਦੇਸ਼ ਨਹੀਂ ਬਣਨ ਦਿੱਤਾ; ਸਾਨੂੰ ਧਰਮ-ਨਿਰਪੱਖ ਦੇਸ਼ ਹੋਣ 'ਤੇ ਮਾਣ ਰਿਹਾ ਹੈ ਅਤੇ ਅਸੀਂ ਅਜਿਹੀਆਂ ਕਾਰਜ-ਵਿਧੀਆਂ ਤੇ ਕਾਨੂੰਨ ਸਥਾਪਤ ਕੀਤੇ ਹਨ ਜੋ ਸਾਡੀਆਂ ਧਾਰਮਿਕ ਤੇ ਭਾਸ਼ਾਈ ਘੱਟ-ਗਿਣਤੀਆਂ ਨੂੰ ਸੰਤੁਸ਼ਟ ਕਰਦੇ ਹਨ; ਸਾਡੇ ਕੋਲ ਅਜਿਹੇ ਆਗੂ ਹੁੰਦੇ ਸਨ, ਜੋ ਆਪਣੀ ਉਚਿਤਤਾ ਤੇ ਅਥਾਰਟੀ ਨੂੰ ਕਾਇਮ ਰੱਖਦੇ ਸਨ, ਚੋਣ ਨਤੀਜਿਆਂ ਵਿੱਚ ਭਾਵੇਂ ਕਿਹੋ ਜਿਹਾ ਵੀ ਫ਼ਤਵਾ ਕਿਉਂ ਨਾ ਮਿਲਿਆ ਹੋਵੇ; ਸਾਡੀਆਂ ਹਥਿਆਰਬੰਦ ਫ਼ੌਜਾਂ ਬੈਰਕਾਂ ਵਿੱਚ ਰਹੀਆਂ; ਸਾਡੀ ਨਿਆਂਪਾਲਿਕਾ ਸੁਤੰਤਰ ਤੇ ਮਜ਼ਬੂਤ ਹੁੰਦੀ ਸੀ; ਅਲਾਹਾਬਾਦ ਵਿਚ ਹਾਈ ਕੋਰਟ ਦਾ ਇੱਕ ਜੱਜ ਵੀ ਤਾਕਤਵਰ ਪ੍ਰਧਾਨ ਮੰਤਰੀ ਨੂੰ ਸੱਤਾ ਤੋਂ ਲਾਂਭੇ ਕਰ ਸਕਦਾ ਸੀ। ਅਤੇ ਜਦੋਂ ਇੱਕ ਸਰਕਾਰ ਨੇ ਜਮਹੂਰੀ ਵਿਵਸਥਾ 'ਤੇ ਹੀ ਆਪਣਾ ਕਬਜ਼ਾ ਜਮਾਉਣਾ ਚਾਹਿਆ ਤਾਂ ਦੇਸ਼ ਵਾਸੀਆਂ ਨੇ ਪਹਿਲੀ ਵਾਰ ਵਿਚ ਹੀ ਅਜਿਹੇ ਹਾਕਮਾਂ ਨੂੰ ਬਾਹਰ ਦਾ ਰਾਹ ਵਿਖਾ ਦਿੱਤਾ ਸੀ।

ਪਿਛਲੇ 70 ਵਰ੍ਹਿਆਂ ਤੋਂ ਸਾਡੇ ਕੋਲ ਅਜਿਹਾ ਹਰੇਕ ਕਾਰਨ ਮੌਜੂਦ ਸੀ ਕਿ ਅਸੀਂ ਯਕੀਨ ਕਰ ਸਕੀਏ ਕਿ ਅਸੀਂ ਪਾਕਿਸਤਾਨ ਤੋਂ ਵਧੀਆ ਹਾਂ। ਸਭ ਤੋਂ ਵੱਡੀ ਗੱਲ ਤਾਂ ਇਹ ਵੀ ਸੀ ਕਿ ਅਸੀਂ ਪਾਕਿਸਤਾਨ ਨਹੀਂ ਸਾਂ। ਪਿਛਲੇ ਦਹਾਕਿਆਂ ਦੌਰਾਨ ਅਸੀਂ ਆਪਣੀ ਉੱਚਤਾ ਨੂੰ ਲੈ ਕੇ ਹੋਰ ਵੀ ਸੰਤੁਸ਼ਟ ਹੋ ਗਏ ਹਾਂ ਕਿਉਂਕਿ ਅਸੀਂ ਪੱਛਮੀ ਦੇਸ਼ਾਂ ਵੱਲੋਂ ਪ੍ਰਚਾਰਿਤ ਉਸ ਵਿਆਖਿਆ ਨੂੰ ਬਿਨਾਂ ਸੋਚੇ ਸਮਝਿਆਂ ਅਪਣਾ ਲਿਆ, ਜਿਸ ਵਿੱਚ ਇਹੋ ਕਿਹਾ ਜਾਂਦਾ ਰਿਹਾ ਹੈ ਕਿ ਪਾਕਿਸਤਾਨ ਇੱਕ 'ਨਾਕਾਮ ਦੇਸ਼' ਅਤੇ 'ਪਰਮਾਣੂ ਹਥਿਆਰਾਂ ਵਾਲਾ ਨਾਕਾਮ ਦੇਸ਼' ਹੈ। ਅਸੀਂ ਇਸ ਗੱਲ ਦੀ ਸ਼ਲਾਘਾ ਕਰਨ ਵਿਚ ਨਾਕਾਮ ਰਹੇ ਕਿ ਪਾਕਿਸਤਾਨੀ ਸ੍ਰੇਸ਼ਠ ਵਰਗਾਂ ਨੇ ਵੀ ਇੱਕ ਅਜਿਹਾ ਚਲੰਤ ਸਿਆਸੀ ਸਭਿਆਚਾਰ ਵਿਕਸਤ ਕਰ ਲਿਆ ਜੋ ਉਨ੍ਹਾਂ ਦੇ ਆਪਣੇ ਸੂਝਵਾਨਾਂ ਦੇ ਫਿੱਟ ਬੈਠਦਾ ਸੀ। ਪਾਕਿਸਤਾਨ ਦੇ ਕੁਲੀਨ ਵਰਗ ਨੂੰ ਆਪਣੇ ਦੇਸ਼ ਵਿੱਚ ਹੋ ਰਹੀਆਂ ਬੇਇਨਸਾਫ਼ੀਆਂ ਤੇ ਅਸਮਾਨਤਾਵਾਂ ਤੋਂ ਬਿਲਕੁਲ ਕੋਈ ਪਰੇਸ਼ਾਨੀ ਨਹੀਂ ਹੈ। ਅਸੀਂ ਇਹ ਅਫ਼ਸੋਸ ਪ੍ਰਗਟਾ ਸਕਦੇ ਹਾਂ ਕਿ ਇਸਲਾਮਾਬਾਦ-ਰਾਵਲਪਿੰਡੀ ਧੁਰੇ ਵਿੱਚ ਫ਼ੌਜ ਇੱਕ ਭਾਰੂ ਧਿਰ ਵਜੋਂ ਉੱਭਰੀ ਹੈ; ਫਿਰ ਵੀ ਉਹ ਦੇਸ਼ ਸਾਡੇ ਨਾਲ ਦੁਸ਼ਮਣੀ ਪਾਲਣ ਦੇ ਮਾਮਲੇ ਵਿੱਚ ਸਦਾ ਹੀ ਦ੍ਰਿੜ੍ਹ ਰਿਹਾ ਹੈ ਅਤੇ ਉਸ ਨੇ ਆਪਣੀ ਇੱਕ ਨਿੱਗਰ ਭਾਰਤ-ਵਿਰੋਧੀ ਵਿਦੇਸ਼ ਨੀਤੀ ਵੀ ਉਲੀਕੀ ਹੋਈ ਹੈ ਤੇ ਅੰਦਰੂਨੀ ਵਿਵਸਥਾ ਵੀ ਕਾਇਮ ਕਰ ਕੇ ਰੱਖੀ ਹੋਈ ਹੈ। ਪਾਕਿਸਤਾਨ ਦੇ ਕੁਲੀਨ ਵਰਗ ਨੇ ਪੱਛਮੀ ਆਗੂਆਂ ਨੂੰ ਝਕਾਨੀਆਂ ਦੇਣ ਤੇ ਉੱਲੂ ਬਣਾਉਣ ਦੀ ਕਲਾ ਵਿੱਚ ਮੁਹਾਰਤ ਹਾਸਲ ਕੀਤੀ ਹੋਈ ਹੈ। ਹੋਰ ਤਾਂ ਹੋਰ ਉਸ ਨੇ ਗੁਆਂਢੀ ਦੇਸ਼ ਅਫ਼ਗ਼ਾਨਿਸਤਾਨ ਵਿੱਚ ਵੱਡੀਆਂ ਤਾਕਤਾਂ ਦੇ ਦਖ਼ਲ ਤੱਕ ਨੂੰ ਵੀ ਖ਼ਤਮ ਕਰਵਾ ਦਿੱਤਾ ਹੈ। ਪਾਕਿਸਤਾਨ ਵਿੱਚ ਵਾਰ-ਵਾਰ ਸਾਹਮਣੇ ਆਉਣ ਵਾਲੀ ਅਸਥਿਰਤਾ ਵਿੱਚ ਵੀ ਇੱਕ ਖ਼ਾਸ ਕਿਸਮ ਦੀ ਸਥਿਰਤਾ ਹੈ।

ਸੱਤਰ ਵਰ੍ਹਿਆਂ ਬਾਅਦ ਅਸੀਂ ਵੀ ਭਾਰਤ ਨੂੰ ਪਾਕਿਸਤਾਨੀ ਮਾਡਲ ਅਨੁਸਾਰ ਢਾਲਣ ਵੱਲ ਅੱਗੇ ਵਧਦੇ ਜਾ ਰਹੇ ਹਾਂ ਭਾਵੇਂ ਸਾਡੇ ਕੋਲ ਜਵਾਬਦੇਹੀ ਦੇ ਬਹੁਤ ਸਾਰੇ ਸੰਵਿਧਾਨਕ ਸੰਸਥਾਨਾਂ ਦਾ ਵਿਆਪਕ ਸਾਜ਼ੋ-ਸਾਮਾਨ ਮੌਜੂਦ ਹੈ। ਪਿਛਲੇ ਕੁਝ ਵਰ੍ਹਿਆਂ ਦੌਰਾਨ, ਅਸੀਂ ਹੁਣ ਖ਼ੁਦ ਨੂੰ ਇੱਕ ਧਰਮ-ਨਿਰਪੇਖ ਰਾਸ਼ਟਰ ਨਹੀਂ ਅਖਵਾਉਣਾ ਚਾਹ ਰਹੇ; ਸਾਡੀ ਪ੍ਰਭਾਵਸ਼ਾਲੀ ਸਿਆਸੀ ਧਿਰ ਸਾਡੇ ਉੱਤੇ 'ਧਰਮ-ਨਿਰਪੇਖਤਾ' ਤਿਆਗਣ ਅਤੇ ਖ਼ੁਦ ਦੇ ਇੱਕ 'ਹਿੰਦੂ ਰਾਸ਼ਟਰ' ਹੋਣ ਉੱਤੇ ਮਾਣ ਕਰਨ ਲਈ ਜ਼ੋਰ ਪਾ ਰਹੀ ਹੈ। ਬਿਲਕੁਲ ਪਾਕਿਸਤਾਨ ਵਾਂਗ, ਬਹੁਗਿਣਤੀ ਨਾਗਰਿਕਾਂ ਦੇ ਧਰਮ ਨੇ ਸਾਡੀ ਕੌਮੀ ਧਾਰਾ ਵਿੱਚ ਘੁਸਪੈਠ ਕਰ ਲਈ ਹੈ ਅਤੇ ਇਹ ਧਰਮ ਸਾਡੀਆਂ ਸੰਸਥਾਵਾਂ ਦੇ ਕੰਮਕਾਜ ਉੱਤੇ ਅਸਰਅੰਦਾਜ਼ ਹੋ ਰਿਹਾ ਹੈ।

ਪਿਛਲੇ 70 ਵਰ੍ਹਿਆਂ ਤੋਂ ਸਾਡੇ ਸਿਆਸੀ ਵਰਗ ਨੇ ਪਾਕਿਸਤਾਨ ਨੂੰ ਹਿਕਾਰਤ ਦੀ ਨਜ਼ਰ ਨਾਲ ਹੀ ਵੇਖਿਆ ਕਿਉਂਕਿ ਉਹ ਆਪਣੇ ਫ਼ੌਜੀ ਜਰਨੈਲਾਂ ਨੂੰ ਆਪੋ-ਆਪਣੀਆਂ ਥਾਵਾਂ 'ਤੇ ਸੰਭਾਲ ਕੇ ਰੱਖਣ ਤੋਂ ਅਸਮਰੱਥ ਰਹਿੰਦਾ ਰਿਹਾ ਹੈ। ਪਿਛਲੇ 70 ਵਰ੍ਹਿਆਂ ਤੋਂ ਬਾਅਦ ਹੁਣ ਅਸੀਂ ਉਨ੍ਹਾਂ ਹੀ 'ਘ੍ਰਿਣਾਯੋਗ' ਪਾਕੀਆਂ ਦੀ ਨਕਲ ਕਰਨ ਲਈ ਤਿਆਰ ਹਾਂ। ਸਾਡੀ ਫ਼ੌਜ ਪਹਿਲਾਂ ਕਦੇ ਵੀ ਇੰਨੀ ਦ੍ਰਿਸ਼ਟਮਾਨ ਜਾਂ ਮੁਖ਼ਰ ਨਹੀਂ ਸੀ ਜਿੰਨੀ ਹੁਣ ਹੈ; ਸਾਡੀਆਂ ਹਥਿਆਰਬੰਦ ਫ਼ੌਜਾਂ ਹੁਣ ਸਿਰਫ਼ ਸਾਡੀ ਰਾਸ਼ਟਰੀ ਅਖੰਡਤਾ ਦੇ ਅਧਿਕਾਰਤ ਰਾਖੇ ਹੀ ਨਹੀਂ ਰਹਿ ਗਏ ਹਨ, ਸਗੋਂ ਹੁਣ ਉਨ੍ਹਾਂ ਨੂੰ ਰਾਸ਼ਟਰਵਾਦ ਦੀ ਆਖ਼ਰੀ ਫ਼ਸੀਲ ਵਜੋਂ ਵੀ ਮਨੋਨੀਤ ਕੀਤਾ ਜਾ ਰਿਹਾ ਹੈ। ਸਿੱਟੇ ਵਜੋਂ, ਪਾਕਿਸਤਾਨ ਵਾਂਗ ਅਸੀਂ ਹੁਣ ਹਥਿਆਰਬੰਦ ਫ਼ੌਜਾਂ ਨਾਲ ਜੁੜੇ ਕਿਸੇ ਵੀ ਆਲੋਚਨਾਤਮਕ ਮੁਲਾਂਕਣ ਦੀ ਇਜਾਜ਼ਤ ਨਹੀਂ ਦਿੰਦੇ। ਜਿਹੜੇ ਹਥਿਆਰਬੰਦ ਬਲਾਂ ਦੀ ਕਾਰਗੁਜ਼ਾਰੀ ਜਾਂ ਉਨ੍ਹਾਂ ਦੀ ਦ੍ਰਿਸ਼ਮਾਨਤਾ ਨਾਲ ਸਹਿਮਤ ਨਹੀਂ ਹਨ, ਉਨ੍ਹਾਂ ਨੂੰ ਖ਼ੁਦ-ਬ-ਖ਼ੁਦ 'ਰਾਸ਼ਟਰ-ਵਿਰੋਧੀ' ਆਖ ਕੇ ਨਿੰਦਿਆ ਜਾ ਰਿਹਾ ਹੈ। ਹੋਰ ਤਾਂ ਹੋਰ, ਅਸੀਂ ਬਿਨਾਂ ਸੋਚੇ ਸਮਝੇ ਹਿੰਸਕ ਵਿਚਾਰ ਮਨਾਂ ਵਿੱਚ ਭਰਦੇ ਜਾ ਰਹੇ ਹਾਂ ਅਤੇ ਅਜਿਹਾ ਸਭ ਕਰਨ ਵਾਲਿਆਂ ਨੂੰ ਵਾਅਦੇ ਮੁਤਾਬਕ ਪੁਨਰ-ਜਾਗ੍ਰਿਤੀ ਲਿਆਉਣ ਦੇ ਅਧਿਕਾਰਤ ਔਜ਼ਾਰ ਮੰਨ ਰਹੇ ਹਾਂ।

ਸੱਤਰ ਵਰ੍ਹਿਆਂ ਬਾਅਦ, ਅਸੀਂ ਬਹੁਤ ਚਾਈਂ-ਚਾਈਂ ਉਨ੍ਹਾਂ ਸਾਰੇ ਮਹਾਨ ਸ਼ਹੀਦਾਂ ਤੇ ਪ੍ਰਮੁੱਖ ਨੇਤਾਵਾਂ ਦੀ ਮਹਾਨਤਾ ਨੂੰ ਘਟਾ ਕੇ ਦਰਸਾ ਰਹੇ ਹਾਂ, ਜਿਨ੍ਹਾਂ ਨੇ 20ਵੀਂ ਸਦੀ ਦੇ ਸੰਸਾਰ ਨੂੰ ਹੈਰਾਨ ਕਰ ਕੇ ਰੱਖ ਦਿੱਤਾ ਸੀ, ਜਿਨ੍ਹਾਂ ਉੱਤੇ ਰਾਸ਼ਟਰ ਨੂੰ ਕਦੇ ਮਾਣ ਹੁੰਦਾ ਸੀ ਅਤੇ ਜਿਨ੍ਹਾਂ ਨੇ ਸਮਾਜਿਕ ਇੱਕਜੁਟਤਾ ਦੀਆਂ ਚੰਗਿਆਈਆਂ ਨੂੰ ਉਤਸ਼ਾਹਿਤ ਕਰ ਕੇ ਸਮੁੱਚੇ ਦੇਸ਼ ਵਿੱਚ ਸਾਰੇ ਭਾਈਚਾਰਿਆਂ ਦਾ ਇੱਕ ਸਰਬ-ਸਾਂਝਾ ਸਿਆਸੀ ਭਾਈਚਾਰਾ ਕਾਇਮ ਕੀਤਾ ਸੀ। ਜਿਵੇਂ ਪਾਕਿਸਤਾਨ ਨੇ ਕੀਤਾ ਹੈ, ਅਸੀਂ ਵੀ ਹੁਣ ਆਪਣੇ ਧਾਰਮਿਕ ਪੱਖਪਾਤੀ ਦ੍ਰਿਸ਼ਟੀਕੋਣਾਂ ਅਨੁਸਾਰ ਆਪਣੀਆਂ ਇਤਿਹਾਸ ਦੀਆਂ ਪੁਸਤਕਾਂ ਨੂੰ ਮੁੜ ਲਿਖ ਕੇ ਰਾਸ਼ਟਰੀ ਮਹਿਮਾ ਤੇ ਗੌਰਵ ਚਾਹ ਰਹੇ ਹਾਂ। ਜਿਵੇਂ ਪਾਕਿਸਤਾਨ ਨੇ ਵਿਤਕਰੇ ਦਾ ਸੰਸਥਾਈਕਰਣ ਕਰ ਦਿੱਤਾ ਹੈ, ਅਸੀਂ ਵੀ ਹੁਣ ਘੱਟ-ਗਿਣਤੀਆਂ ਨੂੰ ਇਹ ਦਰਸਾ ਤੇ ਜਚਾ ਰਹੇ ਹਾਂ ਕਿ ਉਨ੍ਹਾਂ ਦੀ ਜਗ੍ਹਾ ਸਭ ਤੋਂ ਪਿਛਾਂਹ ਹੈ; ਅਤੇ

ਬਾਕੀ ਸਫ਼ਾ 32 'ਤੇ

# ਸਿਰਦਾਰ ਕਪੂਰ ਸਿੰਘ ਨੂੰ ਯਾਦ ਕਰਦਿਆਂ...

## ਅੱਜ ਯਾਦ ਆਇਆ ਮੈਨੂੰ ਉਹ ਸੱਜਣ, ਜਿਹਦੇ ਮਗਰ ਉਲਾਂਭੜਾ ਜੱਗ ਦਾ ਏ।'

**ਡਾ. ਅਮਰਜੀਤ ਸਿੰਘ ਵਾਸ਼ਿੰਗਟਨ**

ਭਾਈ ਸਾਹਿਬ ਸਿਰਦਾਰ ਕਪੂਰ ਸਿੰਘ ਦਾ ਨਾਂ, ਸਿੱਖ ਇਤਿਹਾਸ ਦੇ ਵਿਦਿਆਰਥੀਆਂ ਅਤੇ ਪੰਥ ਦਰਦੀ ਸਿੱਖਾਂ ਲਈ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। 20 ਵੀਂ ਸਦੀ ਦਾ ਸਾਊਥ ਏਸ਼ੀਆ ਦਾ ਇਤਿਹਾਸ, ਸਿੱਖ ਕੌਮ ਦੇ ਨੁਕਤਾਨਿਗਾਹ ਤੋਂ ਜਾਗਰੂਕਤਾ, ਕੁਰਬਾਨੀਆਂ, ਬੇਵਕੂਫੀਆਂ, ਗੱਦਾਰੀਆਂ ਅਤੇ ਘੱਲੂਘਾਰਿਆਂ ਦਾ



ਇਤਿਹਾਸ ਹੈ। ਸਿਰਦਾਰ ਕਪੂਰ ਸਿੰਘ ਨਾ-ਸਿਰਫ ਇਸ ਸਦੀ ਦੇ ਇਤਿਹਾਸ ਦੇ ਗਵਾਹ' ਹਨ ਬਲਕਿ ਉਪਰਲੇ ਪੱਧਰ ਦੇ ਇਸ ਦੇ ਪਾਤਰਾਂ ਵਿੱਚ ਵੀ ਸ਼ਾਮਲ ਹਨ। ਭਾਵੇਂ ਕਿ 1947 ਦੇ ਦੌਰ ਵਿੱਚ, ਅਕਾਲੀ ਲੀਡਰਾਂ ਦੀ ਕਮ-ਅਕਲੀ ਦੀ ਵਜ੍ਹਾ ਕਰਕੇ ਸਿਰਦਾਰ ਸਾਹਿਬ ਇੱਕ ਬੇਬੱਸ ਪਾਤਰ' ਨਜ਼ਰ ਆਉਂਦੇ ਹਨ ਪਰ 1980ਵਿਆਂ ਵਿੱਚ ਉਨ੍ਹਾਂ ਦੀ ਸੋਚ ਨੂੰ, ਪੰਥ ਨੇ ਪੂਰੀ ਤਰ੍ਹਾਂ ਆਪਣੇ ਰਾਜਸੀ ਨਿਸ਼ਾਨੇ ਵਜੋਂ ਅਪਣਾਇਆ। ਸਿਰਦਾਰ ਸਾਹਿਬ ਨੇ ਆਪਣੀ ਸ੍ਵੈ-ਜੀਵਨੀ ਦਾ ਨਾਮ ਸਾਚੀ ਸਾਖੀ' ਰੱਖਿਆ।

ਇਸ ਪੁਸਤਕ ਨੂੰ ਖਾਲਿਸਤਾਨੀ ਸੰਘਰਸ਼ ਵਿੱਚ ਕੇਸਰੀ ਪੁਸਤਕ' ਦਾ ਉਵੇਂ ਹੀ ਰੁਤਬਾ ਹਾਸਲ ਹੋਇਆ ਹੈ, ਜਿਵੇਂ ਕਦੀ ਮਾਓਵਾਦੀ ਕ੍ਰਾਂਤੀ ਵਿੱਚ ਲਾਲ ਕਿਤਾਬ' ਨੂੰ ਹੋਇਆ ਸੀ। ਸੱਚ ਦੀ ਦਾਸਤਾਨ 'ਤੇ ਅਧਾਰਿਤ ਸਾਚੀ ਸਾਖੀ' 20 ਵੀਂ ਸਦੀ ਦੇ ਪਹਿਲੇ ਅੱਧ (15 ਅਗਸਤ, 1947 ਤੱਕ) ਤੱਕ ਦੇ ਬ੍ਰਿਟਿਸ਼ ਵਰਤਾਰੇ, ਕਾਂਗਰਸ ਦੀ ਹਿੰਦੂਤਵੀ ਸੋਚ, ਕਾਇਦੇ-ਆਜ਼ਮ ਜਿਨਾਹ ਦੀ ਸੈਕੂਲਰ ਸੋਚ ਦਾ ਗਾਂਧੀ - ਨਹਿਰੂ ਦੀ ਫਿਰਕੂ ਸੋਚ ਦੇ ਟਾਕਰੇ 'ਤੇ ਇਸਲਾਮਿਕ ਸੋਚ' ਵਿੱਚ ਬਦਲਣਾ ਅਤੇ ਕਾਂਗਰਸੀ ਲੀਡਰਸ਼ਿਪ ਦੇ ਸਿੱਖਾਂ ਨਾਲ ਕੀਤੇ ਕੌਲ-ਇਕਰਾਰਾਂ ਦਾ ਜ਼ਿਕਰ ਵੇਰਵੇ ਸਹਿਤ ਕਰਦੀ ਹੈ। ਇਸ ਪਹਿਲੀ ਅੱਧੀ ਸਦੀ ਦੌਰਾਨ ਦੀ ਅਕਾਲੀ ਲੀਡਰਸ਼ਿਪ (ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਬਲਦੇਵ ਸਿੰਘ ਆਦਿਕ) ਵਲੋਂ, ਸਿੱਖ ਕੌਮ ਦੀ ਮੁਕੰਮਲ ਅਜ਼ਾਦੀ (ਸਿੱਖ ਸਟੇਟ) ਲਈ ਵਾਰ-ਵਾਰ ਗਵਾਏ ਗਏ ਮੌਕਿਆਂ ਦਾ ਵੀ ਇਸ ਵਿੱਚ ਵੇਰਵੇ ਸਹਿਤ ਜ਼ਿਕਰ ਹੈ।

ਸੰਨ 1947 ਦੇ ਦੌਰ ਤੋਂ ਬਾਅਦ, ਹਿੰਦੂ ਲੀਡਰਸ਼ਿਪ ਨੇ ਕਿਵੇਂ ਸਿੱਖ ਕੌਮ ਨੂੰ ਜ਼ਲੀਲ ਕਰਨ ਵਾਲਾ ਵਤੀਰਾ ਸਰਕਾਰੀ ਤੌਰ 'ਤੇ ਅਪਣਾਇਆ, ਉਸ ਦੀ ਵਿਸਤ੍ਰਿਤ ਕਹਾਣੀ ਇਹ ਸਾਚੀ ਸਾਥੀ', ਲਹੂ ਦੇ ਅੱਥਰੂ ਕੇਰਦਿਆਂ ਸੁਣਾ ਰਹੀ ਹੈ। ਇਹ ਸਾਚੀ ਸਾਖੀ' ਸ੍ਵੈ-ਜੀਵਨੀ ਵੀ ਹੈ, ਇਤਿਹਾਸ ਵੀ ਹੈ, ਆਪਣਿਆਂ ਤੇ ਗੈਰਾਂ ਦੀ ਬੇ-ਵਫਾਈ ਦਾ ਹੋਕਾ ਵੀ ਦਿੰਦੀ ਹੈ ਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਖਤਰੇ ਤੋਂ ਖਬਰਦਾਰ ਹੋਣ ਅਤੇ ਕੌਮੀ ਹੋਣੀ ਸਿਰਜਣ ਦੀ ਵੰਗਾਰ ਵੀ ਪਾਉਂਦੀ ਹੈ। ਇਹ ਸ੍ਵੈ-ਜੀਵਨੀ ਸਿਰਦਾਰ ਸਾਹਿਬ ਦੀ ਸਿਰਫ ਆਪਣੀ ਕਹਾਣੀ ਨਾ ਹੋ ਕੇ ਸਿੱਖ ਕੌਮ ਦੀ ਕਿਉਂ ਕੀਤੋ ਵੇਸਾਹੁ' ਦੀ ਤ੍ਰਾਸਦੀ ਦਾ ਬਿਆਨ ਵੀ ਹੈ। ਸਿਰਦਾਰ ਸਾਹਿਬ ਨੇ ਇਸ ਪੁਸਤਕ ਦੇ ਪਹਿਲੇ ਸਫੇ 'ਤੇ, ਗੁਰਬਾਣੀ ਦੀ ਇਹ ਤੁੱਕ ਅੰਕਿਤ ਕੀਤੀ -

*ਸੰਤਨ ਕੀ ਸੁਣ ਸਾਚੀ ਸਾਖੀ,*
*ਸੋ ਬੋਲਹਿ ਜੋ ਪੇਖਹਿ ਆਂਖੀ।'*

ਸਿਰਦਾਰ ਕਪੂਰ ਸਿੰਘ ਸਚਮੁੱਚ ਹੀ ਇੱਕ ਸੰਤ ਬਿਰਤੀ, ਦਰਵੇਸ਼, ਸਿੱਖ ਸੋਚਵਾਨ ਸਨ, ਜਿਹੜੇ ਕਿਸੇ ਨਾਢੂ ਖਾਂ ਦੇ ਸਾਹਮਣੇ ਨਾ ਕਦੇ ਝੁਕੇ, ਨਾ ਹੀ ਕਦੇ ਕਿਸੇ ਦੀ ਈਨ ਮੰਨੀ। ਸਿੱਖ ਦੇ ਸੰਤ-ਸਿਪਾਹੀ ਦੇ ਕਿਰਦਾਰ ਨੂੰ ਅਖੀਰਲੇ ਸਾਹ ਤੱਕ ਨਿਭਾਉਂਦਿਆਂ, ਉਨ੍ਹਾਂ ਨੇ ਬਹੁਤ ਸਾਰੇ ਨੌਜਵਾਨਾਂ ਨੂੰ ਪੰਥਕ ਅਜ਼ਾਦੀ ਦੇ ਰਸਤੇ 'ਤੇ ਤੁਰਨ ਲਈ ਵਿਚਾਰਧਾਰਕ ਅਧਾਰ' ਪ੍ਰਦਾਨ ਕੀਤਾ।

2 ਮਾਰਚ, 1909 ਨੂੰ, ਜ਼ਿਲ੍ਹਾ ਲੁਧਿਆਣਾ ਦੇ ਪਿੰਡ ਚੱਕ ਵਿੱਚ, ਸਰਦਾਰ ਦੀਦਾਰ ਸਿੰਘ ਦੇ ਘਰ ਉਨ੍ਹਾਂ ਦਾ ਜਨਮ ਹੋਇਆ। ਉਨ੍ਹਾਂ ਨੇ ਸਰਕਾਰੀ ਕਾਲਜ ਲਾਹੌਰ ਤੋਂ ਐਮ. ਏ. ਦੀ ਡਿਗਰੀ ਫਸਟ' ਰਹਿ ਕੇ ਹਾਸਲ ਕੀਤੀ ਅਤੇ ਫਿਰ ਉਚੇਰੀ ਸਿੱਖਿਆ ਲਈ ਕੈਂਬਰਿਜ ਯੂਨੀਵਰਸਿਟੀ, ਲੰਡਨ ਵਿੱਚ ਜਾ ਦਾਖਲ ਹੋਏ। ਉਹ ਫਿਲਾਸਫੀ ਦੇ ਧਨੰਤਰ ਵਿਦਵਾਨ ਤਾਂ ਬਣੇ ਹੀ, ਪਰ ਸੰਸਕ੍ਰਿਤ, ਅਰਬੀ, ਫਾਰਸੀ ਜ਼ੁਬਾਨਾਂ 'ਤੇ ਵੀ ਉਨ੍ਹਾਂ ਨੂੰ ਪੂਰੀ ਮੁਹਾਰਤ ਹਾਸਲ ਸੀ। ਉਨ੍ਹਾਂ ਦੀ ਅੰਗਰੇਜ਼ੀ



ਇੱਕ ਯਾਦ : ਸਿਰਦਾਰ ਕਪੂਰ ਸਿੰਘ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ।

ਲਿਖਤ, ਬਿਨਾਂ ਡਿਕਸ਼ਨਰੀ ਦੇ ਸਹਾਰੇ ਦੇ ਸਮਝੀ ਨਹੀਂ ਜਾ ਸਕਦੀ। ਉਸ ਵੇਲੇ ਕੈਂਬਰਿਜ ਯੂਨੀਵਰਸਿਟੀ ਦਾ ਪ੍ਰੋਫੈਸਰ, ਜਗਤ ਪ੍ਰਸਿੱਧ ਫਿਲਾਸਫਰ ਬਰਟਰਨਡ ਰੱਸਲ, ਸਿਰਦਾਰ ਕਪੂਰ ਸਿੰਘ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ, ਉਨ੍ਹਾਂ ਨੂੰ ਕੈਂਬਰਿਜ ਯੂਨੀਵਰਸਿਟੀ ਵਿੱਚ ਅਧਿਆਪਕ' ਬਣਾਉਣ ਦੀ ਪੇਸ਼ਕਸ਼ ਕੀਤੀ। ਪਰ ਸਿਰਦਾਰ ਸਾਹਿਬ ਨੇ ਇਸ ਦੌਰਾਨ ਆਈ.ਸੀ.ਐੱਸ. ਦਾ ਇਮਤਿਹਾਨ ਪਾਸ ਕਰ ਲਿਆ ਅਤੇ ਉਨ੍ਹਾਂ ਨੇ ਪੰਜਾਬ ਪਰਤ ਕੇ, ਆਪਣੇ ਲੋਕਾਂ ਵਿੱਚ ਵਿਚਰਨ ਨੂੰ ਹੀ ਪਹਿਲ ਦਿੱਤੀ।

ਉਨ੍ਹਾਂ ਨੇ ਡਿਪਟੀ ਕਮਿਸ਼ਨਰ' ਦੀ ਸੇਵਾ ਨੂੰ ਬੜੀ ਇਮਾਨਦਾਰੀ ਨਾਲ ਨਿਭਾਇਆ। 1940ਵਿਆਂ ਦੇ ਦੌਰ ਵਿੱਚ ਉਨ੍ਹਾਂ ਨੇ ਬ੍ਰਿਟਿਸ਼ ਸਾਮਰਾਜ ਵਲੋਂ ਸਮੇਂ-ਸਮੇਂ ਅਕਾਲੀ ਲੀਡਰਾਂ ਨੂੰ, ਸਿੱਖ ਕੌਮ ਲਈ ਕੁਝ ਕਰ ਸਕਣ ਦੇ ਸੁਨੇਹੇ ਪਹੁੰਚਾਏ ਪਰ ਅਕਾਲੀ ਲੀਡਰ ਆਪਣੀ ਗਫਲਤ' ਦੀ ਨੀਂਦੇ ਸੁੱਤੇ ਰਹੇ। 1947 ਦੀ ਵੰਡ ਵੇਲੇ, ਸਿਰਦਾਰ ਸਾਹਿਬ ਪੰਜਾਬ ਦੇ ਜ਼ਿਲ੍ਹਾ ਕਾਂਗੜਾ ਦੇ ਡਿਪਟੀ ਕਮਿਸ਼ਨਰ ਸਨ। 10 ਅਕਤੂਬਰ, 1947 ਨੂੰ, ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਵਲੋਂ ਸਿੱਖ ਕੌਮ ਨੂੰ ਜ਼ਰਾਇਮ ਪੇਸ਼ਾ' ਐਲਾਨਣ ਵਾਲਾ ਸਰਕੂਲਰ ਜਾਰੀ ਕੀਤਾ ਗਿਆ। ਇਸ ਦਾ ਸਿਰਦਾਰ ਕਪੂਰ ਸਾਹਿਬ ਨੇ ਡੱਟ ਕੇ ਵਿਰੋਧ ਕੀਤਾ, ਜਿਸ ਕਰਕੇ ਉਨ੍ਹਾਂ ਨੂੰ ਝੂਠੇ ਕੇਸ ਵਿੱਚ ਫਸਾ ਕੇ ਨੌਕਰੀ ਤੋਂ ਕੱਢ ਦਿੱਤਾ ਗਿਆ। ਪ੍ਰਧਾਨ ਮੰਤਰੀ ਪੰਡਿਤ ਨਹਿਰੂ ਨੇ, ਫਿਰਕੂ ਰੋਲ ਅਦਾ ਕਰਦਿਆਂ ਇਹ ਕਾਰਾ ਕਰਵਾਇਆ। ਸਿਰਦਾਰ ਸਾਹਿਬ ਨੇ, ਇਸ ਗੈਰ-ਕਾਨੂੰਨੀ ਕਾਰਵਾਈ ਦੇ ਖਿਲਾਫ ਹਾਈਕੋਰਟ, ਸੁਪਰੀਮ ਕੋਰਟ ਤੱਕ ਲੜਾਈ ਲੜੀ ਪਰ ਪੰਡਿਤ ਨਹਿਰੂ ਨੇ ਕੋਈ ਪੇਸ਼ ਨਾ ਜਾਣ ਦਿੱਤੀ। 1947 ਤੋਂ ਬਾਅਦ ਦੀ ਸਿੱਖਾਂ ਦੀ ਦਸ਼ਾ ਸਬੰਧੀ ਸਿਰਦਾਰ ਸਾਹਿਬ ਨੇ ਸਾਚੀ ਸਾਖੀ' ਵਿੱਚ ਐਲਾਨਿਆ -



ਸਿੱਖਾਂ ਦੀ ਆਜ਼ਾਦੀ ਦੇ ਸ਼ਾਹਸਵਾਰ ਸਿਰਦਾਰ ਕਪੂਰ ਸਿੰਘ

*ਮੁਲਕ ਹਿੰਦੂ ਕਾ, ਰਾਜ ਤਿਕੜੀ ਕਾ*
*ਗੁਰੂ ਰਾਖਾ ਭਾਈ, ਸਿਖੜੇ ਕਾ।'*

ਇੱਥੇ ਤਿਕੜੀ ਤੋਂ ਮਤਲਬ ਪੰਡਤ ਨਹਿਰੂ-ਪ੍ਰਧਾਨ ਮੰਤਰੀ, ਪਟੇਲ-ਗ੍ਰਹਿ ਮੰਤਰੀ ਅਤੇ ਗੋਪੀ ਚੰਗ ਭਾਰਗਵ-ਗਵਰਨਰ ਪੰਜਾਬ ਹੈ।

ਸਿਰਦਾਰ ਸਾਹਿਬ, ਨੂੰ ਅਣਖੀ ਸਿੱਖ' ਹੋਣ ਦੀ ਸਜ਼ਾ, ਉਨ੍ਹਾਂ ਨੂੰ ਨੌਕਰੀਓਂ ਕੱਢ ਕੇ, ਹਿੰਦੂ ਰਾਜਿਆਂ' ਨੇ ਦਿੱਤੀ। ਇਸ ਧੱਕੇਸ਼ਾਹੀ ਵਿਰੁੱਧ, ਸਿਰਦਾਰ ਸਾਹਿਬ ਨੇ ਪੂਰਾ ਜਿਹਾਦ ਕੀਤਾ। ਉਨ੍ਹਾਂ ਨੇ 1962 ਦੀਆਂ ਚੋਣਾਂ ਵਿੱਚ ਲੁਧਿਆਣਾ ਪਾਰਲੀਮਾਨੀ ਹਲਕੇ ਤੋਂ ਚੋਣ ਜਿੱਤੀ ਅਤੇ ਪਾਰਲੀਮੈਂਟ ਮੈਂਬਰ ਬਣੇ। 1962 ਤੋਂ 1964 ਤੱਕ (27 ਮਈ, 1964 ਨੂੰ ਨਹਿਰੂ ਦੀ ਮੌਤ ਹੋ ਗਈ ਸੀ) ਉਨ੍ਹਾਂ ਨੇ ਪਾਰਲੀਮੈਂਟ ਵਿੱਚ ਕਈ ਵਾਰ ਨਹਿਰੂ ਨੂੰ ਵੰਗਾਰਿਆ। ਖਾਸ ਕਰ, ਚੀਨ ਦੀ ਲੜਾਈ ਦੌਰਾਨ, ਸਿਰਦਾਰ ਸਾਹਿਬ ਦੀ ਪਾਰਲੀਮੈਂਟ ਵਿੱਚ ਸਪੀਚ ਇੱਕ ਇਤਿਹਾਸਕ ਦਸਤਾਵੇਜ਼ ਹੈ। 1 ਨਵੰਬਰ, 1966 ਨੂੰ ਪੰਜਾਬ ਪੁਨਰਗਠਨ ਐਕਟ' ਹੇਠ, ਪੰਜਾਬੀ ਸੂਬਾ ਹੋਂਦ ਵਿੱਚ ਆਇਆ। ਇਸ ਬਿੱਲ ਦੌਰਾਨ ਬਹਿਸ ਵਿੱਚ ਸਿਰਦਾਰ ਸਾਹਿਬ ਨੇ, ਇਸ ਬਿੱਲ ਨੂੰ ਗੰਦਾ ਅੰਡਾ' ਆਖਿਆ, ਜਿਹੜਾ ਕਿ ਸਿੱਖ ਕੌਮ ਨਾਲ ਅੱਗੋਂ ਘੋਰ ਅਨਿਆਂ ਦਾ ਕਾਰਨ ਬਣਿਆ ਹੈ। ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਦੀ ਕਮਾਂਡ ਹੇਠ ਇਹ ਬਿੱਲ ਐਕਟ ਬਣਿਆ। ਉਦੋਂ ਸਿਰਦਾਰ ਕਪੂਰ ਸਿੰਘ, ਮਾਸਟਰ ਤਾਰਾ ਸਿੰਘ ਅਕਾਲੀ ਦਲ ਵਿੱਚ ਸਨ।

ਪਰ ਬਹੁਗਿਣਤੀ ਸਿੱਖ ਕੌਮ ਤੇ ਮੈਂਬਰ ਸੰਤ ਫਤਿਹ ਸਿੰਘ ਦੇ ਨਾਲ ਸਨ, ਜਿਸ ਨੇ ਇਸ ਬਿੱਲ ਦਾ ਸਵਾਗਤ ਕੀਤਾ ਅਤੇ ਆਪ ਇੰਗਲੈਂਡ ਦੀ ਸੈਰ ਕਰਨ ਤੁਰ ਗਿਆ। ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ 78, 79 ਅਤੇ 80 ਪੰਜਾਬ ਦੇ ਪਾਣੀਆਂ ਤੇ ਗੈਰ-ਸੰਵਿਧਾਨਕ ਤਰੀਕੇ ਨਾਲ ਭਾਖੜਾ ਬਿਆਸ ਮੈਨੇਜਮੈਂਟ ਬੋਰਡ' ਦਾ ਕੰਟਰੋਲ ਅਸਥਾਪਤ ਕਰਦੀਆਂ ਹਨ ਅਤੇ ਇਸ ਤਰ੍ਹਾਂ ਨਾਨ-ਰਾਇਪੇਰੀਅਨ ਸਟੇਟਾਂ (ਰਾਜਸਥਾਨ, ਹਰਿਆਣਾ ਆਦਿਕ) ਪੰਜਾਬ ਦੇ ਦਰਿਆਈ ਪਾਣੀਆਂ ਦਾ ਵੱਡਾ ਹਿੱਸਾ ਲੁੱਟ ਰਹੀਆਂ ਹਨ।

1969 ਵਿੱਚ ਸਿਰਦਾਰ ਕਪੂਰ ਸਿੰਘ, ਸਮਰਾਲਾ ਵਿਧਾਨ ਸਭਾ ਹਲਕੇ ਤੋਂ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਪਰ ਉਨ੍ਹਾਂ ਨੂੰ ਅਕਾਲੀਆਂ ਨੇ ਵਜ਼ਾਰਤ' 'ਚ ਅਹੁਦਾ ਨਾ ਦਿੱਤਾ। 1967 ਵਿੱਚ ਮਾਸਟਰ ਤਾਰਾ ਸਿੰਘ ਦੀ ਮੌਤ ਤੋਂ ਬਾਅਦ, ਦੋਵੇਂ ਅਕਾਲੀ ਦਲਾਂ (ਮਾਸਟਰ ਤੇ ਸੰਤ ਦਲ) ਦਾ ਏਕਾ ਹੋ ਗਿਆ ਸੀ ਅਤੇ ਸਿਰਦਾਰ ਕਪੂਰ ਸਿੰਘ ਨੇ ਨਾ-ਸਿਰਫ ਸਮਝੌਤਾ ਦਸਤਾਵੇਜ਼ ਹੀ ਲਿਖਿਆ ਸੀ ਬਲਕਿ ਉਨ੍ਹਾਂ ਨੂੰ ਅਕਾਲੀ ਦਲ ਦਾ ਸੀਨੀਅਰ ਮੀਤ-ਪ੍ਰਧਾਨ ਵੀ ਬਣਾਇਆ ਗਿਆ ਸੀ। ਇਸ ਸਮਝੌਤਾ ਦਸਤਾਵੇਜ਼ ਵਿੱਚ ਪੰਥ ਦਾ ਰਾਜਸੀ ਨਿਸ਼ਾਨਾ ਖਾਲਸਾ ਜੀ ਕੇ ਬੋਲਬਾਲੇ' ਮਿੱਥਿਆ ਗਿਆ ਸੀ। ਜਦੋਂ ਸਿਰਦਾਰ ਕਪੂਰ ਸਿੰਘ ਨੇ, ਅਕਾਲੀ ਲੀਡਰਾਂ ਨੂੰ ਇਹ ਸਮਝੌਤਾ ਯਾਦ ਕਰਵਾਇਆ ਤਾਂ ਪਾਰਟੀ ਵਿਰੋਧੀ ਕਾਰਵਾਈ ਦਾ ਦੋਸ਼ ਲਾ ਕੇ, ਉਨ੍ਹਾਂ ਨੂੰ ਅਕਾਲੀ ਪਾਰਟੀ 'ਚੋਂ ਕੱਢ ਦਿੱਤਾ ਗਿਆ। ਸਿਰਦਾਰ ਦਰਸ਼ਨ ਸਿੰਘ ਫੇਰੂਮਾਨ ਵਲੋਂ ਸਿੱਖ ਹੋਮਲੈਂਡ' ਦੇ ਮੁੱਦੇ 'ਤੇ ਮਰਨ ਵਰਤ ਰੱਖ ਕੇ 'ਸ਼ਹੀਦੀ' ਪਾਉਣ ਦੇ ਮੌਕੇ, ਸਿਰਦਾਰ ਸਾਹਿਬ ਵਲੋਂ ਪੰਜਾਬ ਵਿਧਾਨ ਸਭਾ ਵਿੱਚ ਕੀਤਾ ਗਿਆ ਭਾਸ਼ਣ ਵੀ ਇੱਕ ਯਾਦਗਾਰੀ ਭਾਸ਼ਣ ਹੈ। ਉਨ੍ਹਾਂ ਆਪਣੇ ਭਾਸ਼ਣ ਵਿੱਚ ਕਿਹਾ -ਮੈਂ ਇਸ ਸ਼ਹੀਦ ਮਰਦ, ਸਿੰਘਾਊ ਜਜ਼ਬੇ ਨਾਲ ਭਰਪੂਰ ਇਸ ਸਿੱਖ ਨੂੰ ਅੱਜ ਇਥੇ ਨਮਸਕਾਰ ਕਰਦਾ ਹਾਂ ਕਿਉਂ ਜੋ ਉਹ ਸਿੱਖ ਹੋਮਲੈਂਡ ਦਾ ਪਹਿਲਾ ਸ਼ਹੀਦ ਹੈ੩।' ਇਸ ਤੋਂ ਪਹਿਲਾਂ 14 ਜੁਲਾਈ, 1965 ਨੂੰ ਲੁਧਿਆਣੇ ਵਿੱਚ ਹੋਈ ਨਲਵਾ ਅਕਾਲੀ ਕਾਨਫਰੰਸ' ਮੌਕੇ ਪਾਸ ਕੀਤਾ ਗਿਆ ਸਿੱਖ ਹੋਮਲੈਂਡ ਦਾ ਮਤਾ' ਸਿਰਦਾਰ ਕਪੂਰ ਸਿੰਘ ਦੀ ਲਿਖਤ ਹੀ ਸੀ।

ਸੰਨ 1973 ਵਿੱਚ, ਅਕਾਲੀ ਦਲ ਦੀ ਵਰਕਿੰਗ ਕਮੇਟੀ ਵਲੋਂ ਪਾਸ ਕੀਤਾ ਗਿਆ ਅਨੰਦਪੁਰ ਸਾਹਿਬ ਦਾ ਮਤਾ' ਵੀ ਸਿਰਦਾਰ ਕਪੂਰ ਸਿੰਘ ਦੀ ਪੂਰੀ ਮੋਹਰ ਛਾਪ ਕਬੂਲਦਾ ਹੈ। 13 ਅਪ੍ਰੈਲ, 1978 ਨੂੰ ਸ੍ਰੀ ਅੰਮ੍ਰਿਤਸਰ ਵਿੱਚ ਨਰਕਧਾਰੀਆਂ ਵਲੋਂ ਸਿੱਖਾਂ ਦੇ ਖ਼ੂਨ ਨਾਲ ਖੇਡੀ ਗਈ ਹੋਲੀ ਦੇ ਜਵਾਬ ਵਿੱਚ 10 ਜੂਨ, 1978 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਨਰਕਧਾਰੀਆਂ ਦੇ ਖਿਲਾਫ ਜਾਰੀ ਕੀਤਾ ਗਿਆ ਹੁਕਮਨਾਮਾ ਅਤੇ ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਾਰੀ ਵਾਈਟ ਪੇਪਰ (ਦੇਅ ਮੈਸੇਕਰ ਸਿੱਖਜ਼ - ਵਾਈਟ ਪੇਪਰ ਬਾਈ ਸਿੱਖ ਰੀਲੀਜੀਅਸ ਪਾਰਲੀਮੈਂਟ) ਦੀ ਸ਼ਬਦਾਵਲੀ ਵੀ ਸਿਰਦਾਰ ਸਾਹਿਬ ਦੀ ਹੀ ਦੇਣ ਸੀ।

ਸਿਰਦਾਰ ਕਪੂਰ ਸਿੰਘ ਨੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਕਈ ਪੁਸਤਕਾਂ ਲਿਖਣ ਤੋਂ ਇਲਾਵਾ ਸਮੇਂ-ਸਮੇਂ ਪ੍ਰਮੁੱਖ ਰਸਾਲਿਆਂ, ਅਖਬਾਰਾਂ ਲਈ ਲੇਖ ਵੀ ਲਿਖੇ। ਉਨ੍ਹਾਂ ਦੀਆਂ ਪ੍ਰਸਿੱਧ ਪੁਸਤਕਾਂ ਵਿੱਚ ਪ੍ਰਾਸ਼ਰ-ਪ੍ਰਸ਼ਨਾ, ਹਸ਼ੀਸ਼ (ਕਵਿਤਾਵਾਂ), ਸਪਤ-ਸ੍ਰਿੰਗ, ਬਹ-ਵਿਸਥਾਰ, ਪੁੰਡਰੀਕ, ਮਨਸੂਰ ਅੱਲ-ਹਲਾਜ, ਸਿਖਇਜ਼ਮ ਫਾਰ ਮਾਡਰਨ ਮੈਨ, ਮੀ ਜੂਡੀਸ, ਸੇਕਰਡ ਰਾਈਟਿੰਗਜ਼ ਆਫ ਦੀ ਸਿਖਜ਼ (ਜਿਸ ਨੂੰ ਯੂਨਾਇਟਿਡ ਨੇਸ਼ਨਜ਼ ਦੀ ਸੰਸਥਾ ਯੂਨੈਸਕੋ ਵਲੋਂ ਪ੍ਰਕਾਸ਼ਿਤ ਕੀਤਾ ਗਿਆ), ਕੰਟਰੀਬਿਊਸ਼ਨਜ਼ ਆਫ ਗੁਰੂ ਨਾਨਕ, ਦੀ ਆਵਰ ਆਫ ਸਵੋਰਡ, ਗੁਰੂ ਅਰਜਨ ਐਂਡ ਹਿਜ਼ ਸੁਖਮਨੀ ਆਦਿ ਸ਼ਾਮਲ ਹਨ।

ਸੰਨ 1978 ਤੋਂ ਬਾਅਦ, ਚੰਡੀਗੜ੍ਹ ਵਿੱਚ ਹੋਏ ਵੱਖ-ਵੱਖ ਸੈਮੀਨਾਰਾਂ, ਜਿਨ੍ਹਾਂ ਦਾ ਵਿਸ਼ਾ ਸੀ - ਖਾਲਿਸਤਾਨ, ਕਿਉਂ ਨਹੀਂ" (ਖਾਲਿਸਤਾਨ-ਵਾਈ ਨਾਟ) ਵਿੱਚ ਸਿਰਦਾਰ ਕਪੂਰ ਸਿੰਘ ਨੇ, ਪੰਥ ਦੀ ਆਜ਼ਾਦੀ ਲਈ ਨੌਜਵਾਨਾਂ ਨੂੰ ਕੁਝ ਕਰ ਗੁਜ਼ਰਨ' ਦਾ ਸੱਦਾ ਦਿੱਤਾ। ਦਲ ਖਾਲਸਾ ਦੇ ਮੁਖੀ ਸਰਦਾਰ ਗਜਿੰਦਰ ਸਿੰਘ ਵਰਗੇ ਨੌਜਵਾਨ, ਮਜ਼ਬੂਤੀ ਨਾਲ ਅਜ਼ਾਦੀ ਦੇ ਰਸਤੇ 'ਤੇ ਕੇਸਰੀ ਨਿਸ਼ਾਨ ਲੈ ਕੇ ਅੱਗੇ ਵਧੇ। 1980ਵਿਆਂ ਵਿੱਚ, ਭਾਈ ਅਮਰੀਕ ਸਿੰਘ ਪ੍ਰਧਾਨ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਯਤਨਾਂ ਨਾਲ, ਸਿਰਦਾਰ ਕਪੂਰ ਸਿੰਘ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਮੇਲ ਹੋਇਆ ਭਾਵੇਂ ਕਿ ਉਦੋਂ ਸਿਰਦਾਰ ਸਾਹਿਬ ਦੀ ਸਿਹਤ, ਖਰਾਬੀ ਦੇ ਰਸਤੇ 'ਤੇ ਪੈ ਚੁੱਕੀ ਸੀ। ਸਿਰਦਾਰ ਕਪੂਰ ਸਿੰਘ ਨੇ ਜਿੱਥੇ ਸੰਤਾਂ ਦੀ ਇਮਾਨਦਾਰੀ ਤੇ ਸਿਰੜ ਦੀ ਤਾਰੀਫ਼ ਕੀਤੀ, ਉੱਥੇ ਅਕਾਲੀਆਂ ਦੀ ਬਦਨੀਤੀ ਤੋਂ ਉਨ੍ਹਾਂ ਨੂੰ ਖ਼ਬਰਦਾਰ ਵੀ ਕੀਤਾ। 1980ਵਿਆਂ ਦੇ ਸਿੱਖ ਜੋਸ਼ ਤੇ ਉਭਾਰ ਤੋਂ ਸਿਰਦਾਰ ਸਾਹਿਬ ਬਾਗੋਬਾਗ ਹੋਏ, ਕਿਹਾ ਕਰਦੇ ਸਨ - ਗੁਰੂ ਨੇ ਪੰਥ ਨੂੰ ਬੇਘਰੇ ਨਹੀਂ ਰਹਿਣ ਦੇਣਾ, ਗੁਰੂ ਬਹੁੜੀ ਕਰੇਗਾ। ਪਰ ਇਨ੍ਹਾਂ ਅਕਾਲੀ ਲੀਡਰਾਂ ਤੋਂ ਪਹਿਲਾਂ ਪੰਥ ਦਾ ਖਹਿੜਾ ਛਡਾਓ।'

ਜੂਨ-1984 ਤੇ ਨਵੰਬਰ-1984 ਦੇ ਘੱਲੂਘਾਰਿਆਂ ਦੀ ਪੀੜ ਨੂੰ ਸਿਰਦਾਰ ਸਾਹਿਬ ਨੇ ਬੜੀ ਸ਼ਿੱਦਤ ਤੇ ਬੇਚੈਨੀ ਨਾਲ ਹੰਢਾਇਆ। ਭਾਵੁਕ ਹੁੰਦਿਆਂ ਉਨ੍ਹਾਂ ਦੀ ਅੱਖਾਂ 'ਚੋਂ ਹੰਝੂ ਤ੍ਰਿਪ-ਤ੍ਰਿਪ ਵਗਦੇ ਸਨ। ਉਹ ਜੋਸ਼ ਅਤੇ ਜਜ਼ਬੇ ਦੇ ਆਵੇਸ਼ ਵਿੱਚ, ਬਿਮਾਰ ਹਾਲਤ ਵਿੱਚ ਮੰਜੀ 'ਤੇ ਬੈਠੇ, ਮੁਲਾਕਾਤ ਲਈ ਆਉਣ ਵਾਲਿਆਂ ਨੂੰ ਕਹਿੰਦੇ ਸਨ - ਜੇ ਇਤਿਹਾਸ ਵਿੱਚ ਇਹ ਵਰਨਣ ਆਏ ਕਿ ਇੱਕ ਛੋਟੀ ਜਿਹੀ ਸਿੱਖ ਕੌਮ ਸੀ, ਜਿਹੜੀ ਕਿ ਆਪਣੀ ਅਜ਼ਾਦੀ ਲਈ ਲੜਦੀ ਹੋਈ, ਸਾਰੀ ਦੀ ਸਾਰੀ ਕੁਰਬਾਨ ਹੋ ਗਈ, ਉਸ ਦਾ ਹਰ ਬੱਚਾ, ਬੁੱਢਾ, ਮਾਈ-ਭਾਈ ਸਭ ਸ਼ਹੀਦ ਹੋ ਗਏ ਤਾਂ ਇਹ ਬੜੇ ਫਖਰ ਦੀ ਗੱਲ ਹੋਵੇਗੀ। ਪਰ ਹਿੰਦੂਆਂ ਦੀ ਗੁਲਾਮੀ ਹੇਠ ਜਿਊਣਾ ਤਾਂ ਕੁੰਭੀ ਨਰਕ ਵਿੱਚ ਸੁੱਟੇ ਜਾਣ ਦੇ ਬਰਾਬਰ ਹੈ।'

ਸਮੁੱਚੀ ਸਿੱਖ ਕੌਮ ਦਾ ਦਰਦ ਆਪਣੇ ਸੀਨੇ ਵਿੱਚ ਲੈ ਕੇ, ਕੌਮੀ ਅਜ਼ਾਦੀ ਲਈ ਤਾਂਘਦਿਆਂ, 13 ਅਗਸਤ, 1986 ਨੂੰ ਇਹ ਅਣਖੀ ਰੂਹ, ਗੁਰੂ ਚਰਨਾਂ ਵਿੱਚ ਜਾ ਬਿਰਾਜੀ। ਸਿੱਖ ਦੀ ਸਿੱਖੀ ਕੇਸਾਂ-ਸਵਾਸਾਂ ਨਾਲ ਨਿਭੀ। 30 ਮਿਲੀਅਨ ਸਿੱਖ ਕੌਮ, ਕੀ ਆਪਣੇ ਆਪ ਨੂੰ ਪੁੱਛੇਗੀ ਕਿ ਅਜ਼ਾਦੀ' ਦੇ ਪੈਮਾਨੇ ਅਨੁਸਾਰ ਅੱਜ ਅਸੀਂ ਕਿੱਥੇ ਖੜ੍ਹੇ ਹਾਂ ? ਅਲਾਮਾ ਇਕਬਾਲ ਦਾ ਇਹ ਸ਼ੇਅਰ ਸਿਰਦਾਰ ਕਪੂਰ ਸਿੰਘ ਦੀ ਸ਼ਖਸੀਅਤ 'ਤੇ ਐਨ ਢੁੱਕਦਾ ਹੈ:

*"ਹਜ਼ਾਰੋਂ ਸਾਲ ਨਰਗਿਸ, ਅਪਨੀ ਬੇ-ਨੂਰੀ ਪੇ ਰੋਤੀ ਹੈ।*
*ਬੜੀ ਮੁਸ਼ਕਿਲ ਸੇ ਹੋਤਾ ਹੈ, ਚਮਨ ਮੇ ਦੀਦਾਵਰ ਪੈਦਾ।"*

### ਮਾਨਸਾ ਪੁੱਜੇ ਕੈਪਟਨ-ਚਿੱਟੀ ਮੱਖੀ ਤੇ ਭੂਰੀ ਜੂੰ ਦੇ ਹਮਲੇ ਨਾਲ ਖਰਾਬ ਫ਼ਸਲ ਦਾ ਜਾਇਜ਼ਾ ਲਿਆ

# ਕਿਸਾਨਾਂ ਨੇ ਮੰਗਿਆ ਮੁਆਵਜ਼ਾ, ਕੈਪਟਨ ਨੇ ਕੀਤਾ ਇਨਕਾਰ

### *ਕਿਹਾ-ਇਕ ਫ਼ੀਸਦੀ ਹੀ ਖ਼ਰਾਬ ਹੈ ਫ਼ਸਲ*

### *'ਮਾਮੂਲੀ ਨੁਕਸਾਨ ਨੂੰ ਮੀਡੀਆ ਨੇ ਵਧਾ-ਚੜ੍ਹਾ ਕੇ ਪੇਸ਼ ਕੀਤਾ, ਕਿਸਾਨਾਂ ਨੇ ਦੂਸਰੇ ਸੂਬਿਆਂ ਤੋਂ ਗੈਰ ਪ੍ਰਮਾਣਤ ਬੀਜ ਲਿਆ ਕੇ ਬੀਜੇ, ਇਸ ਲਈ ਆਈ ਸਮੱਸਿਆ'*

ਮਾਨਸਾ/ਬਿਊਰੋ ਨਿਊਜ਼ : ਸ਼ੁੱਕਰਵਾਰ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਮਾਨਸਾ ਜ਼ਿਲ੍ਹੇ ਦਾ ਦੌਰਾ ਕਿਸਾਨਾਂ ਲਈ ਕੋਈ ਰਾਹਤ ਨਹੀਂ ਲੈ ਕੇ ਆਇਆ। ਚਿੱਟੀ ਮੱਖੀ ਤੇ ਭੂਰੀ ਜੂੰ ਦੇ ਹਮਲੇ ਨਾਲ ਖ਼ਰਾਬ ਹੋਈ ਨਰਮੇ ਦੀ ਫਸਲ ਦੇ ਮੁਆਵਜ਼ੇ ਦੀ ਮੰਗ ਕਰ ਰਹੇ ਕਿਸਾਨਾਂ ਨੂੰ ਮੁੱਖ ਮੰਤਰੀ ਨੇ ਮੁਆਵਜ਼ਾ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ, 'ਖਰਾਬ ਹੋਈ ਫ਼ਸਲ ਨੂੰ ਹੁਣ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਖੁਦ ਦੇਖਣਗੇ।' ਉਨ੍ਹਾਂ ਕਿਹਾ, 'ਕਿਸਾਨ ਆਪਣੀ ਫਸਲ ਨੂੰ ਨਸ਼ਟ ਨਾ ਕਰਨ।' ਮੁੱਖ ਮੰਤਰੀ ਮਾ3ਨਸਾ ਜ਼ਿਲ੍ਹੇ ਦੇ ਦੋ ਪਿੰਡਾਂ ਖਿਆਲਾ ਕਲਾਂ ਤੇ ਸਾਹਨੇਵਾਲੀ ਵਿਚ ਬਰਬਾਦ ਫ਼ਸਲ ਦਾ ਜਾਇਜ਼ਾ ਲੈਣ ਪਹੁੰਚੇ ਸਨ। ਉਨ੍ਹਾਂ ਦੇ ਨਾਲ ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਵੀ ਮੌਜੂਦ ਸਨ।

ਪਿੰਡ ਖਿਆਲਾ ਕਲਾਂ ਵਿਚ ਕੈਪਟਨ ਕਿਸਾਨ ਮਲਕੀਤ ਸਿੰਘ ਦੇ ਖੇਤ ਵਿਚ ਪਹੁੰਚੇ ਤਾਂ ਉਸ ਨੇ ਮੁੱਖ ਮੰਤਰੀ ਨੂੰ ਬੀਜ, ਕੀਟਨਾਸ਼ਕ ਦਵਾਈਆਂ ਦੇ ਬਿਲ ਦਿਖਾਉਂਦੇ ਹੋਏ ਬਰਬਾਦ ਫ਼ਸਲ ਦਾ 40 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਮੰਗਿਆ। ਕੈਪਟਨ ਨੇ ਕਿਹਾ, ਨੂੰਨਰਮੇ ਦੀ ਫ਼ਸਲ 'ਤੇ ਹਮਲਾ ਇਕ ਪ੍ਰਤੀਸ਼ਤ ਹੀ ਹੈ। ਆਪਣੀ ਫ਼ਸਲ ਨੂੰ ਨਸ਼ਟ ਨਾ ਕਰੋ ਤੇ ਖੇਤੀਬਾੜੀ ਵਿਭਾਗ ਉਸ ਦੀ ਫ਼ਸਲ 'ਤੇ ਹੋਏ ਹਮਲੇ ਨੂੰ ਕੰਟਰੋਲ ਕਰਕੇ ਪੂਰਾ ਝਾੜ ਦਿਵਾਏਗੀ। ਉਨ੍ਹਾਂ ਕਿਹਾ ਕਿ ਨਰਮੇ ਦੀ ਫ਼ਸਲ 'ਤੇ ਹੋਏ ਮਾਮਲੂ ਨੁਕਸਾਨ ਨੂੰ ਮੀਡੀਆ ਵਲੋਂ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਕੈਪਟਨ ਨੇ ਕਿਹਾ, 'ਗੈਰ ਪ੍ਰਮਾਣਤ ਕਿਸਮਾਂ ਦੀ ਬੀਜ ਕਿਸਾਨਾਂ ਵਲੋਂ ਆਪਣੇ ਪੱਧਰ 'ਤੇ ਗੁਜਰਾਤ ਤੇ ਹੋਰਨਾਂ ਸੂਬਿਆਂ ਤੋਂ ਲਿਆ ਕੇ ਬਿਜਾਈ ਕਰ ਲੈਣ ਦੇ ਚਲਦਿਆਂ ਅਜਿਹੀ ਸਮੱਸਿਆ ਸਾਹਮਣੇ ਆਉਂਦੀ ਹੈ। ਕਿਸਾਨ ਬਲਬੀਰ ਸਿੰਘ ਨੇ ਦੱਸਿਆ ਕਿ ਉਸ ਨੇ 4 ਏਕੜ ਜ਼ਮੀਨ 40 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਠੇਕੇ 'ਤੇ ਲਈ ਹੈ। ਜਿਸ 'ਤੇ ਨਰਮੇ ਦੀ ਫ਼ਸਲ ਬਿਜਾਈ ਕਰਨ ਵਿਚ ਉਸ ਦਾ ਪ੍ਰਤੀ ਏਕੜ 15 ਹਜ਼ਾਰ ਰੁਪਏ ਦਾ ਖ਼ਰਚ ਹੋਏ ਹਨ। ਮੱਛਰ ਵਲੋਂ ਬਰਬਾਦ ਕਰ ਦੇਣ ਦੇ ਚਲਦਿਆਂ ਉਸ ਨੂੰ ਵੀ ਆਪਣੀ ਫ਼ਸਲ ਨਸ਼ਟ ਕਰਨੀ ਪੈ ਰਹੀ ਹੈ। ਜ਼ਿਕਰਯੋਗ ਹੈ ਕਿ ਖਿਆਲਾ ਕਲਾਂ ਦੇ 700 ਏਕੜ ਰਕਬੇ ਵਿਚ ਨਰਮੇ ਦੀ ਬਿਜਾਈ ਕੀਤੀ ਗਈ ਹੈ। ਜਿਸ ਵਿਚ 50 ਤੋਂ 60 ਫ਼ੀਸਦੀ ਫ਼ਸਲ ਖਰਾਬ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਹੈ।



### ਕਿਸਾਨ ਨੇਤਾ ਬੋਲੇ : *ਜੇ ਕੁਝ ਦੇਣਾ ਨਹੀਂ ਸੀ ਤਾਂ ਕਿਉਂ ਆਏ*

ਭਾਰਤੀ ਕਿਸਾਨ ਯੂਨੀਅਨ ਡਕੌਂਦਾ ਧਿਰ ਦੇ ਨੇਤਾ ਲਾਭ ਸਿੰਘ ਤੇ ਬਲਵਿੰਦਰ ਸ਼ਰਮਾ ਨੇ ਕਿਹਾ ਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਬਰਬਾਦ ਹੋਈ ਫ਼ਸਲ ਨੂੰ ਲੈ ਕੇ ਮੁਆਵਜ਼ੇ ਦਾ ਕੋਈ ਐਲਾਨ ਨਹੀਂ ਕਰਨਾ ਸੀ, ਤਾਂ ਕਿਸਾਨਾਂ ਕੋਲ ਜਾ ਕੇ ਅਜਿਹੀ ਵਾਹਵਾਹ ਲੁੱਟਣ ਦਾ ਕੋਈ ਮਤਲਬ ਨਹੀਂ ਹੈ।

### ਸਾਹਨੇਵਾਲੀ 'ਚ ਕਿਸਾਨਾਂ ਨੇ ਨਾਅਰੇਬਾਜ਼ੀ ਕੀਤੀ ਤਾਂ ਕੈਪਟਨ ਫ਼ਸਲ ਦੇਖਣ ਪਹੁੰਚੇ

ਪਿੰਡ ਸਾਹਨੇਵਾਲੀ ਵਿਚ ਪੀੜਤ ਕਿਸਾਨਾਂ ਨੂੰ ਕੈਪਟਨ ਨੂੰ ਨਾ ਮਿਲਣ ਦੇਣ 'ਤੇ ਕਿਸਾਨਾਂ ਨੇ ਪੰਜਾਬ ਸਰਕਾਰ ਤੇ ਖੇਤੀਬਾੜੀ ਵਿਭਾਗ ਦੇ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਜਿਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਮਾਮਲੇ ਨੂੰ ਸ਼ਾਂਤ ਕਰਨ ਲਈ ਵਿਰੋਧ ਕਰ ਰਹੇ ਕਿਸਾਨਾਂ ਦੇ ਖੇਤਾਂ ਵਿਚ ਜਾ ਕੇ ਫ਼ਸਲ ਦਾ ਜਾਇਜ਼ਾ ਲਿਆ। ਇਥੇ ਕਿਸਾਨਾਂ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦੀ ਕਿਸਾਨਾਂ ਪ੍ਰਤੀ ਲਾਪ੍ਰਵਾਹੀ ਬਾਰੇ ਉਨ੍ਹਾਂ ਨੂੰ ਜਾਣੂ ਕਰਵਾਉਂਦਿਆਂ ਉਨ੍ਹਾਂ ਖ਼ਿਲਾਫ਼ ਕਾਰਵਾਈ ਦੀ ਮੰਗ ਰੱਖੀ।

## ਕਿਸਾਨਾਂ ਸਿਰ ਚੜ੍ਹੇ ਕਰਜ਼ੇ 'ਚ ਹੱਥ ਵਟਾਉਣ ਲੱਗੇ ਪਰਵਾਸੀ ਭਰਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਦੇ ਸੱਦੇ 'ਤੇ ਪਰਵਾਸੀ ਭਰਾਵਾਂ ਨੇ ਕਿਸਾਨਾਂ ਦੀ ਮਦਦ ਲਈ ਅੱਗੇ ਆਉਣਾ ਸ਼ੁਰੂ ਕਰ ਦਿੱਤਾ ਹੈ। ਖਹਿਰਾ ਨੇ ਦੱਸਿਆ ਕਿ ਜੀਤ ਸਿੰਘ ਕੁਲਾਰ (ਕੈਨੇਡਾ), ਰਾਜੂ ਪੁਰੇਵਾਲ (ਕੈਨੇਡਾ), ਦਸ਼ਮੇਸ਼ ਸਿੰਘ ਪੰਨੂ (ਕੈਨੇਡਾ) ਅਤੇ ਜਸਵਿੰਦਰ ਸਿੰਘ ਲਾਟੀ (ਇਟਲੀ) ਨੇ ਹਰੇਕ ਪੀੜਤ ਕਿਸਾਨ ਪਰਿਵਾਰ ਨੂੰ ਇਕ ਇਕ ਲੱਖ ਰੁਪਏ ਦੀ ਮਦਦ ਦਿੱਤੀ ਜਾਵੇਗੀ। ਮਨਜੀਤ ਸਿੰਘ ਘੁੰਮਣ (ਹਾਲੈਂਡ) ਨੇ ਦਲਿਤ ਖੇਤ ਮਜ਼ਦੂਰ ਪਰਿਵਾਰਾਂ ਦੀਆਂ ਵਿਧਵਾਵਾਂ ਨੂੰ ਪ੍ਰਤੀ ਮਹੀਨਾ 25-2500 ਰੁਪਏ ਪੈਨਸ਼ੈਨ ਦੇਣ ਦੀ ਗੱਲ ਕਹੀ ਹੈ। ਮੋਗਾ ਦੇ ਹੀ ਹੈਪੀ ਨੇ ਕਿਸੇ ਵੀ ਪੀੜਤ ਪਰਿਵਾਰ ਨੂੰ 25000 ਰੁਪਏ ਦੀ ਹਾਮੀ ਭਰੀ ਹੈ। ਖਹਿਰਾ ਨੇ ਦੱਸਿਆ ਕਿ ਉਨ੍ਹਾਂ ਨੇ ਕਪੂਰਥਲਾ ਦੇ ਮਜ਼ਦੂਰ ਪਰਿਵਾਰ ਨੂੰ 50,000 ਦੀ ਮਦਦ ਦਿੱਤੀ ਹੈ। ਇਸ ਪਰਿਵਾਰ ਦੇ 5 ਮੈਂਬਰਾਂ ਨੇ ਜੂਨ ਵਿਚ ਜ਼ਹਿਰੀਲੀ ਦਵਾਈ ਪੀ ਕੇ ਜਾਨ ਦੇ ਦਿੱਤੀ ਸੀ। 'ਪੀੜਤ ਕਿਸਾਨ-ਮਜ਼ਦੂਰ ਬਚਾਓ ਮੁਹਿੰਮ' ਤਹਿਤ ਖਹਿਰਾ ਨੇ ਪਰਵਾਸੀ ਪੰਜਾਬੀਆਂ ਨੂੰ ਖੁੱਲ੍ਹੇ ਦਿਲ ਨਾਲ ਕਿਸਾਨਾਂ ਤੇ ਮਜ਼ਦੂਰਾਂ ਦੀ ਮਦਦ ਕਰਨ ਵਾਸਤੇ ਅੱਗੇ ਆਉਣ ਲਈ ਅਪੀਲ ਕੀਤੀ ਹੈ। ਖਹਿਰਾ ਦੀ ਅਪੀਲ ਨੂੰ ਬੂਰ ਵੀ ਪੈਣ ਲੱਗਾ ਹੈ। ਵਿਦੇਸ਼ਾਂ ਵਿਚ ਵਸੇ ਅੱਧੀ ਦਰਜਨ ਤੋਂ ਵੱਧ ਪੰਜਾਬੀਆਂ ਨੇ ਕਿਸਾਨ-ਮਜ਼ਦੂਰਾਂ ਦੇ ਕਰਜ਼ੇ ਦੇ ਭਾਰ ਦੀ ਪੰਡ ਹੌਲੀ ਕਰਨ ਲਈ ਲੱਖਾਂ ਰੁਪਏ ਦੀ ਮਦਦ ਭੇਜੀ ਹੈ। ਆਸਟਰੇਲੀਆ ਰਹਿ ਰਹੇ ਭੋਗਪੁਰ ਨੇੜਲੇ ਪਿੰਡ ਚਰੜ ਦੇ ਰਛਪਾਲ ਸਿੰਘ ਨੇ ਖ਼ੁਦਕੁਸ਼ੀ ਕਰ ਚੁੱਕੇ ਕਿਸਾਨ ਦਵਿੰਦਰ ਸਿੰਘ ਦਾ ਕਰਜ਼ਾ ਉਤਾਰਨ ਲਈ ਦੋ ਲੱਖ ਰੁਪਏ ਭੇਜੇ ਹਨ। ਇਟਲੀ ਤੋਂ ਲਾਡੀ ਅਤੇ ਜੀਤ ਕੁਲਾਰ ਨੇ ਇੱਕ-ਇੱਕ ਲੱਖ ਰੁਪਏ ਅਤੇ ਕਈ ਹੋਰਾਂ ਨੇ ਪੰਜਾਹ-ਪੰਜਾਹ ਹਜ਼ਾਰ ਰੁਪਏ ਦੀ ਮੱਦਦ ਭੇਜੀ ਹੈ। ਪੀੜਤ ਪਰਿਵਾਰਾਂ ਨੂੰ ਮਦਦ ਦੇ ਇਹ ਚੈੱਕ ਸੌਂਪ ਦਿੱਤੇ ਹਨ।

## ਵਿਵਾਦਤ ਐਸਪੀ ਸਲਵਿੰਦਰ ਸਿੰਘ ਨੂੰ ਸਮੇਂ ਤੋਂ ਪਹਿਲਾਂ ਸੇਵਾਮੁਕਤ ਕਰੇਗੀ ਕੈਪਟਨ ਸਰਕਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਨੇ ਵਿਵਾਦਾਂ ਵਿੱਚ ਘਿਰੇ ਐਸਪੀ ਸਲਵਿੰਦਰ ਸਿੰਘ ਨੂੰ ਸਮੇਂ ਤੋਂ ਪਹਿਲਾਂ ਸੇਵਾ ਮੁਕਤ ਕਰਨ ਦਾ ਫ਼ੈਸਲਾ ਕੀਤਾ ਹੈ ਤੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਸ ਸਬੰਧੀ ਪ੍ਰਵਾਨਗੀ ਵੀ ਦੇ ਦਿੱਤੀ ਹੈ। ਮੁੱਖ ਮੰਤਰੀ ਦਫ਼ਤਰ ਦੇ ਸੂਤਰਾਂ ਮੁਤਾਬਕ ਇਸ ਸਬੰਧੀ ਰਾਜ ਦੇ ਗ੍ਰਹਿ ਵਿਭਾਗ ਵੱਲੋਂ ਲੋੜੀਂਦੇ ਹੁਕਮ ਛੇਤੀ ਜਾਰੀ ਕਰ ਦਿੱਤੇ ਜਾਣਗੇ। ਸੂਤਰਾਂ ਮੁਤਾਬਕ ਸਲਵਿੰਦਰ ਸਿੰਘ ਨੂੰ ਸਰਕਾਰ ਵੱਲੋਂ 8 ਦੋਸ਼ ਪੱਤਰ ਜਾਰੀ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਚਾਰ ਵਿਚ ਗੰਭੀਰ ਦੋਸ਼ ਲੱਗੇ ਸਨ। ਪਠਾਨਕੋਟ ਦਹਿਸ਼ਤੀ ਹਮਲੇ ਦੌਰਾਨ ਚਰਚਾ ਦਾ ਵਿਸ਼ਾ ਬਣੇ ਇਸ ਪੁਲੀਸ ਅਧਿਕਾਰੀ ਤੋਂ ਕੇਂਦਰੀ ਜਾਂਚ ਏਜੰਸੀ ਐਨ.ਆਈ.ਏ. ਨੇ ਵੀ ਪੁੱਛ-ਪੜਤਾਲ ਕੀਤੀ ਸੀ। ਐਨ.ਆਈ.ਏ. ਵੱਲੋਂ ਅਦਾਲਤ ਵਿੱਚ ਦਾਇਰ ਚਾਰਜਸ਼ੀਟ ਵਿਚ ਭਾਵੇਂ ਸਲਵਿੰਦਰ ਸਿੰਘ ਦਾ ਜ਼ਿਕਰ ਨਹੀਂ ਕੀਤਾ ਗਿਆ ਪਰ ਰਾਜ ਸਰਕਾਰ ਵੱਲੋਂ ਵਿਭਾਗੀ ਕਾਰਵਾਈ ਕਰਦਿਆਂ ਦੋਸ਼ ਪੱਤਰ ਜਾਰੀ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਸਲਵਿੰਦਰ ਸਿੰਘ ਖ਼ਿਲਾਫ਼ ਇੱਕ ਮਹਿਲਾ ਵੱਲੋਂ ਸਰੀਰਕ ਸ਼ੋਸ਼ਣ ਦੀ ਸ਼ਿਕਾਇਤ ਕੀਤੇ ਜਾਣ ਤੋਂ ਬਾਅਦ ਪੁਲੀਸ ਵੱਲੋਂ ਕੇਸ ਦਰਜ ਕਰ ਕੇ ਇਸ ਅਧਿਕਾਰੀ ਨੂੰ ਮੁਅੱਤਲ ਵੀ ਕਰ ਦਿੱਤਾ ਗਿਆ ਸੀ।



ਇਸ ਅਧਿਕਾਰੀ ਵਿਰੁੱਧ ਸੀਨੀਅਰ ਪੁਲੀਸ ਅਫ਼ਸਰਾਂ ਨੂੰ ਹੋਰ ਵੀ ਕਈ ਸ਼ਿਕਾਇਤਾਂ ਮਿਲੀਆਂ ਸਨ। ਪੰਜਾਬ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਸ਼ਨਿਚਰਵਾਰ ਨੂੰ ਹੋਈ ਮੀਟਿੰਗ ਦੌਰਾਨ ਜਦੋਂ ਸਲਵਿੰਦਰ ਸਿੰਘ ਦੀ ਸੇਵਾ ਮੁਕਤੀ ਬਾਰੇ ਫ਼ੈਸਲਾ ਲਿਆ, ਉਦੋਂ ਨਸ਼ਾ ਤਸਕਰੀ ਨਾਲ 'ਜੁੜੇ' ਕੁਝ ਪੁਲੀਸ ਅਫ਼ਸਰਾਂ ਖ਼ਿਲਾਫ਼ ਕੀਤੀ ਜਾਣ ਵਾਲੀ ਕਾਰਵਾਈ ਬਾਰੇ ਵੀ ਸੀਨੀਅਰ ਅਧਿਕਾਰੀਆਂ ਤੋਂ ਜਾਣਕਾਰੀ ਹਾਸਲ ਕੀਤੀ। ਮੁੱਖ ਮੰਤਰੀ ਕੁਝ ਪੁਲੀਸ ਅਫ਼ਸਰਾਂ ਖ਼ਿਲਾਫ਼ ਬਰਤਰਫ਼ ਕੀਤੇ ਜਾਣ ਵਰਗੀ ਸਖ਼ਤ ਕਾਰਵਾਈ ਕਰਨ ਦੇ ਰੌਅ ਵਿੱਚ ਹਨ। ਕੈਪਟਨ ਅਮਰਿੰਦਰ ਸਿੰਘ ਨੇ ਇੱਕ ਸੀਨੀਅਰ ਪੁਲੀਸ ਅਧਿਕਾਰੀ ਵੱਲੋਂ ਨਸ਼ਾ ਤਸਕਰੀ ਨਾਲ ਜੁੜੇ ਪੁਲੀਸ ਅਧਿਕਾਰੀਆਂ ਦੀ ਪੁਸ਼ਤਪਨਾਹੀ ਕੀਤੇ ਜਾਣ ਦੇ ਮਾਮਲੇ ਬਾਰੇ ਵੀ ਚਰਚਾ ਕੀਤੀ। ਕਾਬਲੇਗੌਰ ਹੈ ਕਿ ਦੋ ਸੀਨੀਅਰ ਪੁਲੀਸ ਅਧਿਕਾਰੀਆਂ 'ਤੇ 'ਦਾਗ਼ੀ' ਪੁਲੀਸ ਅਫ਼ਸਰਾਂ ਦੀ ਹਮਾਇਤ ਦੇ ਦੋਸ਼ ਲੱਗ ਰਹੇ ਹਨ। ਨਸ਼ਾ ਤਸਕਰੀ ਨਾਲ ਜੁੜੇ ਪੁਲੀਸ ਅਫ਼ਸਰਾਂ ਖ਼ਿਲਾਫ਼ ਕਾਰਵਾਈ ਦਾ ਕੇਸ ਵਿਸ਼ੇਸ਼ ਟਾਸਕ ਫੋਰਸ ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਨੂੰ ਤਿਆਰ ਕਰਨ ਲਈ ਕਿਹਾ ਗਿਆ ਹੈ। ਇੱਕ ਪੁਲੀਸ ਅਫ਼ਸਰ ਦਾ ਨਾਮ ਤਾਂ ਨਸ਼ਾ ਤਸਕਰੀ ਦੇ ਕੇਸ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹੋਣ ਦੀ ਪੁਲੀਸ ਵਿਭਾਗ ਵਿੱਚ ਭਾਰੀ ਚਰਚਾ ਵੀ ਹੈ।

## ਬੇਅੰਤ ਸਿੰਘ ਕਤਲ ਮਾਮਲੇ ਵਿਚ ਆਖ਼ਰੀ ਗਵਾਹ ਜਲਦ ਪੇਸ਼ ਕਰਨ ਲਈ ਸੀ.ਬੀ.ਆਈ. ਨੂੰ ਨਿਰਦੇਸ਼

**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਈ ਜਗਤਾਰ ਸਿੰਘ ਤਾਰਾ ਖ਼ਿਲਾਫ਼ ਚੱਲ ਰਹੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮੁਕੱਦਮੇ ਵਿਚ ਬੁੜੈਲ ਜੇਲ੍ਹ ਅੰਦਰ ਲਗਾਈ ਗਈ ਵਿਸ਼ੇਸ਼ ਅਦਾਲਤ ਵਿਚ ਸੀ.ਬੀ.ਆਈ. ਦੇ ਇੰਸਪੈਕਟਰ ਏ.ਪੀ ਚੰਦਾ ਦੇ ਬਿਆਨ ਦਰਜ ਹੋਏ। ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਵਿਚ ਬਿਆਨ ਦਿੰਦੇ ਹੋਏ ਇੰਸਪੈਕਟਰ ਨੇ ਕਿਹਾ ਕਿ ਉਸ ਨੂੰ ਅਸਿਸਟੈਂਟ ਜਾਂਚ ਅਧਿਕਾਰੀ ਵਜੋਂ 5 ਸਤੰਬਰ 1995 ਨੂੰ ਤਾਇਨਾਤ ਕੀਤਾ ਗਿਆ ਸੀ। ਉਨ੍ਹਾਂ ਦਾ ਕੰਮ ਮੁੱਖ ਜਾਂਚ ਅਧਿਕਾਰੀ ਆਰ.ਐਸ. ਪੂਨੀਆ ਦੀ ਜਾਂਚ ਵਿਚ ਸਹਾਇਤਾ ਕਰਨਾ ਸੀ। ਉਨ੍ਹਾਂ ਦੱਸਿਆ ਕਿ ਉਹ ਇੰਸਪੈਕਟਰ ਓਮ ਪ੍ਰਕਾਸ਼ ਨਾਲ ਭਾਈ ਦਿਲਾਵਰ ਸਿੰਘ ਦੇ ਪਿਤਾ ਹਰਨੇਕ ਸਿੰਘ ਤੇ ਭਰਾ ਚਮਕੌਰ ਸਿੰਘ ਨੂੰ ਭਾਈ ਦਿਲਾਵਰ ਸਿੰਘ ਦੇ ਸਰੀਰ ਦੇ ਹਿੱਸਿਆਂ ਦੀ ਪਛਾਣ ਕਰਨ ਲਈ ਪੀ.ਜੀ.ਆਈ. ਲੈ ਕੇ ਆਏ ਸਨ। ਦੋਵਾਂ ਨੇ ਉਸ ਸਮੇਂ ਪਛਾਣ ਕੀਤੀ ਸੀ, ਜਿਸ ਦੇ ਬਾਅਦ ਪੁਸ਼ਟੀ ਕਰਨ ਸਬੰਧੀ ਮੀਮੋ ਬਣਾ ਕੇ ਮੁੱਖ ਜਾਂਚ ਅਧਿਕਾਰੀ ਆਰ.ਐਸ. ਪੂਨੀਆ ਨੂੰ ਸੌਂਪ ਦਿੱਤੀ ਗਈ ਸੀ। ਅਦਾਲਤ ਨੇ ਸੀ.ਬੀ.ਆਈ. ਨੂੰ ਨਿਰਦੇਸ਼ ਦਿੱਤੇ ਕੇ ਮਾਮਲੇ ਵਿਚ ਆਖ਼ਰੀ ਗਵਾਹ ਡੀ.ਐਨ.ਏ. ਮਾਹਰ ਹੈਦਰਾਬਾਦ ਦੇ ਡਾ. ਲਾਲਜੀਤ ਦੀ ਗਵਾਹੀ ਲਈ ਉਨ੍ਹਾਂ ਦੀ ਮੌਜੂਦਗੀ ਨੂੰ ਯਕੀਨੀ ਬਣਾਇਆ ਜਾਵੇ। ਅਦਾਲਤ ਨੇ ਨਿਰਦੇਸ਼ ਦਿੱਤੇ ਕਿ 20 ਅਗਸਤ ਤੱਕ ਡਾ. ਲਾਲਜੀਤ ਦੇ ਅਦਾਲਤ ਵਿਚ ਪੇਸ਼ ਹੋਣ ਸਬੰਧੀ ਸੀ.ਬੀ.ਆਈ. ਸਟੇਟਸ ਰਿਪੋਰਟ ਪੇਸ਼ ਕਰੇ, ਜਿਸ ਵਿਚ ਦੱਸਿਆ ਜਾਵੇ ਕਿ ਡਾ. ਲਾਲਜੀਤ ਖ਼ੁਦ ਅਦਾਲਤ ਵਿਚ ਆ ਸਕਦੇ ਹਨ ਜਾਂ ਫਿਰ ਵੀਡੀਓ ਕਾਨਫ਼ਰੰਸ ਰਾਹੀ ਪੇਸ਼ ਹੋ ਸਕਦੇ ਹਨ। ਮਾਮਲੇ ਦੀ ਅਗਲੀ ਸੁਣਵਾਈ 24 ਅਗਸਤ ਨੂੰ ਹੋਵੇਗੀ। ਸੀ.ਬੀ.ਆਈ. ਵੱਲੋਂ ਵਕੀਲ ਐਸ.ਕੇ ਸਕਸੈਨਾ ਪੇਸ਼ ਹੋਏ ਜਦਕਿ ਭਾਈ ਜਗਤਾਰ ਸਿੰਘ ਤਾਰਾ ਵੱਲੋਂ ਸਿਮਰਨਜੀਤ ਸਿੰਘ ਪੇਸ਼ ਹੋਏ।



## ਨਿਹਲਾਨੀ ਨੂੰ ਹਟਾਇਆ, ਪ੍ਰਸੂਨ ਜੋਸ਼ੀ ਬਣੇ ਸੈਂਸਰ ਬੋਰਡ ਦੇ ਮੁਖੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਵਿਵਾਦਾਂ ਵਿਚ ਘਿਧਰੇ ਪਹਿਲਾਜ ਨਿਹਲਾਨੀ ਨੂੰ ਸੈਂਸਰ ਬੋਰਡ ਮੁਖੀ ਦੇ ਅਹੁਦੇ ਤੋਂ ਹਟਾ ਦਿੱਤਾ ਹੈ। ਕੇਂਦਰ ਸਰਕਾਰ ਨੇ ਗੀਤਕਾਰ ਤੇ ਕਵੀ ਪ੍ਰਸੂਨ ਜੋਸ਼ੀ ਨੂੰ ਨਵਾਂ ਚੇਅਰਪਰਸਨ ਬਣਾ ਦਿੱਤਾ ਹੈ। ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵੱਲੋਂ ਜਾਰੀ ਬਿਆਨ ਮੁਤਾਬਕ ਜੋਸ਼ੀ ਨੂੰ ਅਗਲੇ ਤਿੰਨ ਸਾਲਾਂ ਲਈ ਤੁਰੰਤ ਪ੍ਰਭਾਵ ਤੋਂ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ। ਨਿਹਲਾਨੀ ਨੇ ਜਨਵਰੀ 2015 ਵਿਚ ਸੀ.ਬੀ.ਐਫ.ਸੀ. ਦੇ ਚੇਅਰਮੈਨ ਦਫਤਰ ਵਿਚ ਅਹੁਦਾ ਸੰਭਾਲਿਆ ਸੀ ਅਤੇ ਇਸ ਸਮੇਂ ਤੋਂ ਉਨ੍ਹਾਂ ਨੂੰ ਕਈ ਵਿਵਾਦਾਂ ਦਾ ਸਾਮ੍ਹਣਾ ਕਰਨਾ ਪਿਆ। ਉਨ੍ਹਾਂ ਦੀ ਇਸ ਅਹੁਦੇ ਦੀ ਮਿਆਦ 3 ਸਾਲ ਬਾਅਦ ਜਨਵਰੀ 2018 ਵਿਚ ਖਤਮ ਹੋਣੀ ਸੀ। ਬੀਤੇ ਸਾਲ ਉਨ੍ਹਾਂ ਫਿਲਮ 'ਉੜਤਾ ਪੰਜਾਬ' ਜਿਹੜੀ ਕਿ ਸੂਬਾ ਅਧਾਰਤ ਨਸ਼ਿਆਂ 'ਤੇ ਘੁੰਮਦੀ ਸੀ ਦੇ ਕਈ ਦ੍ਰਿਸ਼ਾਂ 'ਤੇ ਇਤਰਾਜ਼ ਲਗਾਏ ਸਨ, ਇਸ ਤੋਂ ਇਲਾਵਾ ਕੋਂਕਨਾ ਸੇਨ ਸ਼ਰਮਾ ਦੀ 'ਅੰਡਰ ਲਿਪਸਟਿਕ ਮਾਈ ਬੁਰਕਾ' ਫਿਲਮ 'ਤੇ ਵੀ ਬੈਨ ਲਗਾ ਦਿੱਤਾ ਸੀ ਅਤੇ ਸ਼ਾਹਰੁਖ ਤੇ ਅਨੁਸ਼ਕਾ ਦੀ ਫਿਲਮ 'ਜਬ ਹੈਰੀ ਮੈਟ ਸੇਜਲ' ਵਿਚ ਵਰਤੇ ਗਏ 'ਇੰਟਰਕੋਰਸ' ਸ਼ਬਦ 'ਤੇ ਵੀ ਇਤਰਾਜ਼ ਜਤਾਇਆ ਸੀ।

# ਖ਼ੁਦਕੁਸ਼ੀਆਂ ਦੀ ਫ਼ਸਲ : ਇਸ ਹਫ਼ਤੇ 8 ਕਿਸਾਨਾਂ ਵਲੋਂ ਖ਼ੁਦਕੁਸ਼ੀ

## ਫਸਲਾਂ ਦੇਖ ਅਫ਼ਸਰਾਂ ਨੂੰ 'ਝਾੜਾਂ' ਪਾਉਂਦੇ ਰਹੇ ਪਰ ਜਸਵੀਰ ਸਿੰਘ ਦੇ ਬਲਦੇ ਸਿਵੇ ਕੋਲੋਂ ਦੀ ਲੰਘ ਗਏ ਕੈਪਟਨ



**ਬਠਿੰਡਾ/ਬਿਊਰੋ ਨਿਊਜ਼ :**
ਜਦੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਪਾਹ ਪੱਟੀ ਵਿੱਚ ਟੁੱਟੀ ਕਿਸਾਨੀ ਦੇ ਖੇਤਾਂ ਵਿੱਚ ਮੁਰਝਾਇਆ ਨਰਮਾ ਵੇਖ ਰਹੇ ਸਨ ਤਾਂ ਠੀਕ ਉਦੋਂ ਇਨ੍ਹਾਂ ਖੇਤਾਂ ਦੇ ਨੌਜਵਾਨ ਪੁੱਤ ਦਾ ਸਿਵਾ ਲਟ ਲਟ ਬਲ ਰਿਹਾ ਸੀ। ਜ਼ਿੰਦਗੀ ਦੀ ਡੰਡੀ ਤੋਂ ਚੜ੍ਹਨ ਤੋਂ ਪਹਿਲਾਂ ਹੀ ਨੌਜਵਾਨ ਜਸਵੀਰ ਸਿੰਘ ਖ਼ੁਦਕੁਸ਼ੀ ਦੇ ਰਾਹ ਚਲਾ ਗਿਆ। ਬਠਿੰਡਾ ਦੇ ਪਿੰਡ ਗੁਰਥੜੀ ਦਾ ਹਰ ਨਿਆਣਾ ਸਿਆਣਾ ਇਸ ਨੌਜਵਾਨ ਦੇ ਸਸਕਾਰ ਮੌਕੇ ਹਾਜ਼ਰ ਸੀ। ਮਿਲਾਪੜੇ ਸੁਭਾਅ ਦੇ ਇਸ ਨੌਜਵਾਨ ਕਿਸਾਨ ਨੇ ਪੈਲੀ ਦੇ ਬਚਾਓ ਲਈ ਹਰ ਹੀਲਾ ਵਸੀਲਾ ਕੀਤਾ। ਜਦੋਂ ਫਸਲਾਂ ਨੇ ਹੁੰਗਾ ਦਿੱਤਾ ਤਾਂ ਉਸ ਨੇ ਜ਼ਿੰਦਗੀ ਨੂੰ ਅਲਵਿਦਾ ਆਖ ਦਿੱਤਾ। ਉਸ ਨੇ ਫਸਲਾਂ ਬਚਾਉਣ ਲਈ ਲਿਆਂਦਾ ਕੀਟਨਾਸ਼ਕ ਪੀ ਕੇ ਜਾਨ ਦੇ ਦਿੱਤੀ। ਮਾਪਿਆਂ ਕੋਲ ਹੁਣ ਕਰਜ਼ਾ ਬਚਿਆ ਹੈ ਜਾਂ ਫਿਰ ਅਲਾਮਤਾਂ ਦੇ ਝੰਬੇ ਹੋਏ ਖੇਤ। ਨੌਜਵਾਨ ਕਿਸਾਨ ਜਸਵੀਰ ਸਿੰਘ ਦੀ ਮਾਂ ਜਸਪਾਲ ਕੌਰ ਦੇ ਹੰਝੂ ਖੇਤਾਂ ਦੀ ਉਲਝੀ ਤਾਣੀ ਦੀ ਗਵਾਹੀ ਭਰ ਰਹੇ ਸਨ। ਪਿੰਡ ਗੁਰਥੜੀ ਦੀ ਮਹਿਲਾ ਸਰਪੰਚ ਕਰਮਜੀਤ ਕੌਰ ਨੇ ਦੱਸਿਆ ਕਿ ਬਹੁਤ ਹੀ ਮਿਲਾਪੜੇ ਨੌਜਵਾਨ ਦੇ ਚਲੇ ਜਾਣ 'ਤੇ ਕਿਸੇ ਘਰ ਦਾ ਚੁੱਲ੍ਹਾ ਨਹੀਂ ਬਲਿਆ। ਉਹ ਦੱਸਦੀ ਹੈ ਕਿ ਨੌਜਵਾਨ ਕਿਰਤ ਤੇ ਮਿਹਨਤ ਨਾਲ ਖੇਤਾਂ ਵਿੱਚ ਜੁਟਿਆ ਰਹਿੰਦਾ ਸੀ। ਕੈਪਟਨ ਅਮਰਿੰਦਰ ਸਿੰਘ ਨੂੰ ਮ੍ਰਿਤਕ ਕਿਸਾਨ ਦੇ ਪਰਿਵਾਰ ਨੂੰ ਢਾਰਸ ਦੇਣ ਲਈ ਪੁੱਜਣਾ ਚਾਹੀਦਾ ਸੀ। ਵੇਰਵਿਆਂ ਅਨੁਸਾਰ ਪਿੰਡ ਦੇ ਜਗਤਾਰ ਸਿੰਘ ਦੇ ਦੋ ਨੌਜਵਾਨ ਬੇਟੇ ਹੀ ਹਨ, ਜਿਨ੍ਹਾਂ ਵਿਚੋਂ ਛੋਟਾ ਲੜਕਾ ਜਸਵੀਰ ਸਿੰਘ ਖੇਤਾਂ ਦਾ ਬੋਝ ਝੱਲ ਨਹੀਂ ਸਕਿਆ। ਉਸ ਦੇ ਪਰਿਵਾਰ ਸਿਰ ਕਰੀਬ 12 ਲੱਖ ਦਾ ਕਰਜ਼ਾ ਹੈ। ਜਦੋਂ ਕਰਜ਼ੇ ਦੀ ਪੰਡ ਵਿੱਤੋਂ ਬਾਹਰ ਹੋ ਗਈ ਸੀ ਤਾਂ ਦੋ ਸਾਲ ਪਹਿਲਾਂ ਉਸ ਨੇ 7 ਕਨਾਲਾਂ ਜ਼ਮੀਨ ਵੇਚ ਕੇ ਕਰਜ਼ੇ ਦਾ ਭਾਰ ਹੌਲਾ ਕੀਤਾ। ਦੋ ਫਸਲਾਂ ਲਗਾਤਾਰ ਜੁਆਬ ਦੇ ਗਈਆਂ, ਜਿਸ ਕਰ ਕੇ ਕਰਜ਼ਾ ਮੁੜ ਵਧ ਗਿਆ। ਹੁਣ ਜਦੋਂ ਨਰਮੇ ਤੇ ਝੋਨੇ ਦੀ ਫਸਲ ਮੁਰਝਾ ਗਈ ਤਾਂ ਇਸ ਕਿਸਾਨ ਨੇ ਹਫ਼ਤਾ ਪਹਿਲਾਂ ਹਰ ਤਰ੍ਹਾਂ ਦੀ ਵਾਹ ਲਈ। ਆਖ਼ਰ ਉਹ ਹਾਰ ਮੰਨ ਗਿਆ। ਮ੍ਰਿਤਕ ਕਿਸਾਨ ਦੇ ਚਾਚੇ ਗੁਰਮੀਤ ਸਿੰਘ ਦਾ ਕਹਿਣਾ ਸੀ ਕਿ ਜਦੋਂ ਮੁੱਖ ਮੰਤਰੀ ਨਰਮੇ ਕਪਾਹ ਦੇ ਖੇਤ ਵੇਖਣ ਆਏ ਸਨ ਤਾਂ ਉਨ੍ਹਾਂ ਨੂੰ ਗੁਰਥੜੀ ਆ ਕੇ ਕਿਸਾਨੀ ਦਾ ਹਾਲ ਵੇਖਣਾ ਚਾਹੀਦਾ ਸੀ। ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਪਿੰਡ ਗੁਰਥੜੀ ਆਉਂਦੇ ਤਾਂ ਉਹ ਕਿਸਾਨਾਂ ਦਾ ਦਰਦ ਅੱਖੀਂ ਵੇਖ ਲੈਂਦੇ।



ਮ੍ਰਿਤਕ ਕਿਸਾਨ ਜਸਵੀਰ ਸਿੰਘ ਦੀ ਫਾਈਲ ਫੋਟੋ।

ਗਠਜੋੜ ਸਰਕਾਰ ਸਮੇਂ ਕੈਪਟਨ ਅਮਰਿੰਦਰ ਸਿੰਘ ਨਰਮਾ ਪੱਟੀ ਵਿੱਚ ਰਾਹੁਲ ਗਾਂਧੀ ਦੀ ਫੇਰੀ ਮੌਕੇ ਆਏ ਸਨ ਅਤੇ ਉਹ ਇਕ ਖ਼ੁਦਕੁਸ਼ੀ ਕਰ ਗਏ ਕਿਸਾਨ ਦੇ ਪਰਿਵਾਰ ਕੋਲ ਵੀ ਗਏ ਸਨ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਦਾ ਕਹਿਣਾ ਸੀ ਕਿ ਜੇ ਕੈਪਟਨ ਅਮਰਿੰਦਰ ਸਿੰਘ ਸੱਚਮੁੱਚ ਸੁਹਿਰਦ ਹੁੰਦੇ ਤਾਂ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਘਰਾਂ ਵਿੱਚ ਜ਼ਰੂਰ ਜਾਂਦੇ। ਉਨ੍ਹਾਂ ਆਖਿਆ ਕਿ ਪੀੜਤਾਂ ਪਰਿਵਾਰਾਂ ਨੂੰ ਉਮੀਦ ਸੀ ਕਿ ਅਮਰਿੰਦਰ ਸਿੰਘ ਉਨ੍ਹਾਂ ਦੇ ਘਰਾਂ ਦੇ ਠੰਢੇ ਹੋਏ ਚੁੱਲ੍ਹੇ ਵੇਖਣ ਲਾਜ਼ਮੀ ਆਉਣਗੇ।

**ਪਿੰਡ ਗੁਰੂਸਰ ਦੇ ਕਿਸਾਨ ਵਲੋਂ ਖ਼ੁਦਕੁਸ਼ੀ**
ਪਿੰਡ ਗੁਰੂਸਰ ਦੇ ਕਰਜ਼ਾਈ ਕਿਸਾਨ ਹਰਦੀਪ ਸਿੰਘ ਪੁੱਤਰ ਉਜਾਗਰ ਸਿੰਘ ਨੇ ਸਲਫਾਸ ਦੀਆਂ ਗੋਲੀਆਂ ਖਾ ਕੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਹਰਦੀਪ ਸਿੰਘ (47) ਪੁੱਤਰ ਉਜਾਗਰ ਸਿੰਘ ਵਾਸੀ ਪਿੰਡ ਗੁਰੂਸਰ ਜੋ ਕਰੀਬ ਢਾਈ ਏਕੜ ਜੱਦੀ ਜ਼ਮੀਨ ਦਾ ਮਾਲਕ ਸੀ ਤੇ ਪਿਛਲੇ ਲੰਬੇ ਸਮੇਂ ਤੋਂ ਪਿੰਡ ਰਣ ਸਿੰਘ ਵਾਲਾ ਵਿਖੇ ਬੂਟਾ ਸਿੰਘ ਪੁੱਤਰ ਭਗਵਾਨ ਸਿੰਘ ਦੀ ਲਗਭਗ 14 ਏਕੜ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰਦਾ ਸੀ। ਹਰਦੀਪ ਸਿੰਘ ਲਗਭਗ 4 ਲੱਖ ਤੋਂ ਉੱਪਰ ਬੈਂਕ ਅਤੇ ਆੜ੍ਹਤੀ ਦਾ ਕਰਜ਼ਾਈ ਸੀ, ਜਿਸ ਨੂੰ ਲੈ ਕੇ ਉਹ ਪਿਛਲੇ ਸਮੇਂ ਤੋਂ ਪ੍ਰੇਸ਼ਾਨ ਚੱਲਿਆ ਆ ਰਿਹਾ ਸੀ, ਜਿਸ ਕਾਰਨ ਉਸ ਨੇ ਰਣ ਸਿੰਘ ਵਾਲਾ ਵਿਖੇ ਆਪਣੇ ਠੇਕੇ 'ਤੇ ਲਈ ਜ਼ਮੀਨ ਦੇ ਮੋਟਰ ਵਾਲੇ ਕਮਰੇ ਵਿਚ ਸਲਫਾਸ ਦੀਆਂ ਗੋਲੀਆਂ ਖਾ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਜਦੋਂ ਇਸ ਘਟਨਾ ਦਾ ਪਤਾ ਲੱਗਾ ਤਾਂ ਇਸ ਸਬੰਧੀ ਪੁਲੀਸ ਚੌਕੀ ਬਰਗਾੜੀ ਨੂੰ ਸੂਚਨਾ ਦਿੱਤੀ ਤਾਂ ਉਨ੍ਹਾਂ ਨੇ ਮੌਕੇ 'ਤੇ ਪਹੁੰਚ ਕੇ ਲੋੜੀਂਦੀ ਕਾਰਵਾਈ ਕਰਕੇ ਲਾਸ਼ ਪੋਸਟਮਾਰਟਮ ਲਈ ਭੇਜ ਦਿੱਤੀ।

**ਪਿੰਡ ਜਿਉਂਦ ਦੇ ਟੇਕ ਸਿੰਘ ਵਲੋਂ ਖ਼ੁਦਕੁਸ਼ੀ**
ਚਾਉਕੇ : ਪਿੰਡ ਜਿਉਂਦ ਵਿਚ ਇਕ ਕਿਸਾਨ ਨੇ ਆਰਥਿਕ ਤੰਗੀ ਤੇ ਕਰਜ਼ੇ ਦੇ ਬੋਝ ਕਾਰਨ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਪਿੰਡ ਜਿਉਂਦ ਦੇ ਕਿਸਾਨ ਟੇਕ ਸਿੰਘ ਪੁੱਤਰ ਪ੍ਰਤਾਪ ਸਿੰਘ ਰਾਜਾ ਸਿੱਖ ਵਾਸੀ ਪਿੰਡ ਜਿਉਂਦ ਠੇਕੇ 'ਤੇ ਜ਼ਮੀਨ ਲੈ ਕੇ ਵਾਹੀ ਕਰਦਾ ਸੀ। ਉਕਤ ਕਿਸਾਨ ਸਿਰ ਸਰਕਾਰੀ ਤੇ ਗੈਰ-ਸਰਕਾਰੀ ਕਈ ਲੱਖ ਦਾ ਕਰਜ਼ਾ ਸੀ, ਜਿਸ ਕਾਰਨ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਕਿਸਾਨ ਨੇ ਆਰਥਿਕ ਤੰਗੀ ਕਾਰਨ ਜ਼ਹਿਰੀਲੀ ਚੀਜ਼ ਖਾ ਕੇ ਖ਼ੁਦਕੁਸ਼ੀ ਕਰ ਲਈ। ਸੂਤਰਾਂ ਅਨੁਸਾਰ ਮ੍ਰਿਤਕ ਕਿਸਾਨ ਦੀ ਜੇਬ ਵਿਚੋਂ ਇਕ ਖ਼ੁਦਕੁਸ਼ੀ ਨੋਟ ਵੀ ਮਿਲਿਆ, ਜਿਸ ਵਿਚ ਉਸ ਨੇ ਰਾਮਪੁਰਾ ਮੰਡੀ ਦੇ ਇਕ ਆੜ੍ਹਤੀ ਨੂੰ ਆਪਣੀ ਮੌਤ ਦਾ ਜ਼ਿੰਮੇਵਾਰ ਦੱਸਿਆ ਹੈ ਤੇ ਮੁੱਖ ਮੰਤਰੀ ਤੋਂ ਉਕਤ ਆੜ੍ਹਤੀ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਅਤੇ ਆਪਣੇ ਪਰਿਵਾਰ ਨੂੰ ਸਹਾਇਤਾ ਅਤੇ ਆਪਣੇ ਪੁੱਤਰ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਵੀ ਕੀਤੀ ਹੈ। ਭਾਕਿਯੂ ਏਕਤਾ ਉਗਰਾਹਾਂ ਬਲਾਕ ਰਾਮਪੁਰਾ ਦੇ ਪ੍ਰਧਾਨ ਮਾਸਟਰ ਸੁਖਦੇਵ ਸਿੰਘ ਜਵੰਧਾ ਨੇ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਿਆਂ ਆਖਿਆ ਕਿ ਕੈਪਟਨ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਕਿਸਾਨਾਂ ਦੀ ਸਾਰਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਕੀਤਾ ਸੀ ਪਰ ਸਰਕਾਰ ਨੇ ਅਜੇ ਤੱਕ ਕਿਸਾਨਾਂ ਦੀ ਬਾਂਹ ਨਹੀਂ ਫੜੀ। ਥਾਣਾ ਸਦਰ ਰਾਮਪੁਰਾ ਦੇ ਇੰਚਾਰਜ ਜਸਵਿੰਦਰ ਸਿੰਘ ਨੇ ਦੱਸਿਆ ਕਿ ਰਾਮਪੁਰਾ ਮੰਡੀ ਦੇ ਇਕ ਆੜ੍ਹਤੀ ਖ਼ਿਲਾਫ਼ ਪਰਚਾ ਦਰਜ ਕਰ ਦਿੱਤਾ ਗਿਆ ਹੈ।

**ਪਿੰਡ ਪੱਕਾ ਕਲਾਂ ਦੇ ਕਿਸਾਨ ਨੇ ਨਿਗਲੀ ਜ਼ਹਿਰ**
ਸੰਗਤ ਮੰਡੀ : ਪਿੰਡ ਪੱਕਾ ਕਲਾਂ ਵਿਖੇ ਕਰਜ਼ੇ ਦੇ ਸਤਾਏ ਇਕ ਕਿਸਾਨ ਨੇ ਜ਼ਹਿਰੀਲੀ ਦਵਾਈ ਪੀ ਕੇ ਖ਼ੁਦਕੁਸ਼ੀ ਕਰ ਲਈ ਹੈ। ਮ੍ਰਿਤਕ ਕਿਸਾਨ ਸੁਖਦੇਵ ਸਿੰਘ ਪੱਪੀ ਪੁੱਤਰ ਮੁਖਤਿਆਰ ਸਿੰਘ ਦੇ ਪਰਿਵਾਰਕ ਮੈਂਬਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਸੁਖਦੇਵ ਸਿੰਘ ਦਾ ਕਰੀਬ 27-28 ਸਾਲ ਪਹਿਲਾਂ ਰਾਮਾਂ ਮੰਡੀ ਦੇ ਇਕ ਆੜ੍ਹਤੀ ਨਾਲ ਲੈਣ-ਦੇਣ ਚੱਲਦਾ ਸੀ। ਉਨ੍ਹਾਂ ਕਿਹਾ ਕਿ ਆੜ੍ਹਤੀ ਨਾਲ ਇਸ ਲੈਣ ਦੇਣ ਸਬੰਧੀ ਮ੍ਰਿਤਕ ਕਿਸਾਨ ਦੀ ਕੁਰਕੀ ਦਾ ਨੋਟਿਸ ਕੁਝ ਦਿਨ ਪਹਿਲਾਂ ਆੜ੍ਹਤੀ ਵੱਲੋਂ ਪਿੰਡ ਦੀ ਸਾਂਝੀ ਜਗ੍ਹਾ 'ਤੇ ਲੱਗਾ ਦਿੱਤਾ ਗਿਆ ਸੀ। ਜਦੋਂ ਉਕਤ ਕਿਸਾਨ ਨੂੰ ਕੁਰਕੀ ਦੇ ਨੋਟਿਸ ਸਬੰਧੀ ਪਤਾ ਲੱਗਿਆ ਤਾਂ ਉਸ ਨੇ ਨੋਟਿਸ ਪੜ੍ਹ ਕੇ ਫਾੜ ਦਿੱਤਾ ਅਤੇ ਘਰ ਆ ਕੇ ਕੋਈ ਜ਼ਹਿਰੀਲੀ ਚੀਜ਼ ਪੀ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਕਿਸਾਨ ਆਪਣੀ ਬਿਰਧ ਮਾਂ ਨਾਲ ਇਕੱਲਾ ਹੀ ਰਹਿੰਦਾ ਸੀ ਅਤੇ ਉਸ ਕੋਲ ਕੁਝ 5 ਕਨਾਲਾਂ ਜ਼ਮੀਨ ਸੀ ਜਿਨ੍ਹਾਂ ਵਿਚੋਂ 2 ਕਨਾਲਾਂ ਕੁਝ ਸਮਾਂ ਪਹਿਲਾਂ ਵੇਚ ਦਿੱਤੀਆਂ ਸਨ ਤੇ ਉਸ ਦੀ 15 ਲੱਖ ਰੁਪਏ ਕੁਰਕੀ ਦਾ ਨੋਟਿਸ ਲਾਇਆ ਸੀ। ਜਾਣਕਾਰੀ ਅਨੁਸਾਰ ਆੜ੍ਹਤੀ ਨੇ ਆਪਣਾ ਅਸਰ-ਰਸੂਖ ਵਰਤਦਿਆਂ ਪੁਲੀਸ ਅਤੇ ਕੁਝ ਲੋਕਾਂ ਨਾਲ ਕਥਿਤ ਤੌਰ 'ਤੇ ਗੰਢ-ਤੁੱਪ ਕਰਕੇ ਮ੍ਰਿਤਕ ਕਿਸਾਨ ਸੁਖਦੇਵ ਸਿੰਘ ਪੱਪੀ ਦਾ ਪੋਸਟ ਮਾਰਟਮ ਨਹੀਂ ਹੋਣ ਦਿੱਤਾ, ਜਦੋਂ ਪੁਲਿਸ ਦਾ ਪੱਖ ਜਾਣਨ ਲਈ ਐਸ.ਐਚ.ਓ. ਰਾਮਾਂ ਦੇ ਸਰਕਾਰੀ ਨੰਬਰ 'ਤੇ ਫ਼ੋਨ ਕੀਤਾ ਤਾਂ ਉਨ੍ਹਾਂ ਫ਼ੋਨ ਨਹੀਂ ਚੁੱਕਿਆ ਅਤੇ ਡੀ.ਐਸ.ਪੀ. ਤਲਵੰਡੀ ਸਾਬੋ ਨੇ ਇਹ ਕਹਿ ਕੇ ਪੱਲਾ ਝਾੜ ਦਿੱਤਾ ਕਿ ਸਾਨੂੰ ਤੁਹਾਡੀ ਸਮਝ ਨਹੀਂ ਆਉਂਦੀ।

**ਪਿੰਡ ਧੂੜਕੋਟ ਦੇ ਕਿਸਾਨ ਨੇ ਖ਼ਤਮ ਕੀਤੀ ਜੀਵਨ ਲੀਲਾ**
ਮੋਗਾ : ਇਥੇ ਥਾਣਾ ਨਿਹਾਲ ਸਿੰਘ ਵਾਲਾ ਅਧੀਨ ਪਿੰਡ ਧੂੜਕੋਟ ਵਿੱਚ ਕਰਜ਼ੇ ਦੀ ਵਧਦੀ ਪੰਡ ਤੋਂ ਤੰਗ ਕਿਸਾਨ ਨੇ ਜ਼ਹਿਰੀਲੀ ਚੀਜ਼ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਕਿਸਾਨ ਦੀ ਪਛਾਣ ਰੂਪ ਸਿੰਘ (60) ਵਜੋਂ ਹੋਈ ਹੈ। ਇਕ ਏਕੜ ਦਾ ਮਾਲਕ ਰੂਪ ਸਿੰਘ ਡਰਾਈਵਰੀ ਵੀ ਕਰਦਾ ਸੀ ਤੇ ਛੜਾ ਸੀ। ਪੁਲੀਸ ਨੇ ਧਾਰਾ 174 ਤਹਿਤ ਕਾਰਵਾਈ ਕਰਦਿਆਂ ਲਾਸ਼ ਪੋਸਟ ਮਾਰਟਮ ਉਪਰੰਤ ਵਾਰਸਾਂ ਨੂੰ ਸੌਂਪ ਦਿੱਤੀ ਹੈ। ਮ੍ਰਿਤਕ ਸਿਰ ਸੱਤ ਲੱਖ ਰੁਪਏ ਦਾ ਕਰਜ਼ਾ ਸੀ।

**ਪਿੰਡ ਬਹਾਦਰਪੁਰ ਦੇ ਕਿਸਾਨ ਕੁਲਵੰਤ ਸਿੰਘ ਨੇ ਕੀਤੀ ਖ਼ੁਦਕੁਸ਼ੀ**
ਬਰੇਟਾ: ਇਥੋਂ ਨੇੜਲੇ ਪਿੰਡ ਬਹਾਦਰਪੁਰ ਦੇ ਕਿਸਾਨ ਕੁਲਵੰਤ ਸਿੰਘ ਨੇ ਸਪਰੇਅ ਪੀ ਕੇ ਖ਼ੁਦਕੁਸ਼ੀ ਕਰ ਲਈ। ਕਿਸਾਨ 3 ਏਕੜ ਜ਼ਮੀਨ ਦਾ ਮਾਲਕ ਸੀ ਤੇ ਉਸ ਨੇ ਕਰਜ਼ਾ ਲਾਹੁਣ ਲਈ 10 ਕਨਾਲ ਜ਼ਮੀਨ ਵੀ ਵੇਚੀ, ਪਰ ਫਿਰ ਵੀ ਉਸ ਦੇ ਸਿਰ 3 ਲੱਖ ਦਾ ਕਰਜ਼ਾ ਖੜ੍ਹਾ ਸੀ। ਮ੍ਰਿਤਕ ਦੇ ਪਰਿਵਾਰ ਵਿੱਚ ਪਿੱਛੇ ਪਤਨੀ ਤੋਂ ਇਲਾਵਾ ਦੋ ਬੱਚੇ ਹਨ।

**ਪਿੰਡ ਰਾਮਸਰਾ ਦੇ ਕਿਸਾਨ ਨੇ ਖਾਧੀ ਸਲਫਾਸ**
ਅਬੋਹਰ : ਉਪ ਮੰਡਲ ਦੇ ਪਿੰਡ ਰਾਮਸਰਾ ਵਿਚ ਇਕ ਕਰਜ਼ਾਈ ਕਿਸਾਨ ਨੇ ਸਲਫਾਸ ਦੀਆਂ ਗੋਲੀਆਂ ਖਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਪੁਲੀਸ ਨੇ ਪੋਸਟਮਾਰਟਮ ਉਪਰੰਤ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ। ਮ੍ਰਿਤਕ ਕਿਸਾਨ ਭੂਪ ਰਾਮ ਪੁੱਤਰ ਹਜ਼ਾਰੀ ਰਾਮ ਦੇ ਲੜਕੇ ਵਿਜੈਪਾਲ ਨੇ ਦੱਸਿਆ ਕਿ ਉਹ ਸੱਤ ਭੈਣ-ਭਰਾ ਹਨ ਤੇ ਉਨ੍ਹਾਂ ਕੋਲ 6 ਏਕੜ ਜ਼ਮੀਨ ਹੈ ਜੋ ਸੇਮ ਆਉਣ ਕਾਰਨ ਖ਼ਰਾਬ ਹੋਈ ਪਈ ਹੈ। ਉਨ੍ਹਾਂ ਦੇ ਪਿਤਾ ਸਿਰ ਬੈਂਕਾਂ ਦਾ ਲੱਖਾਂ ਰੁਪਏ ਦਾ ਕਰਜ਼ਾ ਸੀ ਤੇ ਉਹ ਪ੍ਰੇਸ਼ਾਨ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਿਤਾ ਨੇ ਖੇਤ ਵਿਚ ਜਾ ਕੇ ਸਲਫਾਸ ਦੀਆਂ ਗੋਲੀਆਂ ਖਾ ਲਈਆਂ। ਥਾਣਾ ਬਹਾਵਵਾਲਾ ਪੁਲਿਸ ਨੇ ਵਿਜੇ ਪਾਲ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕਰਕੇ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ।

**ਪਿੰਡ ਕੋਟਭਾਰਾ ਦੇ ਕਿਸਾਨ ਨੇ ਕੀਤੀ ਖ਼ੁਦਕੁਸ਼ੀ**
ਪਿੰਡ ਕੋਟਭਾਰਾ ਵਿਚ ਕਰਜ਼ੇ ਨੇ ਇਕ ਹੋਰ ਕਿਸਾਨ ਦੀ ਜਾਨ ਲੈ ਲਈ। ਪੀੜਤ ਪਰਿਵਾਰ ਨੇ ਦੱਸਿਆ ਕਿ 40 ਸਾਲਾ ਕਿਸਾਨ ਜਗਦੇਵ ਸਿੰਘ ਉਰਫ਼ ਜਨਕ ਕਰਜ਼ੇ ਕਾਰਨ ਪ੍ਰੇਸ਼ਾਨ ਹੋਣ 'ਤੇ ਤਿੰਨ ਦਿਨ ਪਹਿਲਾਂ ਘਰੋਂ ਗ਼ਾਇਬ ਹੋ ਗਿਆ ਸੀ ਜਿਸ ਦੀ ਲਾਸ਼ ਰਾਜਸਥਾਨ ਵਿਚੋਂ ਹਨੂਮਾਨਗੜ੍ਹ ਕੋਲੋਂ ਨਹਿਰ ਵਿਚੋਂ ਬਰਾਮਦ ਕਰ ਲਈ ਗਈ। ਮ੍ਰਿਤਕ ਕਿਸਾਨ ਦੇ ਭਰਾ ਮਿਲਖਾ ਸਿੰਘ ਨੇ ਦੱਸਿਆ ਕਿ ਤਿੰਨ ਏਕੜ ਜ਼ਮੀਨ ਦੇ ਮਾਲਕ ਜਗਦੇਵ ਸਿੰਘ ਸਿਰ ਤਿੰਨ ਲੱਖ ਬੈਂਕ ਦੀ ਲਿਮਟ ਦਾ ਅਤੇ 5 ਲੱਖ ਗੈਰ-ਸਰਕਾਰੀ ਕਰਜ਼ਾ ਸੀ ਪਰ ਫ਼ਸਲ ਵਿਚ ਲਗਾਤਾਰ ਭਾਰੀ ਘਾਟਾ ਪੈਂਦਾ ਰਿਹਾ, ਜਿਸ ਤੋਂ ਤੰਗ ਆ ਕੇ ਉਸ ਨੇ ਨਹਿਰ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ।

## ਕੈਪਟਨ ਸਰਕਾਰ ਦੇ 130 ਦਿਨਾਂ 'ਚ 150 ਕਿਸਾਨਾਂ ਵਲੋਂ ਖ਼ੁਦਕੁਸ਼ੀ

**ਸੰਗਰੂਰ/ਬਿਊਰੋ ਨਿਊਜ਼ :** ਪੰਜਾਬ ਵਿੱਚ ਨਵੀਂ ਸਰਕਾਰ ਆਉਣ ਤੋਂ ਬਾਅਦ 130 ਦਿਨਾਂ ਵਿੱਚ ਕਰੀਬ 150 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ। ਕਾਂਗਰਸ ਸਰਕਾਰ ਦੇ ਰਾਜ ਵਿੱਚ ਖ਼ੁਦਕੁਸ਼ੀਆਂ ਵਧੀਆਂ ਹਨ। ਇਹ ਦਾਅਵਾ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ ਖ਼ੁਦਕੁਸ਼ੀਆਂ ਦੀ ਸੂਚੀ ਜਾਰੀ ਕਰਦਿਆਂ ਕੀਤਾ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਆਗੂ ਸੁਖਪਾਲ ਸਿੰਘ ਮਾਣਕ ਨੇ ਸੁਨਾਮ ਵਿੱਚ ਮੀਡੀਆ ਨੂੰ ਕਿਸਾਨ ਖ਼ੁਦਕੁਸ਼ੀਆਂ ਦੀ ਸੂਚੀ ਜਾਰੀ ਕਰਦਿਆਂ ਦਾਅਵਾ ਕੀਤਾ ਹੈ ਕਿ ਕਾਂਗਰਸ ਸਰਕਾਰ ਬਣਨ ਤੋਂ ਬਾਅਦ ਪੰਜਾਬ ਵਿੱਚ ਇਕ ਅਪਰੈਲ 2017 ਤੋਂ 10 ਅਗਸਤ 2017 ਤੱਕ 130 ਦਿਨਾਂ ਵਿੱਚ 150 ਕਿਸਾਨ ਖ਼ੁਦਕੁਸ਼ੀਆਂ ਕਰ ਗਏ ਹਨ, ਜਿਸ ਤੋਂ ਸਪਸ਼ਟ ਹੈ ਕਿ ਪੰਜਾਬ ਦੀ ਕਿਸਾਨੀ ਦੀ ਹਾਲਤ ਚਿੰਤਾਜਨਕ ਹੈ। ਸੂਚੀ ਮੁਤਾਬਕ ਸਭ ਤੋਂ ਵੱਧ ਖ਼ੁਦਕੁਸ਼ੀਆਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਲੋਕ ਸਭਾ ਹਲਕੇ ਬਠਿੰਡਾ ਵਿੱਚ ਹੋਈਆਂ ਹਨ, ਜਿੱਥੇ 130 ਦਿਨਾਂ ਵਿੱਚ 26 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਬਰਨਾਲਾ ਵਿੱਚ 24, ਸੰਗਰੂਰ ਵਿੱਚ 21, ਮਾਨਸਾ ਵਿੱਚ 20, ਤਰਨ ਤਾਰਨ ਵਿੱਚ 9, ਫਿਰੋਜ਼ਪੁਰ ਵਿੱਚ 8, ਲੁਧਿਆਣਾ ਵਿੱਚ 7, ਪਟਿਆਲਾ ਵਿੱਚ 5, ਮੋਗਾ ਵਿੱਚ 5, ਫਤਹਿਗੜ੍ਹ ਸਾਹਿਬ ਵਿੱਚ 4, ਮੁਕਤਸਰ ਸਾਹਿਬ ਵਿੱਚ 3, ਹੁਸ਼ਿਆਰਪੁਰ ਵਿੱਚ 3, ਗੁਰਦਾਸਪੁਰ ਵਿੱਚ 2, ਨਵਾਂ ਸ਼ਹਿਰ ਵਿੱਚ 2 ਤੇ ਅਬੋਹਰ ਵਿੱਚ ਇੱਕ ਕਿਸਾਨ ਨੇ ਖ਼ੁਦਕੁਸ਼ੀ ਕੀਤੀ ਹੈ। ਇਸ ਮੌਕੇ ਕਿਸਾਨ ਆਗੂ ਸੁਖਪਾਲ ਸਿੰਘ ਮਾਣਕ ਨੇ ਕਿਹਾ ਕਿ ਕਿਸਾਨ ਕਰਜ਼ੇ ਕਾਰਨ ਘਰਾਂ ਦਾ ਗੁਜ਼ਾਰਾ ਚਲਾਉਣ ਤੋਂ ਅਸਮਰੱਥ ਹਨ, ਜਿਸ ਕਾਰਨ ਉਹ ਮੌਤ ਨੂੰ ਗਲੇ ਲਾ ਰਹੇ ਹਨ। ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਹੈ ਕਿ ਜਥੇਬੰਦੀ ਵੱਲੋਂ ਕਿਸਾਨ ਖ਼ੁਦਕੁਸ਼ੀਆਂ ਦੀ ਸੂਚੀ ਰੋਜ਼ਾਨਾ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋ ਰਹੀਆਂ ਖ਼ਬਰਾਂ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ।

# ਭਾਈ ਸੁਖਦੇਵ ਸਿੰਘ ਬੱਬਰ ਦਾ 25ਵਾਂ ਸ਼ਹੀਦੀ ਦਿਹਾੜਾ ਪਿੰਡ ਦਾਸੂਵਾਲ ਵਿਖੇ ਮਨਾਇਆ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:**
ਅਕਾਲ ਤਖਤ ਸਾਹਿਬ ਦੀ ਆਨ-ਸ਼ਾਨ, ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਸ਼ਹਾਦਤ ਪਾਉਣ ਵਾਲੇ ਭਾਈ ਸੁਖਦੇਵ ਸਿੰਘ ਬੱਬਰ ਦੀ 25ਵੀਂ ਬਰਸੀ ਸੋਮਵਾਰ 13 ਅਗਸਤ ਨੂੰ ਉਨ੍ਹਾਂ ਦੇ ਜੱਦੀ ਪਿੰਡ ਦਾਸੂਵਾਲ ਵਿਖੇ ਮਨਾਈ ਗਈ। ਦੇਸ਼-ਵਿਦੇਸ਼ ਦੀਆਂ ਪੰਥਕ ਜਥੇਬੰਦੀਆਂ ਅਤੇ ਇਲਾਕਾ ਵਾਸੀ ਸੰਗਤਾਂ ਦੇ ਸਹਿਯੋਗ ਨਾਲ ਮਨਾਈ ਗਏ ਸ਼ਹੀਦੀ ਦਿਹਾੜੇ ਮੌਕੇ ਬੁਲਾਰਿਆਂ ਨੇ ਜਿਥੇ ਭਾਈ ਸੁਖਦੇਵ ਸਿੰਘ ਬੱਬਰ ਵਲੋਂ ਸਿੱਖ ਸੰਘਰਸ਼ ਵਿੱਚ ਪਾਏ ਯੋਗਦਾਨ ਨੂੰ ਯਾਦ ਕੀਤਾ ਉਥੇ ਸ਼ਹੀਦ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਅਹਿਦ ਵੀ ਦੁਹਰਾਇਆ।



ਭਾਈ ਸੁਖਦੇਵ ਸਿੰਘ ਬੱਬਰ ਦੇ ਪਿੰਡ ਦਾਸੂਵਾਲ ਦੀ ਮੰਡੀ ਵਿਖੇ ਸਥਿਤ ਗੁਰਦੁਆਰਾ ਸਾਹਿਬ ਵਿਖੇ 11 ਅਗਸਤ ਨੂੰ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਮੇਂ ਹਾਜ਼ਰੀ ਭਰਨ ਅਤੇ ਭਾਈ ਸੁਖਦੇਵ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਹਿੱਤ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਜਰਮਨ ਤੋਂ ਪ੍ਰਧਾਨ ਭਾਈ ਭੁਪਿੰਦਰ ਸਿੰਘ ਭਲਵਾਨ, ਪ੍ਰਿੰਸੀਪਲ ਬਲਜਿੰਦਰ ਸਿੰਘ, ਭਾਈ ਧਿਆਨ ਸਿੰਘ ਮੰਡ, ਅੰਮ੍ਰਿਤ ਸੰਚਾਰ ਜਥਾ ਦੇ ਪੰਜ ਸਿੰਘ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਭਾਈ ਕਰਨੈਲ ਸਿੰਘ ਪੀਰ ਮੁਹੰਮਦ, ਦਲ ਖਾਲਸਾ ਦੇ ਭਾਈ ਸਰਬਜੀਤ ਸਿੰਘ ਘੁਮਾਣ, ਯੂਨਾਈਟਿਡ ਅਕਾਲੀ ਦਲ ਦੇ ਭਾਈ ਮੋਹਕਮ ਸਿੰਘ, ਭਾਈ ਸਤਨਾਮ ਸਿੰਘ ਮਨਾਵਾ, ਜਥੇਦਾਰ ਬਲਦੇਵ ਸਿੰਘ ਸਿਰਸਾ, ਹਲਕੇ ਤੋਂ ਅਕਾਲੀ ਦਲ (ਬਾਦਲ) ਦੇ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ, ਸ਼੍ਰੋਮਣੀ ਅਕਾਲੀ ਦਲ (ਅ) ਦੇ ਜਨਰਲ ਸਕੱਤਰ ਜਰਨੈਲ ਸਿੰਘ ਸਖੀਰਾ, ਤਰਨਤਾਰਨ ਤੋਂ ਡਾ. ਗੁਰਜਿੰਦਰ ਸਿੰਘ, ਭੁਪਿੰਦਰ ਸਿੰਘ ਸਰਪੰਚ, ਅਕਾਲ ਖਾਲਸਾ ਦਲ ਦੇ ਭਾਈ ਸੁਰਿੰਦਰ ਸਿੰਘ ਤਾਲਿਬਪੁਰਾ ਪੁਜੇ ਹੋਏ ਸਨ। ਰਾਗੀ ਸਿੰਘਾਂ ਨੇ ਇਲਾਹੀ ਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪੰਥ ਪ੍ਰਸਿੱਧ ਢਾਡੀ ਜਥਾ ਭਾਈ ਤਰਸੇਮ ਸਿੰਘ ਮੋਰਾਂਵਾਲੀ ਦੇ ਢਾਡੀ ਜਥੇ ਨੇ ਸਿੱਖ ਸੰਘਰਸ਼ ਅਤੇ ਭਾਈ ਸੁਖਦੇਵ ਸਿੰਘ ਬੱਬਰ ਦੇ ਸੰਘਰਸ਼ ਵਿੱਚ ਪਾਏ ਯੋਗਦਾਨ ਦੀਆਂ ਗਾਥਾਵਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਭਾਈ ਸੁਖਦੇਵ ਸਿੰਘ ਬੱਬਰ ਦੇ ਭਰਾ ਭਾਈ ਮਹਿਲ ਸਿੰਘ ਦੀ ਧਰਮ ਸੁਪਤਨੀ ਬੀਬੀ ਗੁਰਮੀਤ ਕੌਰ ਅਤੇ ਉਨਾਂ ਦੀ ਬੇਟੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

# Sikh Gurdwara of Los Angeles [ Lankershim ]

## Celebrating Pratham Parkash Utsav of Shri Guru Granth Sahib Ji

On Labor Day Weekend [ Monday, Sept 4, 2017]



**Program 10:00 AM To 2:30 PM**

Asa Ki Vaar, Katha Kirtan By Various Ragis of Local Gurdwara's

Following Ragi Jathas will perform

- ☆ Bhai Raghubir Singh Ji (Walnut Gurdwara)
- ☆ Bhai Ravinder Singh Ji Rasia (Vermont Gurdwara)
- ☆ Bhai Gagandeep Singh Ji (Nanak Sadan Gurdwara)
- ☆ Bhai Kirtan Singh Ji (Guru Ramdass Ashram)
- ☆ Bhai Jatinder Singh Ji Jot (Hazoori Jatha Lankershim)
  Bhai Dalbir Singh Ji (Tarmala Wale)

Guru Ka Langar Seva By: Gurdas Singh & Family

We are celebrating 11th anniversary of Pratham Parkash Utsav along with Labor Day

You are requested to join us with your Family and Friends and recieve Guru's Blessings

Sikh Gurdwara Of Los Angeles
7640 Lankershim BLVD
North Hollywood, CA 91605
www.lankershimgurdwara.com

| | | | |
|---|---|---|---|
| Gurcharan Singh Bans | (661)-877-6461 | Ranjit Singh Kamboj | (626) 676-1664 |
| Inderbir Singh Nat | (818) 429-5313 | Paramjit S. Cheema | (661) 993-3369 |
| Charanjit S. Deol | (661) 839-5563 | Satgurjit S. Pawar | (714) 728-4653 |
| Harmander Sngh Grewal | (818) 606 7894 | Manjit Singh Pandher | (818)-398-9262 |



# Travel for Less Inc.



SPECIALIZED IN DISCOUNT FARES WORLDWIDE

**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

**Best deals on major airlines like**

Asiana Airlines, China Airlines, British Airways, Cathay Pacific, Virgin Atlantic, Singapore Airlines, Emirates, Etihad Airways, Lufthansa, Qatar Airways

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.



CST NO : 2031914-40

We have moved to

**Serving the Bay Area Since 1996**

**32116-Alvarado Blvd. Union City, CA-94587**

Email: info@travelforlessinc.com

**CALL 510-791-3300** Book online 24x7 @ www.Letsflyhome.com


$20 Off For Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT
$259*
REGULAR RETAIL $324
ROADMASTER TIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA
Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# SAVE $2500

**ON DIESEL PER TRUCK WITH**

## ONE CALL!



# 10¢




# DISCOUNT PER GALLON

✓ No more Pre-Paid Cards ✓ Get Rid of Bank Wires ✓ Low Transaction Fee







TRANS-ALLIANCE
TOGETHER WE SAVE

**(855) 641-6955 • (888) 795-7035**

sales@trans-alliance.com • www.trans-alliance.com

# ਸਿੱਖਾਂ ਵਾਸਤੇ ਆਜ਼ਾਦੀ ਲਈ ਸੰਘਰਸ਼ ਕਰਨਾ ਅਧਿਆਤਮਿਕ ਫਰਜ਼ : ਭਾਈ ਅਜਮੇਰ ਸਿੰਘ

## *ਸਿੱਖ ਰਾਜ ਦੀ ਲੋੜ ਤੇ ਵਿਲੱਖਣਤਾ ਬਾਰੇ ਜਰਮਨ ਦੀਆਂ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ*



**ਫਰੈਕਫੋਰਟ/ ਸਿੱਖ ਸਿਆਸਤ ਬਿਊਰੋ:** ਆਧੁਨਿਕ ਸਿੱਖ ਚਿੰਤਕ ਅਤੇ ਬਹੁ ਚਰਚਿਤ ਕਿਤਾਬਾਂ ਦੇ ਲੇਖਕ ਭਾਈ ਅਜਮੇਰ ਸਿੰਘ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਸਿੱਖਾਂ ਵਾਸਤੇ ਆਜ਼ਾਦੀ ਲਈ ਸੰਘਰਸ਼ ਕਰਨਾ ਅਧਿਆਤਮਿਕ ਫਰਜ਼ ਹੈ। ਆਧੁਨਿਕਤਾ ਅਤੇ ਉਸ ਦੇ ਸਿੱਖਾਂ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪ੍ਰਣਾਲੀ 'ਤੇ ਪ੍ਰਭਾਵ ਸਬੰਧੀ ਕਰਵਾਏ ਸੈਮੀਨਾਰ ਤੋਂ ਬਾਅਦ ਗੁਰਦੁਆਰਾ ਸਿੱਖ ਸੈਂਟਰ ਫਰੈਕਫੋਰਟ ਦੇ ਹਫਤਾਵਰੀ ਦੀਵਾਨ ਵਿੱਚ ਸਿੱਖ ਰਾਜ ਦੀ ਲੋੜ ਅਤੇ ਇਸ ਦੀ ਵਿਲੱਖਣਤਾ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਵਿਚਾਰਾਂ ਦੀ ਸੰਗਤਾਂ ਨਾਲ ਸਾਂਝ ਪਾਉਦਿਆਂ ਉਨ੍ਹਾਂ ਕਿਹਾ ਕਿ ਅਜ਼ਾਦੀ ਹਰ ਜੀਵ ਦੀ ਬੁਨਿਆਦੀ ਲੋੜ ਹੈ। ਗੁਲਾਮ ਵਾਤਾਵਰਣ ਵਿੱਚ ਤਾਂ ਪੌਦਿਆਂ ਪੰਛੀਆਂ ਦਾ ਵੀ ਸਹੀ ਵਿਕਾਸ ਨਹੀਂ ਹੁੰਦਾ। ਇਸ ਕਰਕੇ ਮਨੁੱਖੀ ਜੀਵਾਂ ਤੇ ਕੌਮਾਂ ਦੇ ਸੁਤੰਤਰ ਵਿਕਾਸ ਲਈ ਅਜ਼ਾਦੀ ਦੀ ਜ਼ਰੂਰੀ ਲੋੜ ਹੈ। ਪਰ ਗੁਰਮਤਿ ਦੀ ਰੌਸ਼ਨੀ ਵਿਚ ਅਜ਼ਾਦੀ ਦਾ ਭਾਵ ਬਹੁਤ ਡੂੰਘਾ ਹੈ। ਕਿਉਂਕਿ ਸਿੱਖ ਲਈ ਮਨੁਖੀ ਜੀਵਨ ਦਾ ਮਨੋਰਥ ਆਤਮਿਕ ਵਿਕਾਸ ਕਰਦੇ ਹੋਏ ਆਤਮਾ ਦਾ ਪਰਮਾਤਮਾ ਨਾਲ ਮੇਲ ਕਰਨਾ ਹੈ, ਜਿਸ ਦੇ ਵਾਸਤੇ ਮਨੁਖ ਲਈ ਪੂਰਨ ਤੌਰ 'ਤੇ ਆਜ਼ਾਦ ਵਾਤਾਵਰਨ ਚਾਹੀਦਾ ਹੈ। ਇਸ ਲਈ ਸਿਖਾਂ ਵਾਸਤੇ ਆਜ਼ਾਦੀ ਲਈ ਸੰਘਰਸ਼ ਕਰਨਾ ਅਧਿਆਤਮਿਕ ਫਰਜ਼ ਬਣ ਜਾਂਦਾ ਹੈ। ਇਹ ਸਿਖਾਂ ਲਈ ਅਧਿਆਤਮਿਕ ਅਨੁਭਵ ਦਾ ਦਰਜਾ ਰਖਦਾ ਹੈ।

ਇਤਿਹਾਸ ਵਲ ਮੁੜਦਿਆਂ ਭਾਈ ਅਜਮੇਰ ਸਿੰਘ ਨੇ ਕਿਹਾ ਕਿ ਸਿੱਖਾਂ ਨੇ ਇਸ ਆਸ਼ੇ ਨਾਲ ਆਜ਼ਾਦੀ ਲਈ ਸੰਘਰਸ਼ ਕਰਦੇ ਹੋਏ ਇਤਿਹਾਸ ਅੰਦਰ ਉਚੇ ਤੇ ਸੁੱਚੇ ਇਖਲਾਕ ਦੀਆਂ ਲਾਸਾਨੀ ਮਿਸਾਲਾਂ ਕਾਇਮ ਕੀਤੀਆਂ। ਇਸ ਪ੍ਰਥਾਇ ਬਾਬਾ ਬੰਦਾ ਸਿੰਘ ਬਹਾਦਰ ਦਾ ਥੋੜ੍ਹ ਚਿਰਾ ਰਾਜ ਤੇ ਮਹਾਰਾਜਾ ਰਣਜੀਤ ਸਿੰਘ ਵਲੋਂ ਕਾਇਮ ਕੀਤਾ ਗਿਆ ਸਿੱਖ ਰਾਜ ਮਨੁੱਖੀ ਇਤਿਹਾਸ ਦਾ ਗੌਰਵ ਹੋ ਨਿਬੜੇ ਹਨ। ਇਸ ਸਿੱਖ ਵਿਰਸੇ ਤੋਂ ਪ੍ਰੇਰਨਾ ਲੈਂਦੇ ਹੋਏ ਵੀਹਵੀਂ ਸਦੀ ਅੰਦਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਸਿੱਖ ਕੌਮ ਅੰਦਰ ਮੁੜ ਉਹੀ ਪੁਰਾਤਨ ਜੁਝਾਰੂ ਸਪਿਰਿਟ ਪੈਦਾ ਕੀਤੀ ਅਤੇ ਸਿਖਾਂ ਦੇ ਹਿਰਦਿਆਂ ਅੰਦਰ ਆਜ਼ਾਦੀ ਦਾ ਜਜ਼ਬਾ ਪ੍ਰਚੰਡ ਕੀਤਾ।

ਪੰਜਾਬ ਵਿੱਚ 8-10 ਸਾਲਾਂ ਤਕ ਚੱਲੇ ਖਾੜਕੂ ਸੰਘਰਸ਼ ਬਾਰੇ ਬੋਲਦਿਆਂ ਭਾਈ ਅਜਮੇਰ ਸਿੰਘ ਨੇ ਕਿਹਾ ਕਿ ਇਸ ਦੌਰਾਨ ਸਿੱਖ ਨੌਜਵਾਨਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਹਾਦਤਾਂ ਦੇ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸੋਚ ਉਤੇ ਅਡੋਲ ਪਹਿਰਾ ਦਿਤਾ। ਪਰ ਖਾੜਕੂ ਲਹਿਰ ਦੇ ਖਤਮ ਹੋਣ ਤੋਂ ਬਾਅਦ ਪੰਥਕ ਰਾਜਨੀਤੀ ਦਾ ਅਮਲ ਬਹੁਤਾ ਨਿਰਮਲ ਨਾ ਰਿਹਾ। ਖਾੜਕੂ ਵਿਰਾਸਤ ਤੇ ਧਾਰਾ ਦੀ ਰਾਜਸੀ ਖੇਤਰ ਵਿਚ ਤਰਜਮਾਨੀ ਕਰਨ ਦਾ ਦਾਅਵਾ ਕਰਨ ਵਾਲੇ ਬਹੁਤੇ ਆਗੂਆਂ ਅੰਦਰ ਨਿਜਪ੍ਰਸਤੀ, ਸੁਆਰਥ ਤੇ ਰਾਜਸੀ ਸਤਾ ਦਾ ਲਾਲਚ ਭਾਰੂ ਹੋ ਗਿਆ ਅਤੇ ਉਨ੍ਹਾਂ ਅੰਦਰ ਰਵਾਇਤੀ ਅਕਾਲੀ ਆਗੂਆਂ ਵਾਲੀਆਂ ਹੀ ਕਮਜ਼ੋਰੀਆਂ ਪੈਦਾ ਹੋ ਗਈਆਂ, ਜਿਸ ਕਰਕੇ ਸਿੱਖ ਸੰਘਰਸ਼ ਅੰਦਰ ਖੜੋਤ ਤੇ ਗਿਰਾਵਟ ਦੇ ਲਛਣ ਪਰਗਟ ਹੋ ਗਏ ਹਨ ਉਨ੍ਹਾਂ ਕਿਹਾ ਕਿ ਇਸ ਹਾਲਤ ਵਿਚ ਸੂਝਵਾਨ ਤੇ ਜਾਗਰੂਕ ਹੋਏ ਸਿੱਖ ਨੌਜਵਾਨਾਂ ਦਾ ਇਹ ਅਹਿਮ ਫਰਜ਼ ਬਣਦਾ ਹੈ ਕਿ ਉਹ ਗੁਰੂ ਸਾਹਿਬਾਨ ਦੇ ਰੂਹਾਨੀ ਆਦਰਸ਼ਾਂ ਕੋਲੋਂ ਪ੍ਰੇਰਨਾ ਲੈਂਦੇ ਹੋਏ ਸਿੱਖ ਸੰਘਰਸ਼ ਨੂੰ ਅਗਵਾਈ ਦੇਣ ਦੀ ਜ਼ੁੰਮੇਵਾਰੀ ਓਟਣ।

ਉਨ੍ਹਾਂ ਕਿਹਾ ਮੌਜੂਦਾ ਭਾਰਤੀ ਰਾਜ ਦੀ ਅਧੀਨਗੀ ਹੇਠ ਅੰਸ਼ਕ ਰੂਪ ਵਿਚ ਸੱਤਾ ਹਾਸਲ ਕਰਨ ਦੀ ਮੌਕਾਪ੍ਰਸਤ ਰਾਜਨੀਤੀ ਸਿੱਖ ਕੌਮ ਨੂੰ ਡੂੰਘੀ ਰਸਾਤਲ ਵਿਚ ਸੁੱਟ ਦੇਵੇਗੀ। ਇਸ ਕਰਕੇ ਸਿੱਖ ਕੌਮ ਨੂੰ ਪੂਰਨ ਆਜ਼ਾਦੀ ਦੀ ਪ੍ਰਾਪਤੀ ਲਈ ਸੰਘਰਸ਼ ਦਾ ਅਡੋਲ ਝੰਡਾ ਬੁਲੰਦ ਰੱਖਣਾ ਚਾਹੀਦਾ ਹੈ।

ਮਨੁੱਖੀ ਅਧਿਕਾਰਾਂ ਦੇ ਮਸੀਹਾ ਭਾਈ ਜਸਵੰਤ ਸਿੰਘ ਖਾਲੜਾ ਦੇ ਇੰਗਲੈਂਡ ਤੋਂ ਆਏ ਭਰਾ ਸ.ਅਮਰਜੀਤ ਸਿੰਘ ਖਾਲੜਾ ਨੇ ਵੀ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ।

ਗੁਰਦੁਆਰਾ ਸਾਹਿਬ ਜੀ ਦੇ ਗ੍ਰੰਥੀ ਸਾਹਿਬਾਨ ਨੇ ਗੁਰੂ ਦੀ ਬਖਸ਼ੀਸ਼ ਸੰਗਤ ਦੀ ਅਸੀਸ ਸਿਰੋਪਾਉ ਨਾਲ ਭਾਈ ਅਜਮੇਰ ਸਿੰਘ ਤੇ ਭਾਈ ਅਮਰਜੀਤ ਸਿੰਘ ਖਾਲੜਾ ਨੂੰ ਸਨਮਾਨਤ ਕੀਤਾ ਗਿਆ ਉਥੇ ਫਰੈਂਕਫੋਰਟ ਦੇ ਹੋਣਹਾਰ ਨੌਜਵਾਨ ਬਿਕਰਮ ਸਿੰਘ, ਜਿਸ ਨੇ ਗਿਆਰਵੀਂ ਕਲਾਸ ਨੂੰ ਪੜਾਈ ਜਾਣ ਵਾਲੀ ਹਿਸਾਬ ਦੀ ਕਿਤਾਬ ਲਿਖਣ ਦਾ ਮਾਣ ਪ੍ਰਾਪਤ ਹੋਇਆ ਹੈ,ਉਸ ਦਾ ਸਨਮਾਨ ਭਾਈ ਅਜਮੇਰ ਸਿੰਘ ਨੇ ਸਿਰੋਪਾਉ ਨਾਲ ਕੀਤਾ ਗਿਆ।

ਸਟੇਜ ਦੀ ਸੇਵਾ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਸੇਵਾਦਾਰ ਭਾਈ ਗੁਰਚਰਨ ਸਿੰਘ ਗੁਰਾਇਆ ਨੇ ਨਿਭਾਈ ਤੇ ਸ. ਅਜਮੇਰ ਸਿੰਘ, ਭਾਈ ਅਮਰਜੀਤ ਸਿੰਘ ਖਾਲੜਾ ਤੇ ਸਮੁੱਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।









# 'ਤੀਆਂ ਤੀਜ ਦੀਆਂ' ਮੌਕੇ ਪੰਜਾਬਣਾਂ ਨੇ ਲਾਈਆਂ ਰੌਣਕਾਂ



**ਸੈਕਰਾਮੈਂਟੋ/ਬਿਊਰੋ ਨਿਊਜ਼ :**
ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ ਸਾਲਾਨਾ ਤੀਆਂ ਦਾ ਮੇਲਾ ਐਲਕ ਗਰੋਵ ਦੇ ਛਾਂ-ਦਾਰ ਪਾਰਕ ਵਿਖੇ ਲਾਇਆ ਗਿਆ। ਇਸ ਦੌਰਾਨ ਸੈਂਕੜੇ ਔਰਤਾਂ ਦੀ ਸ਼ਮੂਲੀਅਤ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ। 6 ਘੰਟੇ ਚੱਲੇ ਇਸ ਮੇਲੇ ਵਿਚ ਕਲਾਕਾਰਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਲਾਵਾਂ-ਫੇਰੇ ਡੈਕੋਰੇਸ਼ਨ, ਸੈਕਰਾਮੈਂਟੋ ਦੇ ਸਹਿਯੋਗ ਨਾਲ ਸਟੇਜ ਨੂੰ ਪਿੰਡ ਦੀ ਦਿੱਖ ਦਿੱਤੀ ਗਈ ਸੀ। 'ਤੀਆਂ ਤੀਜ ਦੀਆਂ' ਦੇ ਨਾਂ ਹੇਠ ਹੋਏ ਇਸ ਮੇਲੇ ਵਿਚ ਸਭ ਤੋਂ ਪਹਿਲਾਂ ਸਿੱਠਣੀਆਂ, ਸੁਹਾਗ, ਬੋਲੀਆਂ, ਘੋੜੀਆਂ ਅਤੇ ਟੱਪੇ ਗਾਏ ਗਏ। ਉਪਰੰਤ ਇਨ੍ਹਾਂ ਤੀਆਂ ਦੀਆਂ ਪ੍ਰਬੰਧਕਾਂ ਪਿੰਕੀ ਰੰਧਾਵਾ ਅਤੇ ਪਰਨੀਤ ਗਿੱਲ ਨੇ ਦਰਸ਼ਕਾਂ ਦਾ ਸਵਾਗਤ ਕੀਤਾ। ਆਸ਼ਾ ਸ਼ਰਮਾ ਨੇ ਸਟੇਜ ਸੰਚਾਲਨ ਬਾਖ਼ੂਬੀ ਕੀਤਾ। ਪਰਨੀਤ ਸਿੱਧੂ, ਗੂੰਜਨ, ਸਿਮਰਨ ਸੰਘੇੜਾ, ਗਗਨ ਭੱਠਲ, ਅਵਨੀਤ ਚੀਮਾ ਦੀ ਕੋਚਿੰਗ ਹੇਠ ਵੱਖ-ਵੱਖ ਟੀਮਾਂ ਨੇ ਆਪਣੀ ਪੇਸ਼ਕਾਰੀ ਕੀਤੀ।

ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪੂਨਮ ਮਲਹੋਤਰਾ, ਟਿੰਮੀ ਤੱਖਰ, ਮਨਿੰਦਰ ਸੰਧੂ ਅਤੇ ਡਾ. ਦਲਜੀਤ ਸੇਖੋਂ ਨੇ ਗੀਤ ਪੇਸ਼ ਕੀਤੇ।

ਇਸ ਮੇਲੇ ਵਿਚ ਖਾਣ-ਪੀਣ ਤੋਂ ਇਲਾਵਾ ਕੱਪੜੇ, ਗਹਿਣੇ, ਮਹਿੰਦੀ, ਦੇਸੀ ਜੁੱਤੀਆਂ ਦੇ ਕਰੀਬ 30 ਸਟਾਲ ਲਗਾਏ ਗਏ। ਸਤਬੀਰ ਸਿੰਘ ਬਾਜਵਾ ਅਤੇ ਪਰਿਵਾਰ ਵੱਲੋਂ ਪਾਣੀ, ਸੋਢੇ ਅਤੇ ਜੂਸ ਦੀ ਛਬੀਲ ਲਗਾਈ ਗਈ। ਫਲਮਿੰਗੋ ਪੈਲੇਸ ਵੱਲੋਂ ਵੀ ਖਾਣ-ਪੀਣ ਦਾ ਸਟਾਲ ਲਾਇਆ ਗਿਆ ਸੀ।

ਕੈਲੀਫੋਰਨੀਆ ਦੇ ਕਮਿਸ਼ਨਰ ਮਰਹੂਮ ਸ਼੍ਰੀ ਲਾਹੌਰੀ ਰਾਮ ਦੀ ਪਤਨੀ ਪ੍ਰੀਤੋ ਰਾਮ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਡਾ. ਪਰਮਜੀਤ ਤੱਖਰ (ਐੱਮ.ਡੀ. ਅਤੇ ਡਾ. ਤੱਖਰ ਮੈਡੀਕਲ ਸਪਾ), ਗੁੱਡੀ ਤੱਖਰ, ਇੰਡੀਅਨ ਕੇਅਰ ਐਸੋਸੀਏਸ਼ਨ ਫੇਅਰਫੀਲਡ ਅਤੇ ਗੁਲਿੰਦਰ ਗਿੱਲ ਮੇਲੇ ਦੇ ਗਰੈਂਡ ਸਪਾਂਸਰ ਸਨ। ਇਸ ਤੋਂ ਇਲਾਵਾ ਸਤਬੀਰ ਸਿੰਘ ਬਾਜਵਾ, ਧੀਰਾ ਨਿੱਜਰ (ਕੈਂਪ ਲੋਜੀਸਟਿਕ), ਦਵਿੰਦਰ ਸਿੰਘ (ਯੂ.ਐੱਸ. ਟਰੱਕ ਐਂਡ ਟਰੇਲਰ ਰਿਪੇਅਰ), ਬਕਸ਼ੋ ਕੌਰ ਵੀਸਲਾ (ਐੱਲ.ਏ. ਮਰਚਨਡਾਇਸ, ਯੂਬਾ ਸਿਟੀ), ਸੁਖਦੇਵ ਸਿੰਘ ਢਿੱਲੋਂ (ਰੇਡੀਓ ਪੰਜਾਬ), ਮਾਈਕਲ ਬਾਠਲਾ (ਮਾਰਸ ਵਨ ਟੈਕਸ), ਸ਼ੇਰੂ ਭਾਟੀਆ (ਪੀਟਸ), ਸ਼ਿਕਾਗੋ ਪੀਜ਼ਾ, ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ, ਗੁਰਬੀਰ ਰੰਧਾਵਾ, ਪਰਦੀਪ ਪਾਲ (ਫਲਮਿੰਗੋ ਪੈਲੇਸ), ਭੁਪਿੰਦਰ ਸੰਘੇੜਾ, ਜਸਮੇਲ ਸਿੰਘ ਚਿੱਟੀ (ਫਾਈਵ ਸਟਾਰ ਟੋਇੰਗ ਇੰਕ.), ਜੌਨੀ (ਬੱਗਾ ਜਿਊਲਰਜ਼), ਸਤਿੰਦਰ ਪਾਲ ਹੇਅਰ, ਹਰਜਿੰਦਰ ਧਾਮੀ, ਗੁਰਪਾਲ ਡਡਵਾਲ, ਹੁਸ਼ਿਆਰ ਸਿੰਘ ਡਡਵਾਲ, ਸੰਦੀਪ ਸਿੰਘ ਢਾਂਡਾ (ਵੈਲਸ ਫਾਰਗੋ), ਅਮਿਤ ਪਾਲ, ਸ਼ਸ਼ੀ ਪਾਲ, ਅਪਾਪਾ ਤੇ ਗੁਰਜਤਿੰਦਰ ਸਿੰਘ ਰੰਧਾਵਾ (ਰਿਐਲਟਰ) ਸਪਾਂਸਰ ਸਨ।

ਮੇਲੇ ਵਿਚ ਐਲਕ ਗਰੋਵ ਦੇ ਮੇਅਰ ਸਟੀਵ ਲੀ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਉਨ੍ਹਾਂ ਨੇ ਪੰਜਾਬੀ ਭਾਈਚਾਰੇ ਦੀ ਤਾਰੀਫ ਕੀਤੀ ਅਤੇ ਕਿਹਾ ਕਿ ਐਲਕ ਗਰੋਵ ਸਿਟੀ ਦੇ ਵੱਖ-ਵੱਖ ਨਸਲਾਂ ਦੇ ਭਾਈਚਾਰੇ ਵੱਲੋਂ ਇਹ ਸਭਿਆਚਾਰਕ ਮਹੀਨਾ ਮਨਾਇਆ ਜਾ ਰਿਹਾ ਹੈ। ਇਸ ਕਰਕੇ ਇਸ ਮੇਲੇ ਨੂੰ ਸਿਟੀ ਕੈਲੰਡਰ ਦੇ ਪ੍ਰੋਗਰਾਮ ਵਿਚ ਜੋੜਿਆ ਗਿਆ ਸੀ। ਇਸ ਤੋਂ ਇਲਾਵਾ ਸਾਬਕਾ ਸਟੇਟ ਸੈਨੇਟਰ ਰੋਜਰ ਡਿਕਨਸਨ ਅਤੇ ਡੇਵਿਸ ਵਿਸ਼ੇਸ਼ ਤੌਰ 'ਤੇ ਪਧਾਰੇ ਅਤੇ ਪ੍ਰਬੰਧਕਾਂ ਨੂੰ ਇਸ ਕਾਮਯਾਬ ਮੇਲੇ ਲਈ ਵਧਾਈ ਦਿੱਤੀ।

ਇਸ ਮੇਲੇ ਨੂੰ ਕਾਮਯਾਬ ਕਰਨ ਲਈ ਪਰਮਜੀਤ ਬਾਜਵਾ, ਪ੍ਰੀਤ ਝਾਵਰ, ਸੰਦੀਪ ਨਿੱਜਰ, ਕਿਸਮਤ ਸੰਘੇੜਾ, ਕੰਤੀ ਰੰਧਾਵਾ, ਕਿਰਨ ਬਾਜਵਾ, ਅਮਰਜੀਤ ਚਿੱਟੀ ਤੇ ਅਮਰਬੀਰ ਕੌਰ ਨੇ ਵੀ ਸਹਿਯੋਗ ਦਿੱਤਾ।



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

## PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

**SERVICES INCLUDE**

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA ™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE
408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

## ਹੈਵਾਨੀਅਤ ਤੇ ਇਨਸਾਨੀਅਤ:

# ਜਦੋਂ ਅੰਗਰੇਜ਼ਾਂ ਦੀਆਂ ਕੱਢੀਆਂ ਨਹਿਰਾਂ ਖ਼ੂਨ ਨਾਲ ਰੰਗੀਆਂ...

**ਅਮਨਪ੍ਰੀਤ ਸਿੰਘ ਗਿੱਲ**

ਸੰਤਾਲੀ ਦੀ ਵੰਡ ਦੌਰਾਨ ਪੰਜਾਬ ਦੇ ਲੋਕਾਂ ਨੇ ਮੱਧਕਾਲੀ ਹੈਵਾਨੀਅਤ ਦੀ ਵਿਰਾਟ ਝਾਕੀ ਵੇਖੀ। ਪੰਜਾਬੀਅਤ ਪਹਿਲਾਂ ਕਦੇ ਵੀ ਇੰਨੇ ਵੱਡੇ ਪੈਮਾਨੇ 'ਤੇ ਖੁਆਰ ਅਤੇ ਸ਼ਰਮਸਾਰ ਨਹੀਂ ਹੋਈ ਸੀ। ਲੱਖਾਂ ਮਜ਼ਲੂਮਾਂ ਦੇ ਕਤਲ, ਬਲਾਤਕਾਰ, ਉਧਾਲੇ, ਲੁੱਟ-ਖੋਹ, ਵਿਸਾਹਘਾਤ, ਜਬਰੀ ਧਰਮ ਬਦਲੀ, ਹੈਵਾਨੀਅਤ ਦਾ ਉਹ ਕਿਹੜਾ ਰੂਪ ਸੀ, ਜੋ ਪੰਜਾਬ ਦੇ ਲੋਕਾਂ ਨੇ ਉਸ ਵੇਲੇ ਆਪਣੇ ਪਿੰਡੇ 'ਤੇ ਨਹੀਂ ਹੰਢਾਇਆ ?

ਪੰਜਾਬ ਦੀਆਂ ਘੱਟਗਿਣਤੀਆਂ ਦਾ ਕਸੂਰ ਸਿਰਫ਼ ਇਹੀ ਸੀ ਕਿ ਉਹ ਰੈੱਡਕਲਿਫ ਲਾਈਨ ਦੇ ਉਸ ਪਾਸੇ ਮੌਜੂਦ ਸਨ, ਜਿੱਥੇ ਉਨ੍ਹਾਂ ਨੂੰ ਨਹੀਂ ਹੋਣਾ ਚਾਹੀਦਾ ਸੀ। ਇਨ੍ਹਾਂ ਸਭ ਥਾਵਾਂ 'ਤੇ ਉਨ੍ਹਾਂ ਦਾ ਨਸਲੀ ਸਫ਼ਾਇਆ ਕੀਤਾ ਗਿਆ। ਨਤੀਜੇ ਵਜੋਂ ਪੱਛਮੀ ਪੰਜਾਬ ਵਿੱਚ ਹਿੰਦੂ-ਸਿੱਖਾਂ ਦੀ ਗਿਣਤੀ 30 ਫ਼ੀਸਦੀ ਤੋਂ ਘਟ ਕੇ ਇਕ ਫ਼ੀਸਦੀ ਤੇ ਪੂਰਬੀ ਪੰਜਾਬ ਵਿੱਚ ਮੁਸਲਮਾਨਾਂ ਦੀ ਗਿਣਤੀ 40 ਫ਼ੀਸਦੀ ਤੋਂ ਘਟ ਕੇ ਦੋ ਫ਼ੀਸਦੀ ਰਹਿ ਗਈ। ਪੰਜ ਤੋਂ ਸੱਤ ਲੱਖ ਲੋਕ ਪੰਜਾਬ ਦੇ ਦੋਵੇਂ ਪਾਸੇ ਮਾਰੇ ਗਏ ਅਤੇ 80 ਲੱਖ ਲੋਕਾਂ ਨੂੰ 90 ਦਿਨਾਂ ਦੇ ਅੰਦਰ-ਅੰਦਰ ਆਪਣੇ ਘਰ-ਬਾਰ ਛੱਡ ਕੇ ਭੱਜਣਾ ਪਿਆ। ਪੰਜਾਬ ਦੀਆਂ ਰੇਲਾਂ ਤੇ ਨਹਿਰਾਂ ਅੰਗਰੇਜ਼ੀ ਰਾਜ ਨਾਲ ਇੱਥੇ ਆਈਆਂ ਸਨ ਤੇ ਅੰਗਰੇਜ਼ੀ ਰਾਜ ਦੇ ਖਾਤਮੇ ਸਮੇਂ ਇੱਥੇ ਭਾਰੀ ਕਤਲੇਆਮ ਦੀਆਂ ਗਵਾਹ ਬਣੀਆਂ। ਕੁਲਵੰਤ ਸਿੰਘ ਵਿਰਕ ਅਨੁਸਾਰ ਨਹਿਰਾਂ ਲਾਸ਼ਾਂ ਨਾਲ ਭਰੀਆਂ ਆਉਂਦੀਆਂ ਸਨ ਕਿ ਪਾਕਿਸਤਾਨ ਵਿੱਚ ਇਸ ਦੇ ਪਾਣੀ ਨਾਲ ਵੁਜ਼ੂ ਕਰਨਾ ਹਰਾਮ ਹੋ ਗਿਆ ਸੀ। ਸ਼ਰਨਾਰਥੀਆਂ ਨੂੰ ਲਿਜਾਣ ਵਾਲੀਆਂ ਰੇਲਾਂ ਨੂੰ ਅਕਸਰ ਰਾਹ ਵਿੱਚ ਰੋਕ ਕੇ ਯਾਤਰੀਆਂ ਦਾ ਕਤਲੇਆਮ ਕੀਤਾ ਗਿਆ। ਅਜਿਹੀ ਇਕ ਲਾਸ਼ਾਂ ਦੀ ਭਰੀ ਰੇਲਗੱਡੀ ਨੂੰ ਲੈ ਕੇ ਖ਼ੁਸ਼ਵੰਤ ਸਿੰਘ ਨੇ 'ਟਰੇਨ ਟੂ ਪਾਕਿਸਤਾਨ' ਨਾਮ ਦੀ ਅਮਰ ਰਚਨਾ ਰਚੀ।

ਵੰਡ ਦੀ ਹੈਵਾਨੀਅਤ ਦਾ ਸਭ ਤੋਂ ਵੱਡਾ ਸ਼ਿਕਾਰ ਪੰਜਾਬੀ ਸਮਾਜ ਦੀਆਂ ਆਪਣੀਆਂ ਧੀਆਂ, ਭੈਣਾਂ ਤੇ ਮਾਵਾਂ ਹੋਈਆਂ। ਸਮੂਹਿਕ ਬਲਾਤਕਾਰ, ਉਧਾਲਾ, ਜਬਰੀ ਵਿਆਹ, ਧਰਮਬਦਲੀ ਇਨ੍ਹਾਂ ਸਾਰੇ ਜ਼ੁਲਮਾਂ ਨੂੰ ਪੰਜਾਬੀ ਔਰਤ ਨੇ ਵੱਡੇ ਪੈਮਾਨੇ 'ਤੇ ਆਪਣੇ ਪਿੰਡੇ ਉਤੇ ਝੱਲਿਆ। ਨਿਰਵਸਤਰ ਕਰ ਕੇ ਔਰਤਾਂ ਦੇ ਜਲੂਸ ਕੱਢਣੇ ਤੇ ਕਈਆਂ ਦੀਆਂ ਛਾਤੀਆਂ ਕੱਟ ਦੇਣਾ ਅਜਿਹੀ ਅਮਾਨਵੀਅਤਾ ਸੀ, ਜਿਸ ਨੂੰ ਲਿਖਣ ਲਈ ਹੱਥ ਕੰਬਦੇ ਹਨ ਤੇ ਪੜ੍ਹਨ ਲਈ ਸ਼ਾਇਦ ਸੀਨਾ ਪੱਥਰ ਕਰਨਾ ਪਵੇ ਪਰ ਅਸਲੀਅਤ ਇਹ ਕਿ ਇਹ ਸਭ ਕੁਝ ਪੰਜਾਬ ਦੀ ਧਰਤੀ 'ਤੇ ਵਾਪਰਿਆ, ਜਿੱਥੇ ਸਦੀਆਂ ਤੋਂ ਸਿੱਖ ਗੁਰੂਆਂ ਤੇ ਸੂਫ਼ੀ ਫ਼ਕੀਰਾਂ ਨੇ ਮਜ਼ਹਬੀ ਰਵਾਦਾਰੀ ਅਤੇ ਇਨਸਾਨੀ ਦੋਸਤੀ ਦੀ ਸਿੱਖਿਆ ਦਿੱਤੀ ਸੀ। ਔਰਤਾਂ ਪ੍ਰਤੀ ਅਜਿਹੀ ਹੈਵਾਨੀਅਤ ਦੀ ਸ਼ੁਰੂਆਤ ਮਾਰਚ 1947 ਦੇ ਰਾਵਲਪਿੰਡੀ ਦੇ ਫਸਾਦਾਂ ਨਾਲ ਹੋ ਗਈ ਸੀ। ਥੋਹਾ ਖਾਲਸਾ ਦੇ ਪਿੰਡ ਵਿੱਚ ਹਿੰਦੂ-ਸਿੱਖ ਔਰਤਾਂ ਫਸਾਦੀਆਂ ਤੋਂ ਆਪਣੀ ਇੱਜ਼ਤ ਬਚਾਉਣ ਲਈ ਖੂਹਾਂ ਵਿੱਚ ਛਾਲਾਂ ਮਾਰ ਕੇ ਮਰ ਗਈਆਂ। ਇਸ ਤੋਂ ਬਾਅਦ ਪੰਡਤ ਜਵਾਹਰ ਲਾਲ ਨਹਿਰੂ ਨੇ ਖ਼ੁਦ ਇਸ ਇਲਾਕੇ ਦਾ ਦੌਰਾ ਕੀਤਾ ਤੇ ਸੰਤ ਗੁਲਾਬ ਸਿੰਘ ਦੀ ਹਵੇਲੀ ਵਿੱਚ ਲਾਸ਼ਾਂ ਨਾਲ ਭਰੇ ਇਸ ਖੂਹ ਨੂੰ ਵੀ ਤੱਕਿਆ। ਅਗਸਤ, ਸਤੰਬਰ ਤੇ ਅਕਤੂਬਰ ਵਿੱਚ ਪੰਜਾਬ ਦੇ ਹਰ ਪਿੰਡ ਹਰ ਸ਼ਹਿਰ ਵਿੱਚ ਘੱਟ ਗਿਣਤੀ ਫ਼ਿਰਕੇ ਦੀਆਂ ਔਰਤਾਂ ਉਪਰ ਇਹ ਕਹਿਰ ਟੁੱਟਿਆ। ਔਰਤਾਂ ਨਾਲ ਇਹ ਸਲੂਕ ਮੱਧਕਾਲ ਦੇ ਵਿਦੇਸ਼ੀ ਹਮਲਾਵਰਾਂ ਜਿਹਾ ਸੀ ਪਰ ਇਸ ਵਾਰ ਜਰਵਾਣੇ ਪੰਜਾਬ ਦੀ ਧਰਤੀ ਦੇ ਆਪਣੇ ਪੁੱਤਰ ਸਨ।

ਕੁਲਵੰਤ ਸਿੰਘ ਵਿਰਕ ਨੇ ਅਜਿਹੇ ਇਕ ਉਧਾਲੇ ਦਾ ਸ਼ਿਕਾਰ ਔਰਤ ਦੀ ਕਹਾਣੀ 'ਖੱਬਲ' ਵਿੱਚ ਲਿਖਿਆ-ਮੇਰੀ ਨਜ਼ਰ ਵਿੱਚ ਇਨਸਾਨ ਉੱਤੇ ਇਨਸਾਨ ਦੇ ਜ਼ੁਲਮ ਦੀ ਉਹ ਸਭ ਤੋਂ ਘਿਨਾਉਣੀ ਤਸਵੀਰ ਸੀ। ਜਿੰਨਾ ਜਬਰ ਔਰਤਾਂ ਨੇ ਆਪਣੇ ਸਰੀਰ 'ਤੇ ਝੱਲਿਆ, ਉਸ ਤੋਂ ਵੱਧ ਆਪਣੇ ਮਨ 'ਤੇ ਝੱਲਿਆ। ਬਲਾਤਕਾਰ ਦੀਆਂ ਸ਼ਿਕਾਰ ਔਰਤਾਂ ਨੇ ਐਸੇ ਬੱਚਿਆਂ ਨੂੰ ਜਨਮ ਦਿੱਤਾ, ਜਿਨ੍ਹਾਂ ਦੀ ਹੋਂਦ ਉਨ੍ਹਾਂ ਦੀ ਅੰਤਰ-ਆਤਮਾ ਨੂੰ ਵਲੂੰਧਰਦੀ ਰਹੀ। ਐਸੇ ਹੀ ਇਕ ਬੱਚੇ ਦੀ ਮਾਨਸਿਕ ਪੀੜ੍ਹ ਨੂੰ ਅੰਮ੍ਰਿਤਾ ਪ੍ਰੀਤਮ ਨੇ 'ਖਰੀਂਢ' ਨਾਮ ਦੀ ਕਵਿਤਾ ਵਿੱਚ ਬਿਆਨ ਕੀਤਾ।

ਉਧਾਲੇ ਦਾ ਸ਼ਿਕਾਰ ਹੋਈਆਂ ਕੁੜੀਆਂ ਨੂੰ ਅੰਗਰੇਜ਼ੀ ਪਰੀ ਕਹਾਣੀ 'ਬਿਊਟੀ ਐਂਡ ਬੀਸਟ' ਦੀ ਹੋਣੀ ਵਿਚੋਂ ਲੰਘਣਾ ਪਿਆ, ਜਿਸ ਵਿੱਚ ਉਧਾਲੀ ਹੋਈ ਕੁੜੀ ਨੂੰ ਆਪਣੇ ਅਗਵਾਕਾਰ ਜਾਨਵਰ ਦੇ ਜ਼ੁਲਮ ਨੂੰ ਹੀ ਪਿਆਰ ਮੰਨਣਾ ਪੈਂਦਾ ਹੈ। ਇਸ ਨੂੰ ਮਨੋਵਿਗਿਆਨ ਦੀ ਭਾਸ਼ਾ ਵਿੱਚ 'ਸਟਾਕਹੋਮ ਸਿੰਡਰੋਮ' ਕਹਿੰਦੇ ਹਨ।

**ਉੱਘੇ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਨੇ ਅਜਿਹੇ ਇਕ ਉਧਾਲੇ ਦਾ ਸ਼ਿਕਾਰ ਔਰਤ ਦੀ ਕਹਾਣੀ 'ਖੱਬਲ' ਵਿੱਚ ਲਿਖਿਆ-ਮੇਰੀ ਨਜ਼ਰ ਵਿੱਚ ਇਨਸਾਨ ਉੱਤੇ ਇਨਸਾਨ ਦੇ ਜ਼ੁਲਮ ਦੀ ਉਹ ਸਭ ਤੋਂ ਘਿਨਾਉਣੀ ਤਸਵੀਰ ਸੀ। ਜਿੰਨਾ ਜਬਰ ਔਰਤਾਂ ਨੇ ਆਪਣੇ ਸਰੀਰ 'ਤੇ ਝੱਲਿਆ, ਉਸ ਤੋਂ ਵੱਧ ਆਪਣੇ ਮਨ 'ਤੇ ਝੱਲਿਆ। ਬਲਾਤਕਾਰ ਦੀਆਂ ਸ਼ਿਕਾਰ ਔਰਤਾਂ ਨੇ ਐਸੇ ਬੱਚਿਆਂ ਨੂੰ ਜਨਮ ਦਿੱਤਾ, ਜਿਨ੍ਹਾਂ ਦੀ ਹੋਂਦ ਉਨ੍ਹਾਂ ਦੀ ਅੰਤਰ-ਆਤਮਾ ਨੂੰ ਵਲੂੰਧਰਦੀ ਰਹੀ। ਐਸੇ ਹੀ ਇਕ ਬੱਚੇ ਦੀ ਮਾਨਸਿਕ ਪੀੜ੍ਹ ਨੂੰ ਅੰਮ੍ਰਿਤਾ ਪ੍ਰੀਤਮ ਨੇ 'ਖਰੀਂਢ' ਨਾਮ ਦੀ ਕਵਿਤਾ ਵਿੱਚ ਬਿਆਨ ਕੀਤਾ।**



ਉਸ ਸਮੇਂ ਹੈਵਾਨੀਅਤ ਨੂੰ ਸਹਿਜ ਭਾਵੀ ਅਮਲ ਮੰਨ ਲਿਆ ਗਿਆ ਸੀ ਤੇ ਇਨਸਾਨੀਅਤ ਦੀ ਦੁਹਾਈ ਨੂੰ ਗ਼ੈਰ-ਕੁਦਰਤੀ, ਸਮਝ ਨਾ ਆਉਣ ਵਾਲਾ, ਵਿਕੋਲਿਤਰਾ ਅਮਲ ਸਮਝ ਕੇ ਦਰਕਿਨਾਰ ਕੀਤਾ ਜਾਂਦਾ ਸੀ। ਫਿਰ ਵੀ ਲੋਕਾਂ ਦੇ ਦਿਲ ਕੁਦਰਤੀ ਰਹਿਮ ਤੋਂ ਉੱਕਾ ਸੱਖਣੇ ਨਹੀਂ ਹੋਏ ਸਨ। ਪਿੰਡਾਂ-ਸ਼ਹਿਰਾਂ ਵਿੱਚ ਬਹੁਤ ਸਾਰੇ ਬਹੁ-ਗਿਣਤੀ ਫਿਰਕੇ ਦੇ ਲੋਕਾਂ, ਬਜ਼ੁਰਗਾਂ ਤੇ ਖਾਸ ਤੌਰ 'ਤੇ ਇਸਤਰੀਆਂ ਨੇ ਆਪਣੇ ਹਮਸਾਇਆਂ ਦੀ ਮਦਦ ਕੀਤੀ। ਇਸ ਵਿੱਚ ਉਸ ਵੇਲੇ ਦੇ ਕਮਿਊਨਿਸਟਾਂ ਦਾ ਬਹੁਤ ਵੱਡਾ ਯੋਗਦਾਨ ਸੀ। ਉਨ੍ਹਾਂ ਨੇ ਨਾ ਸਿਰਫ਼ ਆਪਣੇ ਪ੍ਰਭਾਵ ਵਾਲੇ ਪਿੰਡਾਂ ਵਿੱਚ ਫਸਾਦਾਂ ਨੂੰ ਰੋਕਿਆ, ਸਗੋਂ ਆਪਣੇ ਸਾਧਨ ਤੇ ਰਸੂਖ਼ ਵਰਤ ਕੇ ਮੁਸਲਿਮ ਪਰਿਵਾਰਾਂ ਦੀ ਸੁਰੱਖਿਅਤ ਨਿਕਾਸੀ ਵੀ ਕਰਵਾਈ। ਅਜਿਹੇ ਇਕ ਸਿਲਸਿਲੇ ਵਿੱਚ ਛੱਜਲਵੱਢੀ ਦੇ ਕਾਮਰੇਡ ਗਹਿਲ ਸਿੰਘ ਨੂੰ ਆਪਣੀ ਜਾਨ ਦੀ ਕੁਰਬਾਨੀ ਦੇਣੀ ਪਈ। ਇਸ ਤਰ੍ਹਾਂ ਦੀਆਂ ਇਨਸਾਨ ਦੋਸਤ ਸ਼ਖ਼ਸੀਅਤਾਂ ਦੀਆਂ ਪੂਰਬੀ ਅਤੇ ਪੱਛਮੀ ਪੰਜਾਬ ਵਿੱਚ ਬਹੁਤ ਮਿਸਾਲਾਂ ਹਨ।

ਇਨਸਾਨੀਅਤ ਦੀ ਮਿਸਾਲ ਕਾਇਮ ਰੱਖਣ ਵਿੱਚ ਚੱਕਰ ਕੌਰ ਸਿੰਘ ਦੀ ਭੂਮਿਕਾ ਬੜੀ ਵੱਡੀ ਸੀ। 1951 ਵਿੱਚ ਉਸ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਮੁਜ਼ੱਫਰਾਬਾਦ ਵਿੱਚ ਅਮੋਰ ਕੈਂਪ ਤੋਂ 1600 ਹਿੰਦੂ ਸਿੱਖ ਲੜਕੀਆਂ ਨੂੰ ਬੜੀ ਸੂਝ-ਬੂਝ ਨਾਲ ਛੁਡਵਾ ਕੇ ਹਿੰਦੋਸਤਾਨ ਲਿਆਂਦਾ ਤੇ ਇਧਰੋਂ ਮੁਸਲਿਮ ਲੜਕੀਆਂ ਦੀ ਬਰਾਮਦਗੀ ਕਰਵਾ ਕੇ ਉਨ੍ਹਾਂ ਨੂੰ ਪਾਕਿਸਤਾਨ ਭੇਜਿਆ। ਅਜਿਹਾ ਅਮਲ ਪੱਛਮੀ ਪੰਜਾਬ ਦੇ ਬਹੁਤ ਸਾਰੇ ਰਹਿਮਦਿਲ ਅਫ਼ਸਰਾਂ ਦੀ ਸਹਾਇਤਾ ਤੋਂ ਬਿਨਾਂ ਮੁਮਕਿਨ ਨਹੀਂ ਸੀ। ਹੈਵਾਨੀਅਤ ਦੇ ਇਸ ਹਨੇਰੇ ਵਿੱਚ ਇਨਸਾਨੀਅਤ ਦਾ ਪੱਲਾ ਫੜਨ ਵਾਲੇ ਲੋਕ ਝੁੱਲਦੇ ਝੱਖੜ ਵਿੱਚ ਦੀਵਾ ਜਗਾ ਕੇ ਬਨੇਰਿਆਂ 'ਤੇ ਰੱਖਣ ਦਾ ਯਤਨ ਕਰ ਰਹੇ ਸਨ। ਇਹ ਸਭ ਪੰਜਾਬ ਦੀ 'ਸ਼ਿੰਡਲਰਜ਼ ਲਿਸਟ' ਦੇ ਕਰਤਾ ਸਨ।

## ਉਜਾੜਾ ਅਤੇ ਵਸੇਬਾ : ਗ਼ਾਲਿਬ ਦੀ ਦਿੱਲੀ 'ਚੋਂ ਵਿਸਰ ਗਈ ਉਰਦੂ

ਸੰਤਾਲੀ ਦੀ ਵੰਡ ਦੇ ਨਤੀਜੇ ਵਜੋਂ ਪੰਜਾਬ ਵਿੱਚ ਇਕ ਕਰੋੜ ਤੋਂ ਵੱਧ ਲੋਕਾਂ ਨੂੰ ਆਪਣੇ ਘਰ, ਜ਼ਮੀਨਾਂ, ਜਾਇਦਾਦ ਤੇ ਧਾਰਮਿਕ ਅਸਥਾਨ ਛੱਡ ਕੇ ਉਜੜਨਾ ਪਿਆ। ਓ.ਐਚ. ਕੇ. ਸਪੇਟ ਨੇ ਇਸ ਨੂੰ ਵਿਸ਼ਵ ਇਤਿਹਾਸ ਵਿੱਚ ਆਬਾਦੀ ਦਾ ਸਭ ਤੋਂ ਵੱਡਾ ਉਜਾੜਾ ਦੱਸਿਆ। ਉਜਾੜੇ ਦੀ ਅਸਲ ਭਿਆਨਕਤਾ ਇਸ ਦੇ ਅਚਨਚੇਤੀ ਵਾਪਰਨ ਵਿੱਚ ਸੀ। ਲੋਕ ਪਾਕਿਸਤਾਨ ਦੀ ਕਾਇਮੀ ਲਈ ਤਿਆਰ ਸਨ, ਦੇਸ਼ ਵੰਡ ਲਈ ਤਿਆਰ ਸਨ, ਅੰਗਰੇਜ਼ਾਂ ਦੇ ਹਿੰਦੋਸਤਾਨ ਛੱਡ ਜਾਣ ਲਈ ਵੀ ਤਿਆਰ ਸਨ, ਪਰ ਉਜਾੜਾ ਉਨ੍ਹਾਂ ਦੇ ਚਿੱਤ-ਚੇਤੇ ਵੀ ਨਹੀਂ ਸੀ। ਇਹ ਤਾਂ ਪਤਾ ਸੀ ਕਿ ਪਾਕਿਸਤਾਨ ਮੁਸਲਮਾਨਾਂ ਦਾ ਦੇਸ਼ ਹੋਵੇਗਾ, ਪਰ ਇਹ ਨਹੀਂ ਪਤਾ ਸੀ ਕਿ ਇਹ ਹਿੰਦੂਆਂ ਅਤੇ ਸਿੱਖਾਂ ਦਾ ਦੇਸ਼ ਨਹੀਂ ਰਹੇਗਾ। ਇਹ ਵੀ ਨਹੀਂ ਪਤਾ ਸੀ ਕਿ ਸੰਤਾਲੀ ਫ਼ੀਸਦੀ ਮੁਸਲਮਾਨ ਆਬਾਦੀ ਵਾਲੇ ਅੰਮ੍ਰਿਤਸਰ ਤੇ ਚਾਲੀ ਫ਼ੀਸਦੀ ਮੁਸਲਿਮ ਆਬਾਦੀ ਵਾਲੇ ਪੂਰਬੀ ਪੰਜਾਬ ਵਿੱਚ ਮੁਸਲਮਾਨਾਂ ਲਈ ਕੋਈ ਥਾਂ ਨਹੀਂ ਹੋਵੇਗੀ, ਪਰ ਵਾਪਰਿਆ ਇੰਜ ਹੀ ਤੇ ਅਗਸਤ, ਸਤੰਬਰ, ਅਕਤੂਬਰ ਤਿੰਨ ਮਹੀਨਿਆਂ ਦੇ ਥੋੜ੍ਹੇ ਸਮੇਂ ਵਿੱਚ ਵਾਪਰਿਆ। ਉਜਾੜੇ ਦਾ ਪੈਮਾਨਾ ਬਹੁਤ ਵੱਡਾ ਸੀ। ਲੱਖਾਂ ਲੋਕ ਪਹਿਲਾਂ ਸ਼ਰਨਾਰਥੀ ਕੈਂਪਾਂ ਵਿੱਚ ਇਕੱਠੇ ਕੀਤੇ ਜਾਂਦੇ ਸਨ ਤੇ ਫਿਰ ਉਨ੍ਹਾਂ ਨੂੰ ਕਾਫ਼ਲਿਆਂ ਅਤੇ ਰੇਲਾਂ ਰਾਹੀਂ ਪੂਰਬੀ ਜਾਂ ਪੱਛਮੀ ਪੰਜਾਬ ਵਿੱਚ ਭੇਜਿਆ ਜਾਂਦਾ ਸੀ। ਆਪੋ-ਆਪਣੇ ਧਰਮ ਦੇ ਪੰਜਾਬ ਵਿੱਚ ਪਹੁੰਚ ਕੇ ਫਿਰ ਉਨ੍ਹਾਂ ਨੂੰ ਰਿਫਿਊਜੀ ਕੈਂਪਾਂ ਵਿੱਚ ਰਹਿਣਾ ਪੈਂਦਾ ਸੀ। ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ ਵਾਲਾ ਰਾਜ ਤਾਸ਼ ਦੇ ਪੱਤਿਆਂ ਵਾਂਗ ਢਹਿ ਗਿਆ ਸੀ। ਪੰਜਾਬ ਦੇ ਗਵਰਨਰ ਜੈਨਕਿਨਜ਼ ਨੇ ਲਿਖਿਆ ਸੀ ਕਿ ਹਰ ਅੰਗਰੇਜ਼ ਅਫ਼ਸਰ ਪਹਿਲਾ ਮੌਕਾ ਮਿਲਦਿਆਂ ਹੀ ਪੰਜਾਬ ਵਿੱਚੋਂ ਨਿਕਲ ਜਾਣਾ ਚਾਹੁੰਦਾ ਹੈ। ਉਜਾੜਾ ਇਕ ਅਚਿੰਤੇ ਬਾਜ਼ ਵਾਂਗ ਪਿਆ ਸੀ। ਲੋਕ ਇਸ ਲਈ ਬਿਲਕੁਲ ਤਿਆਰ ਨਹੀਂ ਸਨ। ਡਾ. ਮਹਿੰਦਰ ਸਿੰਘ ਰੰਧਾਵਾ ਅਨੁਸਾਰ ਜਿਹੜੇ ਕਿਸਾਨ ਸਵੇਰੇ ਫ਼ਸਲ ਬੀਜ ਕੇ ਆਏ ਸਨ, ਸ਼ਾਮੀਂ ਉਨ੍ਹਾਂ ਨੂੰ ਪਰਿਵਾਰਾਂ ਨਾਲ ਗੱਠੜੀਆਂ ਚੱਕ ਕੇ ਭੱਜਣਾ ਪਿਆ। ਉਜਾੜਾ ਭਾਵੇਂ ਅਚਨਚੇਤ ਸੀ, ਪਰ ਘਰ ਛੱਡ ਕੇ ਜਾ ਰਹੇ ਲੋਕਾਂ ਨੂੰ ਯਕੀਨ ਸੀ ਕਿ ਉਜਾੜਾ ਅਸਥਾਈ ਹੈ ਤੇ ਉਹ ਹਾਲਾਤ ਸੁਧਰਦਿਆਂ ਹੀ ਵਾਪਸ ਆ ਜਾਣਗੇ। ਇਸੇ ਲਈ ਉਹ ਆਪਣਾ ਕੀਮਤੀ ਸਾਮਾਨ ਆਪਣੇ ਹਮਸਾਇਆਂ ਦੇ ਸਪੁਰਦ ਕਰ ਗਏ ਸਨ। ਇਹ ਹਮਸਾਏ ਬਾਅਦ ਵਿੱਚ ਪੁਲੀਸ ਤੇ ਚੌਧਰੀਆਂ ਦੀ ਲੁੱਟ ਦਾ ਸ਼ਿਕਾਰ ਹੋਏ। ਅੱਜ ਵੀ ਪਾਕਿਸਤਾਨ ਵਿੱਚ ਐਸੇ ਗਰੋਹ ਹਨ, ਜੋ ਹਿੰਦੂ-ਸਿੱਖਾਂ ਦੀਆਂ ਢਹਿੰਦੀਆਂ ਹਵੇਲੀਆਂ ਵਿੱਚ ਦੱਬੀ ਦੌਲਤ ਨੂੰ ਭਾਲਣ ਦਾ ਕੰਮ ਕਰਦੇ ਹਨ। ਲਾਇਲਪੁਰ ਅਤੇ ਸ਼ੇਖੂਪੁਰਾ ਦੇ ਸਿੱਖਾਂ ਨੇ ਉਜਾੜੇ ਦੀ ਹਕੀਕਤ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਸ ਵੇਲੇ ਤਿੰਨ ਲੱਖ ਸਿੱਖ ਲਾਇਲਪੁਰ ਵਿੱਚ ਬੈਠੇ ਸਨ ਅਤੇ ਜਾਣ ਤੋਂ ਇਨਕਾਰੀ ਸਨ। ਚੂਹੜਕਾਣਾ ਵਿੱਚ ਡੇਢ ਲੱਖ ਸਿੱਖ ਇਕੱਠੇ ਹੋਏ ਬੈਠੇ ਸਨ। ਪੱਛਮੀ ਪੰਜਾਬ ਦੇ ਗਵਰਨਰ ਫਰਾਂਸਿਸ ਮੂਡੀ ਨੂੰ ਜਿਨਾਹ ਦੀਆਂ ਹਦਾਇਤਾਂ ਸਨ ਕਿ ਇਨ੍ਹਾਂ ਸਿੱਖਾਂ ਤੋਂ ਛੇਤੀ ਖਹਿੜਾ ਛੁਡਾਇਆ ਜਾਵੇ। ਪੂਰਬੀ ਅਤੇ ਪੱਛਮੀ ਪੰਜਾਬ ਵਿੱਚ ਨਿਕਲ ਰਹੇ ਸ਼ਰਨਾਰਥੀਆਂ ਦੀ ਸਭ ਤੋਂ ਵੱਡੀ ਗਿਣਤੀ ਰੇਲਾਂ ਵਿੱਚ ਸਫ਼ਰ ਕਰ ਕੇ ਅਤੇ ਕਾਫ਼ਲਿਆਂ ਵਿੱਚ ਪੈਦਲ ਤੁਰ ਕੇ ਆਪਣੇ ਮੁਕਾਮ 'ਤੇ ਪੁੱਜੀ। 27 ਅਗਸਤ ਤੋਂ 6 ਨਵੰਬਰ 1947 ਤੱਕ 673 ਰੇਲ ਗੱਡੀਆਂ ਰਾਹੀਂ 22 ਲੱਖ ਦੇ ਕਰੀਬ ਸ਼ਰਨਾਰਥੀਆਂ ਨੂੰ ਇਕ ਤੋਂ ਦੂਜੀ ਥਾਂ 'ਤੇ ਪਹੁੰਚਾਇਆ ਗਿਆ। ਇਨ੍ਹਾਂ ਵਿੱਚੋਂ ਕਈ ਰੇਲਾਂ ਮੁਰਦਿਆਂ ਦੀਆਂ ਗੱਡੀਆਂ ਸਾਬਿਤ ਹੋਈਆਂ। ਸਭ ਤੋਂ ਵੱਡੀ ਗਿਣਤੀ ਵਿੱਚ ਲੋਕਾਈ ਨੇ ਪੈਦਲ ਕਾਫ਼ਲਿਆਂ ਵਿੱਚ ਆਪਣਾ ਦੇਸ਼ ਛੱਡਿਆ। 18 ਸਤੰਬਰ ਤੋਂ 29 ਅਕਤੂਬਰ ਦੇ 42 ਦਿਨਾਂ ਦੇ ਵਕਫ਼ੇ ਵਿੱਚ 24 ਕਾਫ਼ਲਿਆਂ ਵਿੱਚ ਚੱਲ ਕੇ 9 ਲੱਖ ਲੋਕ ਸਰਹੱਦ ਦੇ ਆਰ-ਪਾਰ ਗਏ।

ਕੁਲਦੀਪ ਨਈਅਰ ਨੇ ਤਾਹਿਰ ਮਜ਼ਹਰ ਅਲੀ ਦੇ ਹਵਾਲੇ ਨਾਲ ਲਿਖਿਆ ਹੈ ਕਿ ਜਿਸ ਵੇਲੇ ਪੱਛਮੀ ਪੰਜਾਬ ਵਿੱਚ ਇਹ ਕਾਫ਼ਲੇ ਜਾ ਰਹੇ ਸਨ ਤੇ ਪੰਜਾਬ ਦਾ ਹਰ ਕੋਨਾ ਤਬਾਹੀ ਦਾ ਮੰਜ਼ਰ ਪੇਸ਼ ਕਰ ਰਿਹਾ ਸੀ ਤਾਂ ਇਹ ਵੇਖ ਕੇ ਜਿਨਾਹ ਨੇ ਮੱਥੇ 'ਤੇ ਹੱਥ ਮਾਰ ਕੇ ਕਿਹਾ ਸੀ, "ਯਿਹ ਮੈਨੇ ਕਿਆ ਕਰ ਡਾਲਾ।" ਉਜਾੜੇ ਤੇ ਵਸੇਬੇ ਦੀ ਕਹਾਣੀ ਨਾਲੋਂ-ਨਾਲ ਚੱਲ ਰਹੀ ਸੀ। ਪੂਰਬੀ ਪੰਜਾਬ ਵਿੱਚ 85 ਸ਼ਰਨਾਰਥੀ ਕੈਂਪ ਤੇ ਪੱਛਮੀ ਪੰਜਾਬ ਵਿੱਚ 75 ਕੈਂਪ ਸਨ। ਕੁਰਕਸ਼ੇਤਰ ਵਿੱਚ ਪੰਜ ਲੱਖ ਦੀ ਆਬਾਦੀ ਵਾਲਾ ਸਭ ਤੋਂ ਵੱਡਾ ਕੈਂਪ ਬਣਾਇਆ ਗਿਆ। ਪੂਰਬੀ ਪੰਜਾਬ ਵਿੱਚ ਦਿੱਲੀ ਸਮੇਤ 12 ਲੱਖ ਸ਼ਰਨਾਰਥੀ ਕੈਂਪਾਂ ਵਿੱਚ ਰਹੇ, ਪਰ ਸਰਕਾਰ ਨੇ ਇਨ੍ਹਾਂ ਦੇ ਵਸੇਬੇ ਦੇ ਅਮਲ ਲਈ ਇਕ ਮੁੜ-ਵਸਾਊ ਮਹਿਕਮਾ ਬਣਾਇਆ। ਪੀ.ਐਨ. ਥਾਪਰ ਦੀ ਪ੍ਰਧਾਨਗੀ ਹੇਠ ਇਸ ਮਹਿਕਮੇ ਨੇ ਸਾਰੇ ਕੈਂਪਾਂ ਵਿਚਲੇ ਰਫਿਊਜੀ ਪਰਿਵਾਰਾਂ ਦਾ ਮੁੜ ਵਸੇਬਾ ਕਰ ਕੇ ਇਤਿਹਾਸਕ ਮਾਅਰਕਾ ਮਾਰਿਆ।

ਤਰਲੋਕ ਸਿੰਘ ਆਈ.ਸੀ.ਐਸ. ਨੇ ਸਟੈਂਡਰਡ ਏਕੜ ਤੇ ਗਰੇਡਡ ਕੱਟ ਦੇ ਫਾਰਮੂਲੇ ਨਾਲ ਸ਼ਰਨਾਰਥੀਆਂ ਵਿੱਚ ਜ਼ਮੀਨ ਵੰਡੀ। ਪੱਛਮੀ ਪੰਜਾਬ ਵਿੱਚ 20 ਲੱਖ ਏਕੜ ਵਾਧੂ ਹੋਣ ਕਾਰਨ ਹਰ ਸ਼ਰਨਾਰਥੀ ਪਰਿਵਾਰ ਜੋ ਕਾਸ਼ਤਕਾਰ ਰਿਹਾ ਸੀ, ਦੇ ਹਰ ਜੀਅ ਨੂੰ ਇਕ ਏਕੜ ਜ਼ਮੀਨ ਦਾ ਤੋਹਫ਼ਾ ਦੇਣ ਦਾ ਫ਼ੈਸਲਾ ਕੀਤਾ ਗਿਆ।

ਪੰਜਾਬੀ ਸ਼ਰਨਾਰਥੀਆਂ ਦੀ ਵੱਡੀ ਗਿਣਤੀ ਦਿੱਲੀ ਵਿੱਚ ਆਬਾਦ ਹੋਈ। ਮਿਰਜ਼ਾ ਗ਼ਾਲਿਬ ਦੀ ਦਿੱਲੀ ਦੀਆਂ ਗਲੀਆਂ ਵਿੱਚ ਹੁਣ ਉਰਦੂ ਨਹੀਂ ਪੋਠੋਹਾਰੀ, ਝਾਂਗੀ ਤੇ ਮੁਲਤਾਨੀ ਸੁਣਾਈ ਦੇਣ ਲੱਗੀ। ਪੱਛਮੀ ਪੰਜਾਬ ਤੋਂ ਆਏ ਲੋਕਾਂ ਨੇ ਦਿੱਲੀ ਨੂੰ ਤਰੱਕੀ ਦੀ ਨਵੀਂ ਰਫ਼ਤਾਰ ਬਖਸ਼ੀ। ਇਨ੍ਹਾਂ ਦੀਆਂ ਕਾਮਯਾਬੀਆਂ ਮਿਸਾਲੀ ਸਨ। ਵਸੇਬੇ ਦੀਆਂ ਕਹਾਣੀਆਂ ਸਵੈ-ਮਾਣ ਦੀਆਂ ਕਹਾਣੀਆਂ ਸਨ। ਇਨ੍ਹਾਂ ਨੇ ਰਹਿਮ ਦੇ ਪਾਤਰ ਬਣਨ ਤੋਂ ਇਨਕਾਰ ਕਰ ਦਿੱਤਾ। ਅਖ਼ਬਾਰਾਂ ਵੇਚ ਰਹੇ ਇਕ ਰਫ਼ਿਊਜੀ ਬੱਚੇ ਨੂੰ ਕਿਸੇ ਨੇ ਰੁਪਈਏ ਦੀ ਭਾਨ ਰੱਖ ਲੈਣ ਲਈ ਆਖਿਆ ਤਾਂ ਉਸ ਨੇ ਰੋ ਕੇ ਜਵਾਬ ਦਿੱਤਾ ਸੀ, "ਮੈਂ ਮੰਗਤਾ ਨਹੀਂ ਹਾਂ।"

**ਜਦੋਂ ਕਲਮਾਂ ਨੇ ਬਿਆਨ ਕੀਤੀ ਵੰਡ ਦੀ ਦਾਸਤਾਨ :**

ਵੰਡ ਦਾ ਅਨੁਭਵ ਪੰਜਾਬ ਵਿੱਚ ਸਾਹਿਤਕ ਸਿਰਜਣਾ ਦਾ ਬਹੁਤ ਸ਼ਕਤੀਸ਼ਾਲੀ ਪ੍ਰੇਰਨਾ ਸਰੋਤ ਬਣਿਆ। ਕਵਿਤਾ, ਕਹਾਣੀ, ਨਾਵਲ, ਫਿਲਮ, ਪੇਂਟਿੰਗ ਅਨੇਕ ਤਰੀਕਿਆਂ ਨਾਲ ਪੰਜਾਬ ਦੇ ਹਿੰਦੀ, ਉਰਦੂ, ਪੰਜਾਬੀ ਤੇ ਅੰਗਰੇਜ਼ੀ ਲੇਖਕਾਂ ਨੇ ਵੰਡ ਦੇ ਅਨੁਭਵ ਨੂੰ ਕਲਮਬੱਧ ਕੀਤਾ। ਇਸ ਨਾਲ ਸਬੰਧਤ ਕਈ ਮੌਖਿਕ ਇਤਿਹਾਸਕ ਪ੍ਰਾਜੈਕਟ ਵਿੱਢੇ ਗਏ। ਵੰਡ ਬਾਰੇ ਮੌਖਿਕ ਬਿਰਤਾਂਤਾਂ ਨੂੰ ਇਕੱਠੇ ਕਰਨ ਦਾ ਪਹਿਲਾ ਸੁਚੇਤ ਉੱਦਮ ਉਰਵਸ਼ੀ ਬੁਤਾਲੀਆ ਨੇ ਆਪਣੀ ਕਿਰਤ 'ਦਿ ਅਦਰ ਸਾਈਡ ਆਫ਼ ਸਾਈਲੈਂਸ' ਵਿੱਚ ਕੀਤਾ। ਅਮਰੀਕਾ ਦੀ ਰਹਿਣ ਵਾਲੀ ਗੁਨੀਤਾ ਸਿੰਘ ਭੱਲਾ ਨੇ ਵੰਡ ਦੇ ਤਜਰਬੇ ਦੇ ਵਡੇਰੇਪਣ ਨੂੰ ਮਹਿਸੂਸ ਕਰਦਿਆਂ ਆਪਣਾ ਕਰੀਅਰ ਤਿਆਗ ਦਿੱਤਾ ਤੇ ਇਸ ਦੇ ਪੁਰਾਲੇਖ ਦੀ ਸਿਰਜਣਾ ਵਿੱਚ ਰੁੱਝ ਗਈ।

**ਬਾਕੀ ਸਫ਼ਾ 32 'ਤੇ**

# ਮਾਲੇਰਕੋਟਲਾ 'ਚ ਭਾਵੇਂ ਅਮਨ-ਅਮਾਨ ਰਿਹਾ ਪਰ ਵੰਡ ਨੇ ਆਪਣਿਆਂ ਨੂੰ ਦੂਰ ਕੀਤਾ

**ਹੁਸ਼ਿਆਰ ਸਿੰਘ ਰਾਣੂ**

ਦੇਸ਼ ਵੰਡ ਦੇ ਉਜਾੜੇ ਦੌਰਾਨ ਜਦੋਂ ਲਹਿੰਦੇ ਪੰਜਾਬ ਦੀ ਤਰ੍ਹਾਂ ਚੜ੍ਹਦੇ ਪੰਜਾਬ ਵਿੱਚ ਵੀ ਵੱਢ-ਟੁੱਕ, ਲੁੱਟਾਂ-ਖੋਹਾਂ ਤੇ ਧੀਆਂ-ਭੈਣਾਂ ਦੀ ਪੱਤ ਲੁੱਟਣ ਦਾ ਘਿਨਾਉਣਾ ਸਿਲਸਿਲਾ ਚੱਲ ਰਿਹਾ ਸੀ ਤਾਂ ਉਸ ਵਕਤ ਮਾਲੇਰਕੋਟਲਾ ਰਿਆਸਤ ਵਿੱਚ ਅਮਨ-ਅਮਾਨ ਰਿਹਾ। ਇਸ ਰਿਆਸਤ ਦੀ ਹਦੂਦ ਵਿੱਚ ਕੋਈ ਮਾੜੀ ਘਟਨਾ ਨਹੀਂ ਵਾਪਰੀ, ਜਿਸ ਕਾਰਨ ਮਾਲੇਰਕੋਟਲਾ ਰਿਆਸਤ ਨਾਲ ਲੱਗਦੀਆਂ ਨੇੜਲੀਆਂ ਰਿਆਸਤਾਂ ਵਿੱਚ ਵਸਦੇ ਬਹੁਤ ਸਾਰੇ ਮੁਸਲਿਮ ਪਰਿਵਾਰਾਂ ਨੇ ਪਾਕਿਸਤਾਨ ਜਾਣ ਦੀ ਬਜਾਏ ਮਾਲੇਰਕੋਟਲਾ ਸ਼ਹਿਰ ਵਿੱਚ ਪਨਾਹ ਨੂੰ ਤਰਜੀਹ ਦਿੱਤੀ।

ਮਾਲੇਰਕੋਟਲਾ ਵੱਲ ਰੁਖ਼ ਕਰਨ ਦਾ ਇਕ ਕਾਰਨ ਇਸ ਇਕਲੌਤੀ ਮੁਸਲਿਮ ਰਿਆਸਤ ਨਾਲ ਧਾਰਮਿਕ ਤੇ ਜਜ਼ਬਾਤੀ ਸਾਂਝ ਹੋਣਾ ਵੀ ਸੀ ਅਤੇ ਦੂਜਾ ਇੱਥੇ ਪੁੱਜਣ ਲਈ ਪਾਕਿਸਤਾਨ ਨਾਲੋਂ ਪੈਂਡਾ ਵੀ ਘੱਟ ਸੀ। ਇਨ੍ਹਾਂ ਪਰਿਵਾਰਾਂ ਦੇ ਬਹੁਤ ਸਾਰੇ ਜੀਆਂ ਤੇ ਰਿਸ਼ਤੇਦਾਰਾਂ ਤੋਂ ਇਲਾਵਾ ਮਾਲੇਰਕੋਟਲਾ ਤੋਂ ਵੀ ਕਈ ਸਮੁੱਚੇ ਤੇ ਕਈ ਅੱਧ-ਪਚੱਧੇ ਪਰਿਵਾਰ, ਜਿਨ੍ਹਾਂ ਵਿੱਚ ਮਾਲੇਰਕੋਟਲਾ ਰਿਆਸਤ ਦੇ ਆਖ਼ਰੀ



'ਮੁਬਾਰਕ ਮੰਜ਼ਿਲ' ਵਿੱਚ ਨਜ਼ਰ ਆ ਰਹੀ ਮਾਲੇਰਕੋਟਲਾ ਦੇ ਆਖ਼ਰੀ ਨਵਾਬ ਮਰਹੂਮ ਇਫ਼ਤਖ਼ਾਰ ਅਲੀ ਖ਼ਾਂ ਦੀ ਬੇਗਮ ਮੁਨੱਵਰ-ਉਨ-ਨਿਸਾ।

ਨਵਾਬ ਇਫ਼ਤਖ਼ਾਰ ਅਲੀ ਖ਼ਾਨ ਦਾ ਸਕਾ ਭਰਾ ਮੁਮਤਾਜ਼ ਅਲੀ ਖ਼ਾਨ ਤੇ ਮਤਰੇਆ ਭਰਾ ਅਲਤਾਫ਼ ਅਲੀ ਖ਼ਾਨ ਵੀ ਸ਼ਾਮਲ ਸਨ, ਪਾਕਿਸਤਾਨ ਚਲੇ ਗਏ। ਮੁਮਤਾਜ਼ ਅਲੀ ਖ਼ਾਨ ਭਾਵੇਂ ਡੇਢ-ਦੋ ਸਾਲ ਬਾਅਦ ਵਾਪਸ ਆ ਗਿਆ ਪਰ ਅਲਤਾਫ਼ ਅਲੀ ਖ਼ਾਨ ਨੇ ਪਾਕਿਸਤਾਨ ਵਿੱਚ ਹੀ ਰਿਹਾਇਸ਼ ਕਰ ਲਈ। ਟਿਕ-ਟਿਕਾਅ ਤੋਂ ਬਾਅਦ ਵਿੱਛੜੇ ਪਰਿਵਾਰਕ ਜੀਆਂ ਤੇ ਰਿਸ਼ਤੇਦਾਰਾਂ ਨੂੰ ਮਿਲਣ ਦੀ ਤਾਂਘ ਦੋਵੇਂ ਪਾਸੇ ਜ਼ੋਰ ਫੜਨ ਲੱਗੀ ਅਤੇ ਫਿਰ ਦੋਵੇਂ ਪੰਜਾਬਾਂ ਵਿੱਚ ਪਰਿਵਾਰਕ ਜੀਆਂ ਤੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਆਉਣ-ਜਾਣ ਦਾ ਸਿਲਸਿਲਾ ਸ਼ੁਰੂ ਹੋਇਆ। ਆਪਸੀ ਸਾਂਝ ਨੂੰ ਬਰਕਰਾਰ ਰੱਖਣ ਲਈ ਦੋਵੇਂ ਪਾਸੇ ਧੀਆਂ-ਪੁੱਤਾਂ ਦੇ ਰਿਸ਼ਤੇ ਹੋਣ ਲੱਗੇ। ਸਾਜਿਦ ਇਸਹਾਕ ਅਨੁਸਾਰ ਮਾਲੇਰਕੋਟਲਾ ਤੋਂ ਲਹਿੰਦੇ ਪੰਜਾਬ ਵਿੱਚ ਵਿਆਹੇ ਕੁੱਲ ਮੁੰਡੇ-ਕੁੜੀਆਂ ਵਿੱਚੋਂ ਕਰੀਬ 80 ਫ਼ੀਸਦੀ ਮੁੰਡੇ-ਕੁੜੀਆਂ ਲਾਹੌਰ, ਗੁੱਜਰਾਂਵਾਲਾ, ਸ਼ੇਖ਼ੂਪੁਰਾ, ਫ਼ੈਸਲਾਬਾਦ, ਮੁਲਤਾਨ ਸ਼ਹਿਰਾਂ ਜਾਂ ਇਸ ਦੇ ਨੇੜੇ-ਤੇੜੇ ਦੇ ਪਿੰਡਾਂ ਵਿੱਚ ਵਿਆਹੇ ਗਏ। ਰਿਸ਼ਤੇ ਕਰਨ ਦਾ ਇਹ ਸਿਲਸਿਲਾ ਭਾਰਤ-ਪਾਕਿ ਦੀਆਂ 1965 ਤੇ 1971 ਤੱਕ ਦੀਆਂ ਜੰਗਾਂ ਤੱਕ ਆਮ ਰਿਹਾ ਪਰ ਉਸ ਤੋਂ ਬਾਅਦ ਘਟਣਾ ਸ਼ੁਰੂ ਹੋ ਗਿਆ। ਸਾਬਕਾ ਜੇਲ੍ਹ ਮੰਤਰੀ ਮਰਹੂਮ ਨੁਸਰਤ ਅਲੀ ਖ਼ਾਂ ਦੇ ਲਹਿੰਦੇ ਪੰਜਾਬ ਦੇ ਸ਼ਹਿਰ ਕਮਾਲੀਆ ਦੀ ਵਸਨੀਕ ਬੁਸ਼ਰਾ ਨਾਲ 1996 ਵਿੱਚ ਵਿਆਹੇ ਪੁੱਤਰ ਮੁਸੱਰਤ ਅਲੀ ਖ਼ਾਨ ਅਤੇ 1996 ਵਿੱਚ ਹੀ ਮਾਲੇਰਕੋਟਲਾ ਦੀ

ਬਾਕੀ ਸਫ਼ਾ 32 'ਤੇ

# ਵੰਡ ਨੇ ਤਿੜਕਾਈ ਗੁਰਬਖ਼ਸ਼ ਸਿੰਘ ਦੀਆਂ ਪ੍ਰੀਤਾਂ ਦੀ ਲੜੀ

**ਹਮੀਰ ਸਿੰਘ**

"ਪ੍ਰੀਤ ਨਗਰ ਮੇਰੇ ਸੁਫ਼ਨਿਆਂ ਦਾ ਖੰਡਰ ਹੈ।" 1947 ਵਿੱਚ ਹੋਈ ਦੇਸ਼ ਵੰਡ ਸਮੇਂ ਫਿਰਕੂ ਹਿੰਸਾ ਕਾਰਨ ਦਿੱਲੀ ਨੇੜੇ ਮਹਿਰੌਲੀ ਜਾ ਵੱਸਣ ਤੋਂ ਤਿੰਨ ਸਾਲ ਬਾਅਦ ਪ੍ਰੀਤ ਨਗਰ ਪੁੱਜੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਇਹ ਟਿੱਪਣੀ ਉਨ੍ਹਾਂ ਦੇ ਦਰਦ ਦੀ ਗਹਿਰਾਈ ਦਾ ਪ੍ਰਤੀਕ ਹੈ। ਪੰਜਾਬ ਵਿੱਚ 1933 ਵਿੱਚ 'ਪ੍ਰੀਤਲੜੀ' ਰਸਾਲੇ ਰਾਹੀਂ ਹਜ਼ਾਰਾਂ ਨੌਜਵਾਨਾਂ ਦੇ ਮਨਾਂ 'ਤੇ ਛਾਪ ਛੱਡਣ ਵਾਲੇ ਪ੍ਰੀਤ ਨਗਰ ਦੇ ਸੁਪਨਸਾਜ਼ ਗੁਰਬਖ਼ਸ਼ ਸਿੰਘ ਨੇ ਜਾਤ-ਪਾਤ, ਧਰਮਾਂ, ਨਸਲਾਂ ਸਮੇਤ ਹਰ ਤਰ੍ਹਾਂ ਦੀ ਊਚ-ਨੀਚ ਖ਼ਿਲਾਫ਼ ਬਰਾਬਰੀ ਦੀ ਧਾਰਨਾ ਨੂੰ ਅਮਲੀ ਰੂਪ ਦੇਣ ਲਈ ਸਾਂਝੀ ਰਸੋਈ, ਸਾਂਝੀ ਡੇਅਰੀ, ਕੁੜੀਆਂ-ਮੁੰਡਿਆਂ ਦੇ ਸਾਂਝੇ ਸਕੂਲ ਸਮੇਤ ਪੰਜਾਬ ਦੇ ਪਹਿਲੇ ਯੋਜਨਾਬੱਧ ਨਗਰ ਨੂੰ 'ਪ੍ਰੀਤ ਨਗਰ' ਦਾ ਨਾਮ ਦਿੱਤਾ। 1938 ਵਿੱਚ ਬਣੇ ਇਸ ਨਗਰ ਦੀ ਧੂਮ ਮਹਾਂਕਵੀ ਰਬਿੰਦਰ ਨਾਥ ਟੈਗੋਰ ਤੱਕ ਵੀ ਪੁੱਜੀ। ਪੰਜਾਬੀ ਨਾਟਕ ਦੀ ਨੱਕੜਦਾਦੀ ਨੋਰਾ ਰਿਚਰਡ ਅਤੇ ਕਲਾਕਾਰ ਸੋਭਾ ਸਿੰਘ ਇੱਥੇ ਵੱਸਣਾ ਚਾਹੁੰਦੇ ਸਨ। ਨਾਨਕ ਸਿੰਘ ਤਾਂ ਸਥਾਈ ਤੌਰ 'ਤੇ ਵੱਸ ਗਏ ਸਨ। ਪੰਜਾਬ ਦੇ ਕਲਾ ਅਤੇ ਸਾਹਿਤ ਦੇ ਕੇਂਦਰ ਵਜੋਂ ਸਥਾਪਤ ਲਾਹੌਰ ਅਤੇ ਅੰਮ੍ਰਿਤਸਰ ਦੇ ਲਗਭਗ ਦਰਮਿਆਨ ਵਸਾਏ ਪ੍ਰੀਤ ਨਗਰ ਰਾਹੀਂ ਭਵਿੱਖ ਦੀ ਬੁਨਿਆਦ ਰੱਖੀ ਗਈ ਸੀ ਪਰ ਜੋਬਨ ਵੱਲ ਵਧਦਾ ਇਹ ਸੁਫ਼ਨਾ ਇਕ ਦਹਾਕੇ ਤੋਂ ਪਹਿਲਾਂ ਹੀ ਖੰਡਰ ਹੋ ਗਿਆ। ਗੁਰਬਖ਼ਸ਼ ਸਿੰਘ ਦਾ ਬੇਟਾ ਹਿਰਦੇਪਾਲ ਸਿੰਘ ਇਸ ਵੇਲੇ ਉਨ੍ਹਾਂ ਦੇ ਪੁਸ਼ਤੈਨੀ ਘਰ ਵਿੱਚ ਰਹਿ ਰਿਹਾ ਹੈ। ਹਿਰਦੇਪਾਲ ਦੇ ਦੱਸਣ ਮੁਤਾਬਕ ਸ਼ੁਰੂਆਤੀ ਤੌਰ 'ਤੇ 1938 ਵਿੱਚ ਵਸੇ ਇਸ ਨਗਰ ਵਿੱਚ 8 ਮਕਾਨਾਂ ਵਿੱਚ 16 ਪਰਿਵਾਰਾਂ ਨੇ ਰਿਹਾਇਸ਼ ਕੀਤੀ। ਉਨ੍ਹਾਂ ਦਾ ਦਾਅਵਾ ਹੈ ਕਿ ਮਕਾਨ ਬਣਾਉਣ ਤੋਂ ਲੈ ਕੇ ਹਰ ਕੰਮ ਲਈ ਸਾਰੇ ਮਿਸਤਰੀ, ਰਾਜ ਮਿਸਤਰੀ ਅਤੇ ਲੇਬਰ ਪ੍ਰੀਤ ਨਗਰ ਦੇ ਇਲਾਕੇ ਵਿੱਚੋਂ ਹੀ ਸਨ। ਆਪਣੇ ਆਲੇ-ਦੁਆਲੇ ਵਿੱਚੋਂ ਹੀ ਸਭ ਜ਼ਰੂਰਤਾਂ ਪੂਰੀਆਂ ਕਰਨ ਅਤੇ ਉਨ੍ਹਾਂ ਲਈ ਹੀ ਰੁਜ਼ਗਾਰ ਦੇ ਮੌਕੇ ਦੇਣ ਦਾ ਇਹ ਬਿਹਤਰੀਨ ਨਮੂਨਾ ਸੀ। ਲੰਗਰ, ਸੰਗਤ ਤੇ ਪੰਗਤ ਦੀ ਲੜੀ ਨੂੰ ਗੁਰਦੁਆਰਿਆਂ ਤੋਂ ਅੱਗੇ ਤੋਰਦਿਆਂ ਪ੍ਰੀਤ ਨਗਰ ਵਿੱਚ ਸਾਂਝੀ ਰਸੋਈ ਬਣਾਈ ਗਈ। ਸਾਂਝੀ ਖੇਤੀ ਵਿੱਚੋਂ ਖਾਣ-ਪੀਣ ਦੇ ਸਾਮਾਨ ਦਾ ਬੰਦੋਬਸਤ ਵੀ ਇਸ ਯੋਜਨਾ ਦਾ ਹਿੱਸਾ ਸੀ। ਸਾਂਝੀ ਡੇਅਰੀ ਵਿੱਚੋਂ ਹਰੇਕ ਦੇ ਘਰ ਦੀ ਲੋੜ ਅਨੁਸਾਰ ਦੁੱਧ ਦੀ ਪਹੁੰਚ ਦੀ ਗਾਰੰਟੀ ਪਿੱਛੇ ਮਕਸਦ ਔਰਤ ਨੂੰ ਘਰੇਲੂ ਕੰਮਾਂ ਦੀ ਬਜਾਇ ਸਮਾਜਿਕ, ਸਾਹਿਤਕ ਤੇ ਹੋਰ ਕੰਮਾਂ ਲਈ ਸਮਾਂ ਦੇਣ ਦਾ ਰਿਹਾ। ਇਸ ਨਜ਼ਰੀਏ ਦੀ ਪ੍ਰੇਰਨਾ ਸੀ ਕਿ 1940 ਵਿੱਚ ਪੰਜਾਬ ਵਿੱਚ ਅੱਠ ਏਕੜ ਜ਼ਮੀਨ ਵਿੱਚ ਪਹਿਲਾ ਕੋ-ਐਜੂਕੇਸ਼ਨਲ ਸਕੂਲ ਬਣਿਆ। ਪਹਿਲੀ ਮਹਿਲਾ ਥੀਏਟਰ ਕਲਾਕਾਰ ਦੇ ਰੂਪ ਵਿੱਚ ਗੁਰਬਖ਼ਸ਼ ਸਿੰਘ ਹੋਰਾਂ ਨੇ ਆਪਣੀ ਬੇਟੀ ਉਮਾ ਨੂੰ ਅੱਗੇ ਲਿਆਂਦਾ। ਪਿੰਡ ਵਿੱਚ ਸਾਰੀਆਂ ਜ਼ਰੂਰੀ ਚੀਜ਼ਾਂ ਲਈ ਇਕ ਵੱਡੇ ਸਟੋਰ ਅਤੇ ਰੈਸਤਰਾਂ ਦਾ ਪ੍ਰਬੰਧ ਅਤੇ ਪ੍ਰਿੰਟਿੰਗ ਪ੍ਰੈੱਸ ਦਾ ਕਾਰਜ ਵੀ ਪ੍ਰੀਤ ਨਗਰ ਨੇ ਆਪਣਾ ਬਣਾਇਆ। ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੇ ਪੰਜਾਬੀਆਂ 'ਤੇ ਵੰਡ ਦੀ ਕਤਲੋਗਾਰਦ ਭਾਰੀ ਪੈ ਗਈ। ਇਸ ਭਰਾ ਮਾਰੂ ਜੰਗ ਵਿੱਚ ਲਗਪਗ 10 ਲੱਖ ਮਾਸੂਮਾਂ ਦਾ ਖ਼ੂਨ ਡੁੱਲਿਆ, ਇਨ੍ਹਾਂ ਵਿੱਚੋਂ 8 ਲੱਖ ਪੰਜਾਬੀ ਸਨ। ਵੰਡ ਦੇ ਹਿੱਸੇ ਵਜੋਂ ਹੀ ਪ੍ਰੀਤ ਨਗਰ ਹੁਣ ਸਰਹੱਦੀ ਖੇਤਰ ਬਣ ਚੁੱਕਾ ਸੀ, ਜਿੱਥੇ ਹਰ ਲੜਾਈ ਵੇਲੇ ਗੋਲੀਆਂ ਦੀ ਬੁਛਾੜ ਘਰਾਂ ਦੀਆਂ ਚੂਲਾਂ ਹਿਲਾਉਂਦੀ ਰਹੀ। ਖਾੜਕੂਵਾਦ ਦੌਰਾਨ ਵੀ ਪ੍ਰੀਤਲੜੀ ਦੇ ਰਹਿੰਦੇ-ਖੂੰਹਦੇ ਸੁਫ਼ਨੇ ਨੂੰ ਸੱਟ ਵੱਜੀ। ਪ੍ਰੀਤਲੜੀ ਦੀ ਸੰਪਾਦਕ ਅਤੇ ਗੁਰਬਖ਼ਸ਼ ਸਿੰਘ ਦੀ ਪੋਤ ਨੂੰਹ ਪੂਨਮ ਸਿੰਘ ਦਾ ਕਹਿਣਾ ਹੈ ਕਿ ਅਜੇ ਤਕ ਵੀ ਪਾਕਿਸਤਾਨ ਤੋਂ ਲੋਕ ਪ੍ਰੀਤਲੜੀ ਨੂੰ ਯਾਦ ਕਰਦੇ ਹਨ। ਪ੍ਰੀਤਲੜੀ ਨੇ ਆਪਣੀ ਪੁਰਾਣੀ ਭਾਸ਼ਾ ਅਪਣਾਈ ਹੋਈ ਹੈ, ਜੋ ਉਰਦੂ ਦੇ ਜ਼ਿਆਦਾ ਨੇੜੇ ਹੈ। ਜੇ ਸਰਹੱਦਾਂ ਮੋਕਲੀਆਂ ਹੁੰਦੀਆਂ ਹਨ ਤਾਂ ਲਾਹੌਰ ਅਤੇ ਅੰਮ੍ਰਿਤਸਰ ਦੀ ਸਭਿਅਤਾ ਵਿੱਚ ਬੋਲੀ, ਵਿਰਸੇ ਅਤੇ ਸਭਿਆਚਾਰ ਦੀ ਸਾਂਝ ਮੁੜ ਪ੍ਰੀਤ ਨਗਰ ਦੇ ਸੁਫ਼ਨੇ ਵਿੱਚ ਜਾਨ ਪਾ ਸਕਦੀ ਹੈ। ਪ੍ਰੀਤ ਨਗਰ ਦੇ ਸਰਕਾਰੀ ਸਕੂਲ ਵਿੱਚ ਅਧਿਆਪਕ ਲੱਗੇ ਲੇਖਕ ਮੁਖ਼ਤਾਰ ਗਿੱਲ ਨੇ ਸੇਵਾਮੁਕਤੀ ਤੋਂ ਬਾਅਦ ਪ੍ਰੀਤ ਨਗਰ ਵਿੱਚ ਹੀ ਸਥਾਈ ਤੌਰ 'ਤੇ ਰਹਿਣ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਦਾ ਕਹਿਣਾ ਸੀ ਕਿ ਜੇ ਇਹ ਸੁਫ਼ਨਾ ਕਾਮਯਾਬ ਹੋ ਜਾਂਦਾ ਤਾਂ ਪੰਜਾਬ ਵਿੱਚ ਇਹ ਅਜੂਬਾ ਹੋਣਾ ਸੀ। ਭਾਪਾ ਪ੍ਰੀਤਮ ਸਿੰਘ ਵਰਗੇ ਬੰਦੇ ਵੀ ਉਸ ਸਮੇਂ ਪ੍ਰੀਤਲੜੀ ਵਿੱਚ ਹੀ ਕੰਮ ਕਰਦੇ ਸਨ। ਕਿਸੇ ਸਰਕਾਰ ਨੇ ਇਸ ਵੱਲ ਧਿਆਨ ਨਹੀਂ ਦਿੱਤਾ। ਗੁਰਬਖ਼ਸ਼ ਸਿੰਘ ਦੇ ਪ੍ਰੀਤ ਨਗਰ ਵਿੱਚ ਤਾਂ ਅੱਠ ਦਹਾਕੇ ਪਹਿਲਾਂ ਸੌ ਫ਼ੀਸਦ ਸੀਵਰੇਜ ਸੀ, ਹੁਣ ਇਸ ਛੋਟੇ ਜਿਹੇ ਪਿੰਡ ਵਿੱਚ ਗੰਦੇ ਪਾਣੀ ਦੀ ਨਿਕਾਸੀ ਹੀ ਮੁਸੀਬਤ ਬਣੀ ਹੋਈ ਹੈ। ਆਉਣ ਵਾਲੀ 20 ਅਗਸਤ ਨੂੰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਵੀਹਵੀਂ ਬਰਸੀ ਹੈ। ਗੁਰਬਖ਼ਸ਼ ਸਿੰਘ-ਨਾਨਕ ਸਿੰਘ ਫਾਊਂਡੇਸ਼ਨ ਨੇ ਯਾਦ ਵਜੋਂ ਕੁਝ ਨਾ ਕੁਝ ਬਚਾ ਕੇ ਰੱਖਣ ਦਾ ਉਪਰਾਲਾ ਸ਼ੁਰੂ ਕਰ ਰੱਖਿਆ ਹੈ। ਹਰ ਮਹੀਨੇ ਦੇ ਤੀਜੇ ਬੁੱਧਵਾਰ ਨਾਟਕਾਂ ਅਤੇ ਕਲਾ ਦੇ ਹੋਰ ਰੰਗ ਵਿਖਾਈ ਦਿੰਦੇ ਹਨ।

# ਵੰਡ ਦੀ ਅੱਗ 'ਚ ਝੁਲਸੇ 10 ਲੱਖ ਪੰਜਾਬੀਆਂ ਨੂੰ ਸ਼ਰਧਾਂਜਲੀ

**ਅਟਾਰੀ/ਬਿਊਰੋ ਨਿਊਜ਼ :**

ਹਿੰਦ-ਪਾਕਿ ਦੋਸਤੀ ਮੰਚ, ਸਾਫ਼ਮਾ, ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਤੇ ਪੰਜਾਬ ਜਾਗ੍ਰਿਤੀ ਮੰਚ ਜਲੰਧਰ ਵੱਲੋਂ 22ਵੇਂ ਹਿੰਦ-ਪਾਕਿ ਦੋਸਤੀ ਮੇਲ ਦੇ ਸਬੰਧ ਵਿੱਚ ਭਾਰਤ-ਪਾਕਿ ਵੰਡ ਸਮੇਂ ਮਾਰੇ 10 ਲੱਖ ਬੇਕਸੂਰ ਪੰਜਾਬੀਆਂ ਦੀ ਯਾਦ ਨੂੰ ਸਮਰਪਿਤ ਅਟਾਰੀ ਸਰਹੱਦ 'ਤੇ ਬਣੀ ਯਾਦਗਾਰ 'ਤੇ ਜੋਤੀ ਜਗਾਉਣ ਦੀ ਰਸਮ ਮਗਰੋਂ ਫੁੱਲ ਮਾਲਾਵਾਂ ਭੇਟ ਕਰਕੇ ਸ਼ਰਧਾਂਜਲੀ ਦਿੱਤੀ ਗਈ।

ਇਸ ਮੌਕੇ ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਦੇ ਪ੍ਰਧਾਨ ਰਮੇਸ਼ ਯਾਦਵ ਨੇ ਦੱਸਿਆ ਕਿ 22ਵੇਂ ਹਿੰਦ-ਪਾਕਿ ਦੋਸਤੀ ਮੇਲੇ ਦੇ ਸਬੰਧ ਵਿੱਚ ਜਲ੍ਹਿਆਂਵਾਲਾ ਬਾਗ਼ ਅੰਮ੍ਰਿਤਸਰ ਤੋਂ ਜੋਤੀ ਲੈ ਕੇ ਅਟਾਰੀ ਸਰਹੱਦ ਵਿਖੇ ਬਣੇ ਸਮਾਰਕ 'ਤੇ ਜੋਤੀ ਜਗਾ ਕੇ 1947 ਦੀ ਵੰਡ ਮੌਕੇ ਮਾਰੇ 10 ਲੱਖ ਬੇਕਸੂਰ ਪੰਜਾਬੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਉਨ੍ਹਾਂ ਕਿਹਾ ਕਿ ਭਾਰਤ-ਪਾਕਿਸਤਾਨ ਵਿਚਕਾਰ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ। ਅਮਨ-ਸ਼ਾਂਤੀ ਰਹੇਗੀ ਤਾਂ ਦੋਵਾਂ




ਅਟਾਰੀ ਸਰਹੱਦ ਉੱਤੇ ਬਣੀ ਯਾਦਗਾਰ 'ਤੇ ਫੁੱਲ ਮਾਲਾਵਾਂ ਭੇਟ ਕਰਦੇ ਹੋਏ ਫੋਕਲੋਰ ਰਿਸਰਚ ਅਕਾਦਮੀ ਦੇ ਆਗੂ।

ਮੁਲਕਾਂ ਵਿੱਚੋਂ ਗੁਰਬਤ ਦੂਰ ਹੋਵੇਗੀ। ਇਸ ਮੌਕੇ ਕਾਲਮਨਵੀਸ ਜਤਿਨ ਦੇਸਾਈ (ਮੁੰਬਈ), ਅਨਿਲ ਸ਼ਰਮਾ (ਆਗਰਾ), ਗੁਰਦੇਵ ਸਿੰਘ ਮਹਿਲਾਂਵਾਲਾ, ਜਸਵੰਤ ਸਿੰਘ ਰੰਧਾਵਾ, ਸਤੀਸ਼ ਝਿੰਗਣ, ਰੰਜੀਵ ਸ਼ਰਮਾ, ਉਂਕਾਰ ਸਿੰਘ, ਹਰਜੀਤ ਸਿੰਘ ਸਰਕਾਰੀਆ, ਦੀਪਕ ਵਿੱਜ, ਕਿਰਨ ਵਿੱਜ, ਕਮਲ ਗਿੱਲ ਤੇ ਕਰਮਜੀਤ ਕੌਰ ਜੱਸਲ ਨੇ ਸ਼ਰਧਾਂਜਲੀ ਭੇਟ ਕੀਤੀ।

# ਸਿਆਸਤ ਨੇ 'ਪਾਰਟੀਸ਼ਨ ਮਿਊਜ਼ੀਅਮ' ਦੇ ਉਦਘਾਟਨ ਨੂੰ ਵੀ ਵੰਡਿਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਇਸ ਸ਼ਹਿਰ ਦੀ ਪੁਰਾਤਨ ਟਾਊਨ ਹਾਲ ਇਮਾਰਤ ਵਿੱਚ ਬਣਾਏ 'ਪਾਰਟੀਸ਼ਨ ਮਿਊਜ਼ੀਅਮ' ਦਾ 17 ਅਗਸਤ ਨੂੰ ਦੂਜੀ ਵਾਰ ਉਦਘਾਟਨ ਕੀਤਾ ਜਾਣਾ ਚਰਚਾ ਦਾ ਵਿਸ਼ਾ ਬਣ ਗਿਆ ਹੈ। ਮਿਊਜ਼ੀਅਮ ਦੇ ਪਹਿਲੇ ਭਾਗ ਦਾ ਉਦਘਾਟਨ ਪਿਛਲੇ ਵਰ੍ਹੇ ਨਵੰਬਰ ਵਿੱਚ ਤਤਕਾਲੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੀਤਾ ਸੀ। ਹੁਣ 17 ਅਗਸਤ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਦਘਾਟਨ ਕਰਨਗੇ। ਇੱਕੋ ਅਜਾਇਬਘਰ ਦਾ ਦੋ ਵਾਰ ਉਦਘਾਟਨ ਕਰਨ 'ਤੇ ਇਤਰਾਜ਼ ਪ੍ਰਗਟਾਉਂਦਿਆਂ ਭਾਜਪਾ ਦੀ ਸਾਬਕਾ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਨੇ ਆਖਿਆ ਕਿ 17 ਅਗਸਤ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਪਾਰਟੀਸ਼ਨ ਮਿਊਜ਼ੀਅਮ' ਦਾ ਉਦਘਾਟਨ ਕਰਨ ਆ ਰਹੇ ਹਨ, ਜਦੋਂ ਕਿ ਸੁਖਬੀਰ ਸਿੰਘ ਬਾਦਲ ਵੀ ਇਸ ਦਾ



ਉਦਘਾਟਨ ਕਰ ਚੁੱਕੇ ਹਨ। ਉਨ੍ਹਾਂ ਮੁੱਖ ਮੰਤਰੀ ਦੇ ਨਾਂ ਲਿਖੇ ਪੱਤਰ ਵਿੱਚ ਆਖਿਆ ਕਿ ਉਨ੍ਹਾਂ ਨੂੰ ਇਹ ਸ਼ੋਭਾ ਨਹੀਂ ਦਿੰਦਾ ਕਿ ਜੋ ਕੰਮ ਪਹਿਲਾਂ ਸੁਖਬੀਰ ਸਿੰਘ ਬਾਦਲ ਕਰ ਚੁੱਕੇ ਹਨ, ਉਸੇ ਨੂੰ ਦੁਬਾਰਾ ਕਰਨ। ਉਨ੍ਹਾਂ ਕਿਹਾ ਕਿ ਇਹ ਉਦਘਾਟਨ ਸਿਰਫ਼ ਨਾਟਕ ਹੋਵੇਗਾ, ਜੋ ਪਹਿਲਾਂ ਵੀ ਹੋ ਚੁੱਕਾ ਹੈ। ਉਨ੍ਹਾਂ ਅਕਾਲੀ-ਭਾਜਪਾ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਦੇਸ਼ ਵੰਡ ਦੇ 70 ਸਾਲਾਂ ਬਾਅਦ ਵੰਡ ਸਬੰਧੀ ਅਜਾਇਬਘਰ

ਬਾਕੀ ਸਫ਼ਾ 32 'ਤੇ

# ਆਜ਼ਾਦੀ ਨੇ ਸਰਹੱਦੀ ਪਿੰਡਾਂ ਨੂੰ ਪਾਈਆਂ ਗੁਲਾਮੀ ਦੀਆਂ ਜੰਜ਼ੀਰਾਂ

**ਸੰਜੀਵ ਹਾਂਡਾ**

ਫ਼ਿਰੋਜ਼ਪੁਰ ਸਰਹੱਦ ਦੇ ਕੰਢੇ ਵੱਸਦੇ ਲੋਕ ਵੀ ਆਜ਼ਾਦੀ ਦਾ ਆਨੰਦ ਮਾਣਨ ਦੀ ਬਜਾਏ ਇਸ ਦਾ ਸੰਤਾਪ ਹੰਢਾ ਰਹੇ ਹਨ। ਰਾਤ ਨੂੰ ਇਕ ਨਿਸ਼ਚਿਤ ਸਮੇਂ ਤੋਂ ਬਾਅਦ ਸਰਹੱਦ ਨਾਲ ਲੱਗਦੇ ਇਕ ਦਰਜਨ ਪਿੰਡਾਂ ਦੇ ਲੋਕ ਬੀਐਸਐਫ ਦੀ ਇਜਾਜ਼ਤ ਤੋਂ ਬਗੈਰ ਨਾ ਪਿੰਡ ਵਿੱਚ ਦਾਖ਼ਲ ਹੋ ਸਕਦੇ ਹਨ ਅਤੇ ਨਾ ਪਿੰਡੋਂ ਬਾਹਰ ਜਾ ਸਕਦੇ ਹਨ। ਕਿਸਾਨਾਂ ਨੂੰ ਵੀ ਤਾਰੋਂ ਪਾਰ ਖੇਤੀ ਕਰਨ ਲਈ ਜਾਣ ਤੇ ਵਾਪਸ ਆਉਣ ਵਾਸਤੇ ਬੀਐਸਐਫ ਦੇ ਜਵਾਨਾਂ ਨੂੰ ਤਲਾਸ਼ੀ ਦੇਣੀ ਪੈਂਦੀ ਹੈ। ਬਹੁਤੇ ਪਿੰਡਾਂ ਦੀਆਂ ਕੁੜੀਆਂ ਅਜਿਹੀਆਂ ਹਨ, ਜਿਨ੍ਹਾਂ ਸ਼ਹਿਰ ਦੇ ਕਾਲਜਾਂ ਦਾ ਮੂੰਹ ਤੱਕ ਨਹੀਂ ਦੇਖਿਆ ਕਿਉਂਕਿ ਕਾਲਜਾਂ ਵਿੱਚ ਪੜ੍ਹਾਈ ਕਰਨ ਲਈ ਉਨ੍ਹਾਂ ਦੇ ਮਾਪਿਆਂ ਕੋਲ ਨਾ ਤਾਂ ਪੈਸੇ ਹਨ ਅਤੇ ਨਾ ਹੀ ਟਰਾਂਸਪੋਰਟ ਦੀ ਸੁਵਿਧਾ। ਫ਼ਾਜ਼ਿਲਕਾ ਜ਼ਿਲ੍ਹੇ ਵਿੱਚ ਵੰਡ ਤੋਂ ਪਹਿਲਾਂ ਏਸ਼ੀਆ ਦੀ ਸਭ ਤੋਂ ਵੱਡੀ ਉੱਨ ਦੀ ਮੰਡੀ ਹੁੰਦੀ ਸੀ, ਜੋ ਖ਼ਤਮ ਹੋ ਗਈ। ਸੈਨਿਕ ਨਜ਼ਰੀਏ ਤੋਂ ਫ਼ਿਰੋਜ਼ਪੁਰ ਜ਼ਿਲ੍ਹਾ ਸੂਬੇ ਵਿੱਚ ਸਭ ਤੋਂ ਅਹਿਮ ਮੰਨਿਆ ਜਾਂਦਾ ਸੀ। ਅੰਗਰੇਜ਼ਾਂ ਦੇ ਜ਼ਮਾਨੇ ਵਿੱਚ ਬਣਿਆ ਰੇਲਵੇ ਦਾ ਡਿਵੀਜ਼ਨਲ ਦਫ਼ਤਰ ਅਜੇ ਵੀ ਇੱਥੇ ਸਥਿਤ ਹੈ। ਸਿੱਖਿਆ ਸੰਸਥਾਵਾਂ ਦੀ ਗੱਲ ਕਰੀਏ ਤਾਂ ਪੰਜਾਬ ਦਾ ਪਹਿਲਾ ਬੀਐੱਡ ਕਾਲਜ ਫ਼ਿਰੋਜ਼ਪੁਰ ਵਿੱਚ ਖੋਲ੍ਹਿਆ ਗਿਆ ਸੀ, ਜੋ ਅਜੇ ਵੀ ਚੱਲ ਰਿਹਾ ਹੈ ਪਰ ਹਿੰਦੂਆਂ ਤੇ ਸਿੱਖਾਂ ਦੀਆਂ ਲੜਕੀਆਂ ਲਈ ਉਚੇਚੇ ਤੌਰ 'ਤੇ



ਬਣਾਏ ਦੋ ਸਕੂਲਾਂ ਵਿੱਚੋਂ ਇਕ ਹਿੰਦੂ ਗਰਲਜ਼ ਸਕੂਲ ਬੰਦ ਹੋ ਗਿਆ ਹੈ ਤੇ ਸਿੱਖ ਕੰਨਿਆ ਮਹਾਂਵਿਦਿਆਲਿਆ ਬੰਦ ਹੋਣ ਕੰਢੇ ਹੈ। ਫ਼ਿਰੋਜ਼ਪੁਰ ਵਿੱਚ ਵਪਾਰ ਦੀ ਮੰਦੀ ਹਾਲਤ ਸਾਲ 1971 ਤੋਂ ਸ਼ੁਰੂ ਹੋ ਗਈ ਸੀ। ਦੇਸ਼ ਦੀ ਵੰਡ ਤੋਂ ਬਾਅਦ ਵੀ 1971 ਤੱਕ ਇੱਥੋਂ ਹੁਸੈਨੀਵਾਲਾ ਬਾਰਡਰ ਤੋਂ ਪਾਕਿਸਤਾਨ ਨਾਲ ਵਪਾਰਕ ਸਾਂਝ ਬਣੀ ਰਹੀ। ਸ਼ਹਿਰ ਦੇ ਕਈ ਲੋਕਾਂ ਕੋਲ ਵਪਾਰ ਲਈ ਲਾਇਸੈਂਸ ਬਣੇ ਹੋਏ ਸਨ। ਇਸ ਬਾਰਡਰ ਤੋਂ ਜ਼ਿਆਦਾਤਰ ਸੁੱਕੇ ਮੇਵੇ, ਅੰਗੂਰ, ਚਾਹਪੱਤੀ ਤੇ ਹੋਰ ਘਰੇਲੂ ਵਸਤੂਆਂ ਦਾ ਵਪਾਰ ਹੁੰਦਾ ਸੀ, ਜਿਸ ਕਾਰਨ ਲੋਕ ਖ਼ੁਸ਼ਹਾਲ ਸਨ। 1971 ਦੀ ਹਿੰਦ-ਪਾਕਿ ਜੰਗ ਨੇ ਇਸ ਵਪਾਰ ਨੂੰ ਵੀ ਤਬਾਹ ਕਰ ਦਿੱਤਾ, ਜਿਸ ਦਾ ਖਮਿਆਜ਼ਾ ਪੰਜਾਬ ਦੇ ਸਰਹੱਦੀ ਜ਼ਿਲ੍ਹੇ ਅੱਜ ਤੱਕ ਭੁਗਤ ਰਹੇ ਹਨ।

# ਬੜਾ ਕਹਿਰ ਵਰਤਿਆ ਓਧਰ ਵੀ ਤੇ ਏਧਰ ਵੀ...

**ਗੁਲਜ਼ਾਰ ਸਿੰਘ ਸੰਧੂ**

### ਉਜਾੜੇ ਦੇ ਨਕਸ਼

ਇਸ ਵਰ੍ਹੇ ਹਿੰਦੁਸਤਾਨ ਦੇ ਦੋ ਟੁਕੜੇ ਹੋਇਆਂ ਸੱਤਰ ਸਾਲ ਹੋ ਗਏ ਹਨ। ਦੂਜੇ ਵਿਸ਼ਵ ਯੁੱਧ



ਦੇ ਅੰਤ ਸਮੇਂ ਏਸ਼ੀਆ ਦੇ ਕਈ ਦੇਸ਼ ਸੁਤੰਤਰ ਹੋਏ, ਪਰ ਕਿਸੇ ਵਿੱਚ ਵੀ ਏਨੀ ਲੁੱਟ-ਖਸੁੱਟ ਤੇ ਮਾਰ-ਧਾੜ ਨਹੀਂ ਹੋਈ ਜਿੰਨੀ ਬੰਗਾਲ ਤੇ ਪੰਜਾਬ ਵਿੱਚ। ਲਗਪਗ ਪੰਜ ਲੱਖ ਆਦਮੀ ਮਾਰੇ ਗਏ ਤੇ ਚਾਲੀ ਹਜ਼ਾਰ ਮਹਿਲਾਵਾਂ ਉਧਾਲੀਆਂ ਗਈਆਂ। ਤਕਰੀਬਨ ਇੱਕ ਕਰੋੜ ਲੋਕਾਂ ਨੂੰ ਆਪਣੇ ਘਰ-ਬਾਰ, ਦੁਕਾਨਾਂ ਤੇ ਜ਼ਮੀਨਾਂ ਛੱਡ ਕੇ ਬੇਘਰ ਹੋਣਾ ਪਿਆ। 1947 ਦੇ ਸ਼ੁਰੂ ਹੁੰਦੇ ਸਾਰ ਫ਼ਿਰਕੂ ਫਸਾਦ ਬੰਗਾਲ, ਬਿਹਾਰ, ਯੂਪੀ ਹੁੰਦੇ ਹੋਏ ਅਖੰਡ ਪੰਜਾਬ ਵਿੱਚ ਪ੍ਰਵੇਸ਼ ਕਰ ਗਏ। ਰਾਵਲਪਿੰਡੀ, ਅੱਟਕ ਤੇ ਮੁਲਤਾਨ ਰਾਹੀਂ। ਸ਼ਹਿ ਦੇਣ ਵਾਲੀ ਮੁਸਲਿਮ ਲੀਗ ਸੀ ਤੇ ਸ਼ਿਕਾਰ ਹੋਣ ਵਾਲੇ ਹਿੰਦੂ ਸਿੱਖ। ਰਾਵਲਪਿੰਡੀ ਨੂੰ ਉਚੇਚਾ ਨਿਸ਼ਾਨਾ ਬਣਾਇਆ ਗਿਆ। ਬੰਬਾਰੀ ਵਰਗਾ ਹਾਲ ਹੋ ਗਿਆ। ਮੁਸਲਿਮ ਲੀਗ ਦੇ ਇੱਕ ਬੁਲਾਰੇ ਨੇ ਹੋਕਾ ਦਿੱਤਾ ਕਿ ਸਾਰੇ ਸਿੱਖ ਅੱਧੇ ਘੰਟੇ ਵਿੱਚ ਮੁਸਲਮਾਨ ਬਣ ਜਾਣ, ਨਹੀਂ ਤਾਂ ਗੋਲੀਆਂ ਨਾਲ ਉਡਾ ਦਿੱਤੇ ਜਾਣਗੇ।

ਇੱਥੇ ਮੈਂ ਇਹ ਵੀ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਓਧਰਲੇ ਪੰਜਾਬ ਦੇ ਵੇਰਵੇ ਮੇਰੇ ਨਹੀਂ। ਮੈਂ ਕਿਰਪਾਲ ਸਿੰਘ ਇਤਿਹਾਸਕਾਰ ਦੀ ਸਵੈ-ਜੀਵਨੀ 'ਨਿਰਗੁਣ-ਨਿਸਤਾਰੇ' ਵਿੱਚੋਂ ਲਏ ਹਨ। ਏਧਰਲੇ ਪੰਜਾਬ ਦਾ ਹਾਲ ਮੈਂ ਆਪਣੇ ਅੱਖੀਂ ਵੇਖਿਆ ਹੈ, ਪਰ ਉਸ ਦੀ ਵਾਰੀ ਓਧਰਲੇ ਪੰਜਾਬ ਤੋਂ ਪਿੱਛੋਂ ਆਵੇਗੀ। ਕਿਰਪਾਲ ਸਿੰਘ ਅਨੁਸਾਰ ਓਧਰਲੇ ਪੰਜਾਬ ਦੇ ਹਿੰਦੂ ਸਿੱਖਾਂ ਨੇ ਮੁਸਲਮਾਨ ਬਣ ਕੇ ਓਧਰ ਵਸਣ ਨਾਲੋਂ ਲੜ ਕੇ ਮਰਨ ਨੂੰ ਤਰਜੀਹ ਦਿੱਤੀ ਤੇ ਓਧਰ ਦੀਆਂ ਮਹਿਲਾਵਾਂ ਨੇ ਖੂਹਾਂ ਵਿੱਚ ਡੁੱਬ ਕੇ ਮਰਨ ਨੂੰ। ਰਾਵਲਪਿੰਡੀ ਦੇ ਇੱਕ ਵੱਡੇ ਸਰਦਾਰ ਦੀ ਹਵੇਲੀ ਵਿੱਚ ਉਸ ਦਾ ਨਿੱਜੀ ਖੂਹ ਸੀ। ਇਸ ਵਿੱਚ ਸੱਤ ਦਰਜਨ ਮਹਿਲਾਵਾਂ, ਮੁਟਿਆਰਾਂ ਤੇ ਬੱਚਿਆਂ ਨੇ ਛਾਲਾਂ ਮਾਰ ਦਿੱਤੀਆਂ।

ਇਹ ਵਾਰਦਾਤ ਇੰਨੀ ਭਿਆਨਕ ਸੀ ਕਿ ਕੁਝ ਕੁ ਬਦਮਾਸ਼ਾਂ ਨੂੰ ਛੱਡ ਕੇ ਬਾਕੀ ਸਾਰੇ ਮੁਸਲਮਾਨ ਮੈਦਾਨ ਛੱਡ ਕੇ ਭੱਜ ਗਏ। ਦੂਜੇ ਦਿਨ ਸਰਕਾਰੀ ਲਾਰੀਆਂ ਪੀੜਤ ਹਿੰਦੂ ਸਿੱਖਾਂ ਨੂੰ ਸੁਰੱਖਿਆ ਕੈਂਪਾਂ ਵਿੱਚ ਲਿਜਾਣ ਵਾਸਤੇ ਆ ਗਈਆਂ। ਪਿੰਡ ਵਾਲਿਆਂ ਨੇ ਪਹਿਲਾਂ ਮਹਿਲਾਵਾਂ ਭੇਜੀਆਂ ਤੇ ਫਿਰ ਮਰਦ।

ਇਸ ਦਹਿਸ਼ਤ ਨੇ ਰਾਵਲਪਿੰਡੀ ਤੇ ਮੁਲਤਾਨ ਦੇ ਹਿੰਦੂ ਸਿੱਖਾਂ ਨੂੰ ਵਖ਼ਤ ਪਾ ਦਿੱਤਾ। ਤਿੰਨ ਜੂਨ 1947 ਨੂੰ ਦੇਸ਼ ਵੰਡ ਦਾ ਐਲਾਨ ਹੁੰਦੇ ਸਾਰ ਸਭਨਾਂ ਨੇ ਨਵੇਂ ਬਣੇ ਮੁਲਕ ਭਾਰਤ ਪਹੁੰਚਣ ਦਾ ਫ਼ੈਸਲਾ ਲਿਆ।

ਭਾਵੇਂ ਗੜਬੜੀ ਕਰਨ ਵਾਲਿਆਂ ਨਾਲ ਸਖ਼ਤੀ ਕਰਨ ਦਾ ਵਚਨ ਦਿੱਤਾ ਗਿਆ ਸੀ, ਪਰ ਸਥਿਤੀ ਉੱਤੇ ਕਾਬੂ ਪਾਉਣਾ ਸੰਭਵ ਨਹੀਂ ਸੀ। ਅੰਗਰੇਜ਼ ਡਿਪਟੀ ਕਮਿਸ਼ਨਰਾਂ ਲਈ ਤਾਂ ਉੱਕਾ ਹੀ ਨਹੀਂ। ਉਹ ਬਰਤਾਨੀਆ ਦੀ ਕੰਜ਼ਰਵੇਟਿਵ ਸਰਕਾਰ ਦੇ ਲਗਾਏ ਹੋਏ ਸਨ। ਉਸ ਸਰਕਾਰ ਦੇ ਜਿਹੜੀ ਇਹ ਸਿੱਧ ਕਰਨਾ ਚਾਹੁੰਦੀ ਸੀ ਕਿ ਹਿੰਦੁਸਤਾਨ ਦਾ ਭਲਾ ਇਸ ਵਿੱਚ ਹੀ ਸੀ ਕਿ ਉਹ ਗੋਰੀ ਸਰਕਾਰ ਅੱਗੇ ਗੋਡੇ ਟੇਕੀ ਰੱਖੇ।

ਕਿਰਪਾਲ ਸਿੰਘ ਦੇ ਲਿਖਣ ਅਨੁਸਾਰ ਅੰਗਰੇਜ਼ ਡਿਪਟੀ ਕਮਿਸ਼ਨਰਾਂ ਵਾਲੇ ਜ਼ਿਲ੍ਹਿਆਂ ਵਿੱਚ ਸਭ ਤੋਂ ਵੱਧ ਲੁੱਟ-ਖਸੁੱਟ ਤੇ ਮਾਰ-ਧਾੜ ਹੋਈ। ਖ਼ਾਸਕਰ ਲਾਹੌਰ, ਅੰਮ੍ਰਿਤਸਰ, ਰਾਵਲਪਿੰਡੀ ਤੇ ਸ਼ੇਖੂਪੁਰਾ ਵਿੱਚ। ਇਸ ਦੇ ਉਲਟ ਮੀਆਂਵਾਲੀ, ਸ਼ਾਹਪੁਰ ਤੇ ਝੰਗ ਮੁਸਲਿਮ ਬਹੁਗਿਣਤੀ ਵਾਲੇ ਜ਼ਿਲ੍ਹਿਆਂ ਵਿੱਚ, ਜਿੱਥੇ ਮੁਸਲਮਾਨ ਡਿਪਟੀ ਕਮਿਸ਼ਨਰ ਤਾਇਨਾਤ ਸਨ, ਉੱਥੋਂ ਦੇ ਪ੍ਰਬੰਧਕਾਂ ਤੇ ਮੁਸਲਿਮ ਜਨਤਾ ਨੇ ਮਿਲ ਕੇ ਆਪਣੇ ਜ਼ਿਲ੍ਹਿਆਂ ਨੂੰ ਫ਼ਿਰਕੂ ਫਸਾਦਾਂ ਤੋਂ ਬਚਾਈ ਰੱਖਿਆ।

ਇੱਕ ਪੜਾਅ ਉੱਤੇ ਕਿਰਪਾਲ ਸਿੰਘ, ਸਰ ਫਰਾਂਸਿਸ ਮੂਡੀ ਨੂੰ ਵੀ ਮਿਲਿਆ ਜਿਹੜਾ 1947 ਵਿੱਚ ਪੱਛਮੀ ਪੰਜਾਬ ਦਾ ਰਾਜਪਾਲ ਸੀ। ਉਸ ਨੇ ਕਿਰਪਾਲ ਸਿੰਘ ਨੂੰ ਬੜਾ ਕੁਝ ਦੱਸਿਆ। ਜਿਵੇਂ: ਜ਼ਿਲ੍ਹਾ ਸ਼ੇਖੂਪੁਰਾ ਵਿੱਚ ਚੂਹੜਕਾਣਾ ਦੇ ਆਲੇ-ਦੁਆਲੇ, ਘਰਾਂ ਵਿੱਚ, ਛੱਤਾਂ ਉੱਤੇ ਅਤੇ ਹਰ ਜਗ੍ਹਾ ਤਕਰੀਬਨ ਡੇਢ ਲੱਖ ਸਿੱਖ ਇਕੱਠੇ ਹੋਏ। ਜੇ ਇੱਕ ਗੱਡੀ ਵਿੱਚ 4,000 ਵਿਅਕਤੀਆਂ ਨੂੰ ਲਿਜਾਇਆ ਜਾਂਦਾ ਤਾਂ ਵੀ ਇਨ੍ਹਾਂ ਨੂੰ ਲਿਜਾਣ ਲਈ 45 ਗੱਡੀਆਂ ਦੀ ਲੋੜ ਸੀ ਜਾਂ ਉਨ੍ਹਾਂ ਨੂੰ 50 ਟਨ ਆਟਾ ਪ੍ਰਤੀ ਦਿਨ ਦੇਣਾ ਪੈਣਾ ਸੀ। ਉਸੇ ਜ਼ਿਲ੍ਹੇ ਦੇ ਗੋਬਿੰਦਗੜ੍ਹ ਸਥਾਨ 'ਤੇ 30,000-40,000 ਮਜ਼੍ਹਬੀ ਸਿੱਖ ਇਕੱਠੇ ਹੋ ਗਏ ਸਨ ਜਿਨ੍ਹਾਂ ਪਾਸ ਹਥਿਆਰ ਸਨ। ਉਨ੍ਹਾਂ ਨੇ ਐਂਗਲੋ ਇੰਡੀਅਨ ਡਿਪਟੀ ਕਮਿਸ਼ਨਰ ਨਾਲ, ਜੋ ਸੁਲ੍ਹਾ ਦਾ ਝੰਡਾ ਲੈ ਕੇ ਅੱਗੇ ਵਧਿਆ, ਗੱਲਬਾਤ ਕਰਨ ਤੋਂ ਵੀ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਉਸ 'ਤੇ ਗੋਲੀ ਚਲਾਈ ਜੋ ਉੱਕ ਗਈ। ਅੰਤ ਵਿੱਚ ਇਸ ਇਲਾਕੇ ਨੂੰ ਖਾਲੀ ਕਰਵਾਉਣ ਦੇ ਪ੍ਰਬੰਧ ਕਰਨੇ ਪਏ।

ਕਿਰਪਾਲ ਸਿੰਘ ਨੇ ਉਸ ਸਮੇਂ ਦੀ ਸਥਿਤੀ ਦਾ ਨਿਚੋੜ ਦਿੰਦਿਆਂ ਲਿਖਿਆ ਹੈ ਕਿ ਏਧਰਲੇ ਪੰਜਾਬ ਵਿੱਚ ਗੜਬੜ ਲਈ ਮੁੱਖ ਤੌਰ 'ਤੇ ਓਧਰਲੇ ਪੰਜਾਬ ਤੋਂ ਆਏ ਇਹ ਸ਼ਰਨਾਰਥੀ ਹੀ ਜ਼ਿੰਮੇਵਾਰ ਸਨ। ਮੁਸਲਮਾਨ ਬਦਮਾਸ਼ਾਂ ਨੇ ਇਕੱਲੇ-ਦੁਕੱਲੇ ਸਿੱਖਾਂ ਨੂੰ ਮਾਰ ਮੁਕਾਇਆ ਸੀ। ਜਿੱਥੇ ਕਿਤੇ ਵੀ ਇਹ ਸ਼ਰਨਾਰਥੀ ਗਏ, ਉੱਥੇ ਉਨ੍ਹਾਂ ਨੇ ਆਪਣੀਆਂ ਮੁਸੀਬਤਾਂ ਤੇ ਦੁੱਖਾਂ ਦੀਆਂ ਕਹਾਣੀਆਂ ਸੁਣਾਈਆਂ, ਜਿਸ ਕਰਕੇ ਏਧਰਲੇ ਪੰਜਾਬ ਵਿੱਚ ਵੀ ਖਿੱਚੋਤਾਣ ਤੇ ਹਫੜਾ-ਦਫੜੀ ਵਧਦੀ ਗਈ।

ਇਹ ਕੁਝ ਸੁਣ ਕੇ ਤੇ ਜਾਣ ਕੇ ਏਧਰਲੇ ਹਿੰਦੂਆਂ ਤੇ ਸਿੱਖਾਂ ਨੇ ਬਦਲਾ ਲੈਣ ਦਾ ਨਿਸ਼ਚਾ ਕੀਤਾ। ਅੰਮ੍ਰਿਤਸਰ ਤੇ ਹੁਸ਼ਿਆਰਪੁਰ ਦੇ ਫਸਾਦਾਂ ਤੋਂ ਬਾਅਦ ਹੋਰ ਜ਼ਿਲ੍ਹਿਆਂ ਵਿੱਚ ਵੀ ਲੁੱਟ-ਮਾਰ, ਸਾੜ-ਫੂਕ ਅਤੇ ਕਤਲ ਦੀਆਂ ਵਾਰਦਾਤਾਂ ਹੋਣ ਲੱਗ ਪਈਆਂ। ਜਿਉਂ-ਜਿਉਂ ਹਿੰਦੂ ਤੇ ਸਿੱਖ ਸ਼ਰਨਾਰਥੀ ਪੂਰਬ ਵੱਲ ਵਧ ਗਏ, ਤਿਉਂ-ਤਿਉਂ ਫ਼ਿਰਕੂ ਫਸਾਦ ਫੈਲਦੇ ਗਏ ਜਿਸ ਦੇ ਸਿੱਟੇ ਵਜੋਂ ਮੁਸਲਮਾਨਾਂ ਨੂੰ ਏਧਰਲੇ ਪੰਜਾਬ ਤੋਂ ਨਿਕਲਣਾ ਪਿਆ। ਜੋ ਕੁਝ ਓਧਰਲੇ ਪੰਜਾਬ ਵਿੱਚ ਮਾਰਚ 1947 ਵਿੱਚ ਵਾਪਰਿਆ ਸੀ, ਉਸ ਨੂੰ ਅਗਸਤ ਤੇ ਸਤੰਬਰ ਵਿੱਚ ਏਧਰ ਦੇ ਪੰਜਾਬ ਵਿੱਚ ਦੁਹਰਾਇਆ ਗਿਆ। ਮੈਂ ਇਸ ਵਹਿਸ਼ਤ ਦਾ ਚਸ਼ਮਦੀਦ ਗਵਾਹ ਹਾਂ। ਮੇਰਾ ਜੱਦੀ ਪਿੰਡ ਸੂਨੀ, ਜ਼ਿਲ੍ਹਾ ਹੁਸ਼ਿਆਰਪੁਰ ਦੇ ਥਾਣਾ ਮਾਹਿਲਪੁਰ ਵਿੱਚ ਪੈਂਦਾ ਹੈ। ਮੇਰੇ ਇਸ ਨਿੱਕੇ ਜਿਹੇ ਪਿੰਡ ਦੇ ਆਲੇ-ਦੁਆਲੇ ਮਜਾਰਾ ਡੀਂਗਰੀਆਂ, ਪੋਸੀ ਤੇ ਭਿੰਡੇ ਨਾਵਾਂ ਦੇ ਵੱਡੇ ਪਿੰਡ ਹਨ। ਪਰ ਉਨ੍ਹਾਂ ਪਿੰਡਾਂ ਕੋਲ ਦੇਸ਼ ਵੰਡ ਦੀ ਬਾਤ ਪਾਉਣ ਲਈ ਉਹ ਕੁਝ ਨਹੀਂ, ਜੋ ਮੇਰੇ ਪਿੰਡ ਸੂਨੀ ਕੋਲ ਹੈ।

ਮੇਰੇ ਪਿੰਡ ਵਿੱਚ ਦੇਸ਼ ਵੰਡ ਤੋਂ ਪਹਿਲਾਂ ਵੱਡੀ ਗਿਣਤੀ ਮੁਸਲਮਾਨ ਅਰਾਈਆਂ ਦੀ ਸੀ। ਬਾਕੀ ਜੱਟ, ਰਾਜਪੂਤ, ਦਲਿਤ ਮਿਲ ਕੇ ਮੁਸਲਿਮ ਅਰਾਈਆਂ ਤੋਂ ਘੱਟ ਹੀ ਹੋਣਗੇ। ਅਰਾਈਂ ਸਾਰੇ ਪਿੰਡ ਦੇ ਕੰਮ ਆਉਂਦੇ ਸਨ। ਸਾਡੀ ਖੇਤੀ ਸੰਭਾਲਦੇ ਤੇ ਸਕੂਲ ਜਾਂਦੇ ਬੱਚਿਆਂ ਨੂੰ ਦੂਰ ਤਕ ਛੱਡਣ ਜਾਂਦੇ। ਥੋੜ੍ਹੀਆਂ ਜ਼ਮੀਨਾਂ ਦੇ ਮਾਲਕ ਹੋਣ ਕਾਰਨ ਸਾਡੇ ਖੇਤਾਂ ਵਿੱਚ ਸਬਜ਼ੀਆਂ ਬੀਜ ਕੇ ਆਪਣੇ ਹਿੱਸੇ ਆਈ ਸਬਜ਼ੀ ਲੋੜਵੰਦਾਂ ਨੂੰ ਵੇਚ ਦਿੰਦੇ। ਨਕਦ ਜਾਂ ਦਾਣਿਆਂ ਬਦਲੇ।

ਭੋਂਇੰ ਦੀ ਮਾਲਕੀ ਰਾਜਪੂਤਾਂ ਕੋਲ ਸੀ। ਉਨ੍ਹਾਂ ਲਈ ਹਲ ਵਾਹੁਣਾ ਮਿਹਣਾ ਸੀ। ਮੁਸਲਮਾਨ ਅਰਾਈਂ ਹਰ ਕਿਸੇ ਦਾ ਦੁੱਖ ਵੰਡਾਉਂਦੇ। ਸਿੱਖ ਜਗੀਰਦਾਰਾਂ ਦਾ ਬਹੁਤਾ। ਸਿੱਖ ਆਪਣੇ ਆਪ ਨੂੰ ਰਾਜਪੂਤਾਂ ਨਾਲੋਂ ਵੱਡੇ ਤੇ ਸ਼ਕਤੀਸ਼ਾਲੀ ਸਮਝਦੇ ਸਨ। ਲੜਾਕੇ ਤੇ ਸੂਰਮੇ ਵੀ।



ਲੇਖਕ ਦੇ ਤਾਇਆ ਸ਼ਿਵ ਸਿੰਘ ਤੇ ਪਿਤਾ ਹਰੀ ਸਿੰਘ।

ਇਸ ਨਾਤੇ ਸੰਧੂ ਜੱਟ ਆਪਣੇ ਆਪ ਨੂੰ ਮਾਲਕ ਜਤਾਉਣ ਵਾਲੇ ਰਾਜਪੂਤਾਂ ਦੇ ਸਾਨੀ ਸਨ। ਸਰੀਰਕ ਸ਼ਕਤੀ ਵਿੱਚ ਉਨ੍ਹਾਂ ਤੋਂ ਉੱਤੇ। ਇੱਕ ਸੰਧੂ ਮਲਾਇਆ ਜਾ ਵੱਸਿਆ ਤੇ ਉਸ ਨੇ ਆਪਣੇ ਪੁੱਤਰ ਕਰਤਾਰ ਸਿੰਘ ਨੂੰ ਬੀਏ, ਐੱਲਐੱਲਬੀ ਤਕ ਵਿੱਦਿਆ ਦਿਵਾਈ। ਜਦੋਂ ਫ਼ੌਜ ਦੀ ਭਰਤੀ ਖੁੱਲ੍ਹੀ ਤਾਂ ਇੱਕ ਸ਼ਿਵ ਸਿੰਘ ਨੇ ਭਰਤੀ ਹੋ ਕੇ ਸੂਬੇਦਾਰੀ ਕਮਾਈ। ਉਹ ਦੇਸ਼ ਵੰਡ ਪਿੱਛੋਂ 15 ਸਾਲ ਪਿੰਡ ਦਾ ਸਰਪੰਚ ਰਿਹਾ। ਇਹ ਸੇਵਾ ਉਸ ਤੋਂ ਪਿੱਛੋਂ ਇੰਨਾ ਹੀ ਸਮਾਂ ਮੇਰੇ ਪਿਤਾ ਨੇ ਨਿਭਾਈ।

ਜਿੱਥੋਂ ਤਕ ਧਾਰਮਿਕ ਮਰਿਆਦਾ ਦਾ ਸਬੰਧ ਹੈ, ਅਰਾਈਆਂ ਨੇ ਮਸੀਤ ਉਸਾਰ ਰੱਖੀ ਸੀ ਤੇ ਸੰਧੂ ਸਿੰਘ ਆਪਣੇ ਵੱਡੇ-ਵਡੇਰੇ ਬਾਬਾ ਕਰੋੜਾ ਸਿੰਘ ਤੇ ਉਸ ਦੇ ਪੁੱਤਰਾਂ ਦੀਆਂ ਸਮਾਧੀਆਂ ਨੂੰ ਪੂਜਦੇ ਸਨ ਜਿਨ੍ਹਾਂ ਨੂੰ ਉਹ ਸ਼ਹੀਦ ਕਹਿੰਦੇ ਤੇ ਮੰਨਦੇ ਸਨ। 15 ਅਗਸਤ 1947 ਵਾਲੇ ਦਿਨ ਪਿੰਡ ਦੀ ਸਾਰੀ ਵੱਸੋਂ ਨੇ, ਜਿਸ ਵਿੱਚ ਮੁਸਲਿਮ ਅਰਾਈਂ ਵੀ ਸ਼ਾਮਿਲ ਸਨ, ਧਰਮਸ਼ਾਲਾ ਵਿੱਚ ਇਕੱਠੇ ਹੋ ਕੇ ਪਿੰਡ ਦੇ ਦਰਜੀ ਦਾ ਸਿਲਿਆ ਤਿਰੰਗਾ ਲਹਿਰਾਇਆ ਤੇ ਸ਼ਿਵ ਸਿੰਘ ਦੇ ਸੰਖੇਪ ਭਾਸ਼ਣ ਪਿੱਛੋਂ ਇੱਕ-ਦੂਜੇ ਦਾ ਮੂੰਹ ਮਿੱਠਾ ਕਰਵਾਇਆ ਸੀ। ਸੁਤੰਤਰਤਾ ਪ੍ਰਾਪਤੀ ਦੇ ਇਸ ਦਿਨ ਨੇ ਦੇਸ਼ ਵੰਡ ਪਿੱਛੋਂ ਏਧਰ ਤੇ ਓਧਰ ਦੇ ਪੰਜਾਬ ਵਿੱਚ ਕੀ ਕਹਿਰ ਵਰਤਾਉਣਾ ਸੀ, ਇਸ ਦਾ ਧਰਤੀ ਦੀ ਧੂੰਨੀ ਵਿੱਚ ਵੱਸਦੇ ਸਾਡੇ ਪਿੰਡ ਦੇ ਵਸਨੀਕਾਂ ਨੂੰ ਕੋਈ ਪਤਾ ਨਹੀਂ ਸੀ। ਮੁਸਲਿਮ ਅਰਾਈਆਂ ਨੂੰ ਵੀ ਨਹੀਂ।

ਮੇਰੇ ਕੋਲ ਉਸ ਦਰਦਨਾਕ ਕਾਂਡ ਦੇ ਕੁਝ ਅੱਖੀਂ ਦੇਖੇ ਅੰਸ਼ ਹਨ ਜਿਨ੍ਹਾਂ ਦਾ ਰਚਨਾਤਮਿਕ ਵਰਣਨ ਮੇਰੀਆਂ ਕਈ ਕਹਾਣੀਆਂ ਵਿੱਚ ਅੰਕਿਤ ਹੈ, ਖ਼ਾਸਕਰ 'ਸ਼ਹੀਦ' ਤੇ 'ਅਮਰ ਕਥਾ' ਵਿੱਚ। ਆਪਣੀ ਉਮਰ ਦੇ ਅੱਜ ਵਾਲੇ ਪੜਾਅ ਉੱਤੇ ਮੈਂ ਆਪਣੇ ਚੇਤੇ ਤੋਂ ਉਸ ਵੇਲੇ ਦਾ ਸੰਖੇਪ ਸੱਚ ਬਿਆਨਣ ਦੀ ਇਜਾਜ਼ਤ ਮੰਗਦਾ ਹਾਂ।

ਸੁਤੰਤਰਤਾ ਦਿਵਸ ਮਨਾਏ ਜਾਣ ਸਮੇਂ ਸੀਮਾ ਦੇ ਉਸ ਪਾਰ ਹਿੰਦੂ ਸਿੱਖਾਂ ਦੀ ਹੱਤਿਆ ਤੇ ਏਧਰ ਵਾਲੇ ਪਾਸੇ ਮੁਸਲਮਾਨਾਂ ਦੇ ਕਤਲੇਆਮ ਦੀਆਂ ਅਫਵਾਹਾਂ ਧੁਰ ਅੰਦਰ ਤਕ ਕਾਂਬਾ ਛੇੜਨ ਵਾਲੀਆਂ ਸਨ। ਮੂਲ ਮੰਤਵ ਦੋਵੇਂ ਪਾਸੇ ਇੱਕ ਹੀ ਸੀ, ਸਦੀਆਂ ਤੋਂ ਇੱਕ-ਦੂਜੇ ਦੇ ਦੁੱਖ-ਸੁੱਖ ਦੇ ਸਾਂਝੀਆਂ ਦੀ ਹੱਤਿਆ ਕਰਕੇ ਪਾਕਿਸਤਾਨ ਵਿਚੋਂ ਹਿੰਦੂਆਂ ਤੇ ਭਾਰਤ ਵਿੱਚੋਂ ਮੁਸਲਮਾਨਾਂ ਨੂੰ ਕੱਢ ਕੇ ਉਨ੍ਹਾਂ ਦੀ ਜ਼ਮੀਨ-ਜਾਇਦਾਦ ਹਥਿਆਉਣ ਦਾ। ਮੂੰਹ-ਮੁਲਾਹਜ਼ਾ ਪਾਲਣ ਲਈ ਇੰਨਾ ਕੁ ਧਿਆਨ ਜ਼ਰੂਰ ਰੱਖਿਆ ਗਿਆ ਕਿ ਆਪਣੇ ਪਿੰਡ ਵਾਲਿਆਂ ਨੂੰ ਮਾਰਨ ਦੀ ਥਾਂ ਆਲੇ-ਦੁਆਲੇ ਦੇ ਪਿੰਡਾਂ ਉੱਤੇ ਧਾਵੇ ਬੋਲੇ ਗਏ।

ਇੱਕ ਦਿਨ ਇੱਕ ਘੋੜ ਸਵਾਰ ਪਿੰਡ ਵਿੱਚ ਹੋਕਾ ਦੇ ਕੇ ਸਾਡੇ ਪਿੰਡ ਵਾਲਿਆਂ ਨੂੰ ਵਖ਼ਤ ਪਾ ਗਿਆ। ਜੇ ਅਸੀਂ ਅਰਾਈਆਂ ਨੂੰ ਪਾਕਿਸਤਾਨ ਜਾਣ ਤੋਂ ਰੋਕਣਾ ਚਾਹੁੰਦੇ ਸਾਂ ਤਾਂ ਉਨ੍ਹਾਂ ਨੂੰ ਕੰਘੇ, ਕੜੇ ਤੇ ਕਛਹਿਰੇ ਪਵਾ ਕੇ ਅੰਮ੍ਰਿਤ ਛਕਾ ਕੇ ਸਿੰਘ ਸਜਾ ਦੇਣ ਦਾ ਫ਼ਰਮਾਨ ਸੀ। ਇਹ ਵੀ ਕਿ ਮਰਦਾਂ ਦੇ ਸਿਰਾਂ ਉੱਤੇ ਪੀਲੇ ਪਟਕੇ ਤੇ ਔਰਤਾਂ ਤੇ ਕੁੜੀਆਂ ਦੇ ਸਿਰਾਂ 'ਤੇ ਪੀਲੀਆਂ ਚੁੰਨੀਆਂ ਸਜਾ ਦੇਈਏ।

ਸੂਬੇਦਾਰ ਤਾਏ ਨੇ ਸਾਰੇ ਮੁਸਲਮਾਨਾਂ ਨੂੰ ਉਸੇ ਸ਼ਾਮ ਧਰਮਸ਼ਾਲਾ ਬੁਲਾ ਕੇ ਉਨ੍ਹਾਂ ਤੋਂ ਸਿੱਖੀ ਪ੍ਰਵਾਨ ਕਰਕੇ ਪਿੰਡ ਰਹਿਣ ਦੀ ਸਹਿਮਤੀ ਲੈ ਲਈ। ਉਹ ਮੰਨ ਗਏ। ਆਪਣੇ ਜੱਦੀ ਪਿੰਡ ਰਹਿਣ ਲਈ ਕੁਝ ਵੀ ਕਰ ਸਕਦੇ ਸਨ। ਇੱਕ-ਦੋ ਦਿਨਾਂ ਵਿੱਚ ਧਰਮਸ਼ਾਲਾ ਦੀ ਉਸੇ ਥਾਂ ਉੱਤੇ ਅੰਮ੍ਰਿਤ ਛਕਾ ਕੇ ਕੰਘੇ, ਕੜੇ, ਪੀਲੇ ਪਟਕੇ ਤੇ ਪੀਲੀਆਂ ਚੁੰਨੀਆਂ ਅਰਾਈਆਂ ਨੂੰ ਪਹਿਨਾ ਦਿੱਤੀਆਂ ਗਈਆਂ।

ਅੰਮ੍ਰਿਤ ਛਕ ਕੇ ਸਿੰਘ ਸਜਣ ਪਿੱਛੋਂ ਅਗਲੇ ਦਿਨ ਇੱਕ ਅਰਾਈਂ ਸਾਡੇ ਘਰ ਕਿਸੇ ਕੰਮ ਆਇਆ। ਮੇਰੀ ਦਾਦੀ ਦੇ ਪੁੱਛਣ ਉੱਤੇ ਕਿ ਉਹ ਅੱਗੇ ਤੋਂ ਮਸੀਤ ਜਾ ਕੇ ਨਮਾਜ਼ ਪੜ੍ਹੇਗਾ ਜਾਂ ਨਹੀਂ ਤਾਂ ਉਸ ਦੇ ਮੂੰਹੋਂ ਅਚਾਨਕ ਹੀ ਤੋਬਾ-ਤੋਬਾ ਨਿਕਲ ਗਈ। ਦਾਦੀ ਨੇ ਫਿਟਕਾਰ ਪਾਉਂਦਿਆਂ ਵਾਹਿਗੁਰੂ-ਵਾਹਿਗੁਰੂ ਚੇਤੇ ਕਰਵਾਇਆ। ਉਸ ਨੇ ਸਤਿਨਾਮ-ਵਾਹਿਗੁਰੂ ਧਿਆਉਣ ਸਮੇਂ ਮੁਆਫ਼ੀ ਮੰਗਣ ਵਜੋਂ ਕੰਨਾਂ ਨੂੰ ਹੱਥ ਲਾ ਕੇ ਮੁੜ ਤੋਬਾ-ਤੋਬਾ ਕਹਿ ਦਿੱਤੀ। ਰਾਤੋ-ਰਾਤ ਸਿੰਘ ਸਜਣ ਕਾਰਨ ਕਿੰਨੇ ਬੇਵੱਸ ਸਨ ਉਹ ਲੋਕ। ਦੋ-ਚਾਰ ਦਿਨ ਮੌਜ ਮੇਲੇ ਵਾਂਗ ਲੰਘੇ। ਚੌਥੇ ਪੰਜਵੇਂ ਦਿਨ ਮੈਂ ਤੇ ਮੇਰਾ ਬਾਪ ਨਿਆਈਂ ਵਾਲੇ ਖੇਤ ਵਿੱਚ ਪਸ਼ੂਆਂ ਲਈ ਚਾਰਾ ਵੱਢ ਰਹੇ ਸਾਂ ਕਿ ਸਾਨੂੰ ਕੰਢੀ ਵਾਲੇ ਪਾਸਿਓਂ ਸਤਿ ਸ੍ਰੀ ਅਕਾਲ ਤੇ ਬੋਲੇ ਸੋ ਨਿਹਾਲ ਅਤੇ ਹਰਿ ਹਰਿ ਮਹਾਂਦੇਵ ਦੇ ਨਾਅਰੇ ਸੁਣਾਈ ਦਿੱਤੇ। ਬਾਪੂ ਨੇ ਮੈਨੂੰ ਤਾਂ ਘਰ ਭਜਾ ਦਿੱਤਾ ਤੇ ਆਪ ਪਿੰਡ ਵਾਲਿਆਂ ਨਾਲ ਰਲ ਕੇ ਨਾਅਰੇ ਲਾਉਣ ਵਾਲਿਆਂ ਨੂੰ ਵਰਜਣ ਤੁਰ ਗਿਆ। ਬਾਹਰੋਂ ਆਏ ਲੁਟੇਰੇ ਬਰਛੇ-ਬਰਛੀਆਂ, ਤਲਵਾਰਾਂ ਤੇ ਗੰਡਾਸਿਆਂ ਨਾਲ ਹੀ ਨਹੀਂ ਸਗੋਂ ਬੰਦੂਕਾਂ ਨਾਲ ਲੈਸ ਸਨ। ਉਨ੍ਹਾਂ ਨਾਲ ਮੁਕਾਬਲਾ ਕਰਨਾ ਆਪਣੇ ਆਪ ਨੂੰ ਮੌਤ ਦੇ ਮੂੰਹ ਝੋਕਣਾ ਸੀ।

ਪਿੰਡ ਵਾਲਿਆਂ ਦੇ ਸਾਹਮਣੇ ਉਨ੍ਹਾਂ ਦੇ ਧਰਮ ਭਰਾ ਬਣੇ ਅਰਾਈਆਂ ਦੀ ਵੱਢ-ਟੁੱਕ ਸ਼ੁਰੂ ਹੋ ਗਈ। ਪੀਲੇ ਪਟਕੇ ਵਾਲਿਆਂ ਦੀਆਂ ਲੱਤਾਂ-ਬਾਹਾਂ ਤੇ ਧੌਣਾਂ ਕੱਟੀਆਂ ਗਈਆਂ। ਉਨ੍ਹਾਂ ਦੀਆਂ ਨੂੰਹਾਂ ਧੀਆਂ ਨੂੰ ਉਨ੍ਹਾਂ ਦੇ ਹੀ ਗੱਡਿਆਂ 'ਤੇ ਬਿਠਾ ਕੇ ਆਪਣੇ ਨਾਲ ਲੈ ਤੁਰੇ। ਕਤਲਾਂ ਦੀ ਗਿਣਤੀ ਦੋ ਦਰਜਨ ਸੀ ਤੇ ਚੁੱਕੀਆਂ ਗਈਆਂ ਨੂੰਹਾਂ-ਧੀਆਂ ਦੀ ਅੱਧੀ ਦਰਜਨ ਤੋਂ ਵੱਧ। ਮਰਨ ਵਾਲੇ ਸਾਡੇ ਹੋ ਚੁੱਕੇ ਸਨ, ਅਸੀਂ ਉਨ੍ਹਾਂ ਨੂੰ ਬਚਾਅ ਨਹੀਂ ਸਾਂ ਸਕੇ। ਮੇਰੇ ਪਿੰਡ ਵਾਸੀਆਂ ਦੀ ਚਾਰ-ਛੇ ਦਿਨ ਪਹਿਲਾਂ ਵਾਲੀ ਖ਼ੁਸ਼ੀ ਡੂੰਘੇ ਖੂਹ ਵਿੱਚ ਜਾ ਡੁੱਬੀ।

ਲੁਟੇਰੇ ਜਾਣ ਵੇਲੇ ਉਨ੍ਹਾਂ ਦੇ ਗਹਿਣੇ-ਗੱਟੇ ਤੇ ਹੋਰ ਕੀਮਤੀ ਸਾਮਾਨ ਵੀ ਗੱਡਿਆਂ 'ਤੇ ਲੱਦ ਕੇ ਲੈ ਗਏ। ਪਿੰਡ ਵਾਲਿਆਂ ਨੇ ਮ੍ਰਿਤਕਾਂ ਦੀਆਂ ਦੇਹਾਂ ਮਸੀਤ ਦੇ ਪਿੱਛੇ ਵਾਲੀ ਖਾਲੀ ਥਾਂ ਵਿੱਚ ਅਗਨ ਭੇਟ ਕਰਨ ਦਾ ਫ਼ੈਸਲਾ ਕੀਤਾ ਤੇ ਉਨ੍ਹਾਂ ਦੇ ਘਰਾਂ ਦੇ ਬਾਲੇ ਸ਼ਤੀਰੀਆਂ ਨਾਲ ਉਨ੍ਹਾਂ ਦਾ ਸਮੂਹਿਕ ਸਸਕਾਰ ਕੀਤਾ। ਸਿੱਖ ਮਰਯਾਦਾ ਨਾਲ ਅਰਦਾਸਾ ਸੋਧ ਕੇ। ਉਹ ਸਾਰੇ ਅੰਮ੍ਰਿਤਧਾਰੀ ਸਿੱਖ ਜੋ ਹੋ ਚੁੱਕੇ ਸਨ। ਉਸ ਰਾਤ ਸਾਰਾ ਪਿੰਡ ਜਾਗਦਾ ਰਿਹਾ। ਮੁਸਲਮਾਨਾਂ ਤਾਂ ਜਾਗਣਾ ਹੀ ਸੀ। ਬਾਕੀ ਸਾਰੇ ਵੀ ਜਿਨ੍ਹਾਂ ਦੇ ਸਿਰ ਸੁਆਹ ਪੈ ਚੁੱਕੀ ਸੀ। ਮੇਰੇ ਪਿੰਡ ਵਾਸੀ ਇਸ ਨੂੰ ਮੁਸਲਮਾਨਾਂ ਨਾਲੋਂ ਆਪਣੀ ਹੱਤਕ ਵਧੇਰੇ ਮੰਨਦੇ ਸਨ। ਪਿੰਡ ਵਾਲਿਆਂ ਨੇ ਸਾਰੇ ਜ਼ਖ਼ਮੀਆਂ ਦੀ ਬਣਦੀ ਸਰਦੀ ਮੱਲ੍ਹਮ ਪੱਟੀ ਕੀਤੀ। ਹਲਦੀ ਲਗਾਈ। ਖਾਣ-ਪੀਣ ਲਈ ਦਿੱਤਾ। ਜਿਨ੍ਹਾਂ ਨੂੰ ਆਪਣੇ ਘਰ ਰਹਿਣਾ ਔਖਾ ਲੱਗ ਰਿਹਾ ਸੀ, ਉਨ੍ਹਾਂ ਨੂੰ ਲੋੜੀਂਦੀ ਪਨਾਹ ਦਿੱਤੀ।

ਜਿਸ ਜ਼ਖ਼ਮੀ ਵਿਅਕਤੀ ਨੂੰ ਸਾਡੀ ਹਵੇਲੀ ਰੱਖਿਆ ਗਿਆ ਸੀ ਉਸ ਦੀ ਸੰਘੀ ਵਿੱਚ ਬਰਛਾ ਖੁੱਭਿਆ ਸੀ। ਕੀ ਪਾਣੀ ਕੀ ਠੰਢਾ ਦੁੱਧ ਜਾਂ ਚਾਹ, ਜ਼ਖ਼ਮ ਵਾਲੀ ਥਾਂ ਤੋਂ ਬਾਹਰ ਨਿਕਲ ਜਾਂਦੀ ਸੀ। ਪੇਟ ਤਕ ਨਹੀਂ ਸੀ ਜਾਂਦੀ। ਉਸ ਦੀ ਉਹ ਹਾਲਤ ਮੈਨੂੰ ਅੱਜ ਵੀ ਚੇਤੇ ਹੈ।

ਮੇਰੇ ਪਿੰਡ ਵਾਲੇ ਜਿਉਂਦੇ ਅਰਾਈਆਂ ਨੂੰ ਅਗਲੇ ਦਿਨ ਬਹਿਰਾਮ ਦੇ ਕੈਂਪ ਵਿੱਚ ਛੱਡ ਆਏ। ਉੱਥੋਂ ਉਨ੍ਹਾਂ ਨੂੰ ਮਿਲਟਰੀ ਵਾਲਿਆਂ ਨੇ ਟਰੱਕਾਂ ਵਿੱਚ ਲੱਦ ਕੇ ਪਾਕਿਸਤਾਨ ਦੀ ਸਰਹੱਦ ਤਕ ਛੱਡ ਆਉਣਾ ਸੀ। ਉਨ੍ਹਾਂ ਨੇ ਨਵੇਂ ਬਣੇ ਪਾਕਿਸਤਾਨ ਦੇ ਕਿਹੜੇ ਪਿੰਡ ਜਾਂ ਕਸਬੇ ਵਿੱਚ ਰਹਿਣਾ ਸੀ ਉਹ ਵੀ ਨਹੀਂ ਸਨ ਜਾਣਦੇ ਤੇ ਅਸੀਂ ਵੀ ਨਹੀਂ। ਸਾਨੂੰ ਦੱਸਿਆ ਗਿਆ ਕਿ ਸੰਘੀ ਵਿੱਚ ਬਰਛੇ ਦੇ ਜ਼ਖ਼ਮ ਵਾਲਾ ਵਿਅਕਤੀ ਉੱਥੇ ਪਹੁੰਚਣ ਤਕ ਕੁਝ ਨਾ ਕੁਝ ਖਾਣ ਲੱਗ ਗਿਆ ਸੀ। ਉਸ ਉਦਾਸੀ ਦੇ ਮਾਹੌਲ ਵਿੱਚ ਵੀ ਮੇਰੇ ਵਰਗੇ ਨੌਜਵਾਨ, ਅਰਾਈਆਂ ਦੇ ਖਾਲੀ ਘਰਾਂ ਵਿੱਚ ਗਏ। ਮੈਨੂੰ ਚੇਤੇ ਹੈ ਕਿ ਇੱਕ ਘਰ ਵਿੱਚ ਮੈਨੂੰ ਸੇਵੀਆਂ ਦੀ ਭਰੀ ਹੋਈ ਗਾਗਰ ਮਿਲੀ। ਇਹ ਸੇਵੀਆਂ ਹਰੇ, ਪੀਲੇ ਤੇ ਲਾਲ ਰੰਗ ਪਾ ਕੇ ਰੰਗਦਾਰ ਵੱਟੀਆਂ ਗਈਆਂ ਸਨ। ਮੇਰੀ ਮਾਂ ਨੇ ਮੇਰੀ ਜ਼ਿੱਦ ਉੱਤੇ ਮੇਰੀ ਦਾਦੀ ਤੋਂ ਚੋਰੀ ਉਹ ਰੰਗਦਾਰ ਸੇਵੀਆਂ ਮੈਨੂੰ ਖੁਆਈਆਂ। ਬੜੀਆਂ ਸੁਆਦ ਲੱਗੀਆਂ, ਪਰ ਖਾਣ ਸਮੇਂ ਅੱਖਾਂ ਵਿੱਚ ਹੰਝੂ ਵੀ ਆਏ।

ਤਿੰਨ ਕੁ ਮਹੀਨੇ ਪਿੱਛੋਂ ਸਾਡੇ ਪਿੰਡ ਦੇ ਗੋਂਦੇ ਭਰਾਈ ਦੀ ਉਧਾਲੀ ਨੂੰਹ ਤੇ ਧੀ ਉਧਾਲਣ

ਬਾਕੀ ਸਫ਼ਾ 33 'ਤੇ



ਦਰਵਾਜ਼ਾ ਅਮਰ ਕਥਾ ਪਿੰਡ ਸੂਨੀ

# ਵੰਡ ਦੀ ਭਿਆਨਕ ਤਰਾਸਦੀ ਦੀ ਕਿਸੇ ਨੇ ਵੀ ਜ਼ਿੰਮੇਵਾਰੀ ਨਹੀਂ ਕਬੂਲੀ : ਪ੍ਰੋ. ਕਿਰਪਾਲ ਸਿੰਘ

**ਚੰਡੀਗੜ੍ਹ/ਬਿਊਰੋ ਨਿਊਜ਼ :** ਸੰਤਾਲੀ ਦੀ ਵੰਡ ਦੇ ਪਹਿਲੇ ਗਵਾਹ ਪ੍ਰੋ. ਕਿਰਪਾਲ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਜਿੰਨੀਆਂ ਵੀ ਅਹਿਮ ਸ਼ਖ਼ਸੀਅਤਾਂ ਨਾਲ ਇੰਟਰਵਿਊ ਕੀਤਾ, ਕੋਈ ਵੀ ਇਸ ਭਿਆਨਕ ਮਨੁੱਖੀ ਤਰਾਸਦੀ ਲਈ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ ਸੀ। ਵੰਡ ਦੇ 70 ਵਰ੍ਹਿਆਂ ਬਾਅਦ ਵੀ ਇਸ 'ਤੇ ਪਰਦਾ ਹੀ ਪਿਆ ਹੈ। ਪ੍ਰੋ. ਕਿਰਪਾਲ ਸਿੰਘ ਨੇ ਸੰਨ 1954 ਵਿਚ ਆਰਕਾਈਵ ਬਣਾਉਣੀ ਸ਼ੁਰੂ ਕੀਤੀ ਸੀ। ਹੁਣ 93 ਵਰ੍ਹਿਆਂ ਨੂੰ ਢੁੱਕੇ ਪ੍ਰੋ. ਕਿਰਪਾਲ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਆਪਣੇ ਆਖ਼ਰੀ ਕੰਮ ਵਿਚ ਇਸ ਦੁਖਾਂਤ ਲਈ 'ਜ਼ਿੰਮੇਵਾਰੀ ਤੈਅ' ਕਰਨਾ ਮੁੱਖ ਮਕਸਦ ਸੀ। ਵੰਡ ਦੇ ਇਤਿਹਾਸਕ ਲੇਖਨ ਵਿਚ ਉਨ੍ਹਾਂ ਦਾ ਸਫ਼ਰ ਸੰਨ 1953 ਵਿਚ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਖੇ ਲੈਕਚਰਾਰ ਵਜੋਂ ਸ਼ੁਰੂ ਹੋਇਆ। ਉਹ ਪਿਛਲੀਆਂ ਯਾਦਾਂ ਵਿਚ ਗਵਾਚਦੇ ਹੋਏ ਦਸਦੇ ਹਨ-ਭਾਈ ਵੀਰ ਸਿੰਘ ਨੇ ਮੈਨੂੰ ਸੱਦਿਆ ਤੇ ਕਿਹਾ, 'ਸੰਤਾਲੀ ਵਿਚ ਜੋ ਕੁਝ ਹੋਇਆ, ਉਹ ਬਹੁਤ ਭਿਆਨਕ ਸੀ। ਅਜਿਹਾ ਨਾ ਪਹਿਲਾਂ ਕਦੇ ਹੋਇਆ ਤੇ ਨਾ ਕਦੇ ਵਾਪਰੇਗਾ। ਮੈਂ ਵੰਡ 'ਤੇ ਕੰਮ ਕਰਨਾ ਚਾਹੁੰਦਾ ਹਾਂ ਪਰ ਹੁਣ ਮੇਰੀ ਉਮਰ ਹੋ ਗਈ ਹੈ। ਤੂੰ ਵੰਡ ਦੇ ਇਤਿਹਾਸ ਬਾਰੇ ਲਿਖ।' ਭਾਈ ਵੀਰ ਸਿੰਘ ਦੇ ਇਹ ਸ਼ਬਦ ਪ੍ਰੋ. ਕਿਰਪਾਲ ਸਿੰਘ ਨੂੰ ਹਾਲੇ ਵੀ ਯਾਦ ਹਨ। ਪ੍ਰੋ. ਕਿਰਪਾਲ ਸਿੰਘ ਖ਼ੁਦ ਇਸ ਦੁਖਾਂਤ ਦਾ ਸ਼ਿਕਾਰ ਹੋਏ ਹਨ।

ਪ੍ਰੋ. ਕਿਰਪਾਲ ਸਿੰਘ ਦੇ ਸਹਾਇਕ ਨੇ ਪੀੜਤਾਂ ਦੀਆਂ ਕਹਾਣੀਆਂ ਇਕੱਤਰ ਕਰਨ ਲਈ ਰਫਿਊਜੀ ਕੈਂਪਾਂ ਵਿਚ ਜਾਣਾ ਸ਼ੁਰੂ ਕੀਤਾ ਤੇ ਖ਼ੁਦ ਪ੍ਰੋ. ਸਿੰਘ ਸ਼ਿਮਲਾ ਤੇ ਦਿੱਲੀ ਵਿਚ ਦਫ਼ਤਰਾਂ ਵਿਚ ਰਿਕਾਰਡ ਇਕੱਠਾ ਕਰਨ ਲਈ ਗੇੜੇ ਮਾਰਦੇ ਰਹੇ। ਇਹ ਸਿਲਸਿਲਾ ਦੋ ਸਾਲ ਚੱਲਿਆ। ਸੰਨ 1962 ਵਿਚ ਉਦੋਂ ਮੋੜ ਆਉਂਦਾ ਹੈ, ਜਦੋਂ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਉਨ੍ਹਾਂ ਨੂੰ ਪੰਜਾਬ ਨਾਲ ਸਬੰਧਤ ਕਾਗਜ਼ਾਤ ਇਕੱਤਰ ਕਰਨ ਲਈ ਲੰਡਨ ਭੇਜਦੇ ਹਨ। ਛੇ ਮਹੀਨੇ ਤੋਂ ਵੱਧ ਸਮੇਂ ਦੌਰਾਨ ਪ੍ਰੋ. ਸਾਹਿਬ ਨੂੰ ਵੰਡ ਨਾਲ ਜੁੜੀਆਂ ਉੱਘੀਆਂ ਹਸਤੀਆਂ ਨਾਲ ਮੁਲਾਕਾਤ ਕਰਨ ਦਾ ਮੌਕਾ ਮਿਲਦਾ ਹੈ। ਪੰਜਾਬ ਬਾਊਂਡਰੀ ਕਮਿਸ਼ਨ ਚੇਅਰਮੈਨ ਸਿਰਿਲ ਜੌਹਨ ਰੈੱਡਕਲਿਫ਼ ਤੋਂ ਲੈ ਕੇ ਪੱਛਮੀ ਪੰਜਾਬ ਦੇ ਗਵਰਨਰ ਸਰ ਫਰੈਨਿਕਸ ਮੂਡੀ, ਪ੍ਰਧਾਨ ਮੰਤਰੀ ਕਲੀਮੈਂਟ ਐਟਲੀ ਤੋਂ ਮਾਊਂਟਬੈਂਟਨ ਦੇ ਚੀਫ਼ ਆਫ਼ ਸਟਾਫ ਹੇਸਟਿੰਗਸ ਇਸਮੇ ਨਾਲ ਮੁਲਾਕਾਤਾਂ ਹੁੰਦੀਆਂ ਹਨ।



ਪ੍ਰੋ. ਸਿੰਘ ਆਪਣੇ ਪ੍ਰੋਜੈਕਟ 'ਸਿਲੈਕਟ ਡਾਕੂਮੈਂਟਸ ਆਨ ਪਾਰਟੀਸ਼ਨ ਆਫ਼ ਪੰਜਾਬ' ਲਈ ਕਾਗ਼ਜ਼ਾਤ ਜੁਟਾਉਂਦਿਆਂ ਵੰਡ ਦੇ ਫ਼ੈਸਲੇ ਲੈਣ ਵਾਲੀ ਲਗਭਗ ਹਰੇਕ ਸ਼ਖ਼ਸੀਅਤ ਨੂੰ ਮਿਲਦੇ ਹਨ। ਉਹ ਕਹਿੰਦੇ ਹਨ, 'ਹਰੇਕ ਇੰਟਰਵਿਊ ਤੋਂ ਬਾਅਦ ਉਨ੍ਹਾਂ ਨੇ ਉਸ ਨੂੰ ਮੁਕੰਮਲ ਰੂਪ ਵਿਚ ਲਿਖਿਆ। ਇਹ ਦਸਤਾਵੇਜ਼ ਅੱਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਲਾਇਬਰੇਰੀ ਦਾ ਹਿੱਸਾ ਹਨ। ਪ੍ਰੋ. ਸਿੰਘ ਨੇ ਦੱਸਿਆ, 'ਉਸ ਵੇਲੇ ਪੱਛਮੀ ਪੰਜਾਬ ਦੇ ਗਵਰਨਰ ਫਰੈਨਿਕਸ ਮੂਡੀ ਨੇ ਹਰੇਕ ਸਵਾਲ ਦਾ ਜਵਾਬ ਦਿੱਤਾ ਅਤੇ ਮਾਊਂਟਬੈਟਨ ਨਾਲ ਹੋਈ ਉਨ੍ਹਾਂ ਦੀ ਚਿੱਠੀ ਪੱਤਰੀ ਵੀ ਵਿਖਾਈ, ਖ਼ਾਸ ਤੌਰ 'ਤੇ ਉਹ ਖ਼ਤ, ਜੋ 25 ਜੁਲਾਈ 1962 ਨੂੰ ਲਿਖਿਆ ਗਿਆ ਸੀ, ਜਿਸ ਵਿਚ ਆਖ਼ਰੀ ਵਾਇਸਰਾਏ ਨੇ ਦਾਅਵਾ ਕੀਤਾ ਸੀ ਕਿ ਉਸ ਨੂੰ ਬਦਨਾਮ ਕਰਨ ਲਈ ਮ੍ਰਿਤਕਾਂ ਦੀ ਸੰਖਿਆ ਵਧਾ-ਚੜ੍ਹਾ ਕੇ ਦੱਸੀ ਜਾ ਰਹੀ ਹੈ। ਪੰਜਾਬ ਦੇ ਲੋਕਾਂ ਦੀ ਹਿਜਰਤ 'ਤੇ ਮੂਡੀ ਨੇ ਉਨ੍ਹਾਂ ਨੂੰ ਦੱਸਿਆ ਕਿ ਕਿਵੇਂ ਅਕਾਲੀ ਲੀਡਰ ਗਿਆਨੀ ਕਰਤਾਰ ਸਿੰਘ ਉਸ ਨੂੰ ਲਾਇਲਪੁਰ ਵਿਚ ਮਿਲੇ ਤੇ ਕਿਹਾ ਕਿ ਉਨ੍ਹਾਂ (ਸਿੱਖਾਂ) ਨੇ ਪਾਕਿਸਤਾਨ ਛੱਡਣ ਦਾ ਫ਼ੈਸਲਾ ਕੀਤਾ ਹੈ।

ਉਸ ਵੇਲੇ ਦੇ ਭਾਰਤ ਦੇ ਚੀਫ਼ ਜਸਟਿਸ ਪੈਟਰਿਕ ਸਪੈਨਸ ਨੇ ਇਕ ਇੰਟਰਵਿਊ ਵਿਚ ਮੰਨਿਆ ਕਿ 'ਵੰਡ ਬਾਰੇ ਉਸ ਨੇ (ਰੈੱਡਕਲਿਫ਼) ਕਾਹਲੀ ਨਾਲ ਫ਼ੈਸਲਾ ਲਿਆ ਸੀ, ਜੋ ਲੋਕਾਂ ਦੀ ਭਾਸ਼ਾ ਨਹੀਂ ਸੀ ਜਾਣਦਾ।' ਨਾ ਤਾਂ ਉਸ ਨੂੰ ਭੂਗੋਲਿਕ ਸਥਿਤੀ ਦੀ ਸਮਝ ਸੀ ਤੇ ਨਾ ਹੀ ਲੋਕਾਂ ਬਾਰੇ ਉਹ ਜਾਣਦਾ ਸੀ। ਸਪੈਨਸ ਨੇ ਉਸ ਨੂੰ ਦੱਸਿਆ, 'ਪੂਰੀ ਬਰਤਾਨਵੀ ਹਕੂਮਤ ਵਿਚ ਕਿਤੇ ਵੀ ਸਰਹੱਦਾਂ ਇਸ ਤਰ੍ਹਾਂ ਨਹੀਂ ਵੰਡੀਆਂ ਗਈਆਂ।'

ਉਸ ਨਾਲ ਮੁਲਾਕਾਤ ਤੋਂ ਛੇ ਦਹਾਕਿਆਂ ਤੋਂ ਵੱਧ ਸਮੇਂ ਬਾਅਦ ਪ੍ਰੋ. ਸਿੰਘ ਨੂੰ ਅਫ਼ਸੋਸ ਹੈ ਕਿ 'ਵੰਡ ਦੀ ਉਸ ਭਿਆਨਕ ਤਰਾਸਦੀ' ਬਾਰੇ ਕੋਈ ਵੀ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ ਸੀ ਤੇ ਇਕ-ਦੂਜੇ 'ਤੇ ਦੋਸ਼ ਮੜ੍ਹਦੇ ਰਹੇ।

ਉਨ੍ਹਾਂ ਕਿਹਾ, 'ਵੰਡ ਦੇ ਸੁਝਾਅ ਪਿੱਛੇ ਬਾਕਾਇਦਾ ਡਿਜ਼ਾਈਨ ਸੀ। ਤੁਸੀਂ ਉਨ੍ਹਾਂ ਨੂੰ ਦਸਤਾਵੇਜ਼ਾਂ ਵਿਚ ਨਹੀਂ ਲੱਭ ਸਕਦੇ ਪਰ ਮੈਂ ਇਨ੍ਹਾਂ ਮੁਲਾਕਾਤਾਂ ਦੌਰਾਨ ਜਾਣ ਗਿਆ ਸੀ।' ਉਨ੍ਹਾਂ ਕਿਹਾ, 'ਮੈਂ ਹੁਣ ਇਨ੍ਹਾਂ ਸਾਰੀਆਂ ਇੰਟਰਵਿਊ ਦਾ ਅਧਿਐਨ ਕੀਤਾ ਹੈ ਤੇ ਜਲਦੀ ਹੀ ਇਸ ਨੂੰ ਕਿਤਾਬੀ ਰੂਪ ਦੇਣ ਜਾ ਰਿਹਾ ਹਾਂ।' ਉਨ੍ਹਾਂ ਕਿਹਾ ਕਿ ਇਸ ਕਿਤਾਬ ਦਾ ਸਿਰਲੇਖ 'ਹੂ ਇਜ਼ ਰਿਸਪੌਂਸੀਬਲ ਫਾਰ ਪੰਜਾਬ ਟਰੈਜਡੀ' ਹੋਵੇਗਾ, ਜੋ ਵੰਡ ਦੇ ਅਣਸੁਲਝੇ ਸਵਾਲਾਂ ਦਾ ਜਵਾਬ ਦਏਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਸ ਕਿਤਾਬ ਵਿਚ ਕਿਸੇ ਨੂੰ ਵੀ ਬਰੀ ਨਹੀਂ ਕੀਤਾ। ਉਨ੍ਹਾਂ ਕਿਹਾ, "ਉਮੀਦ ਦੀਆਂ ਕਹਾਣੀਆਂ ਹਾਲੇ ਦੱਸੀਆਂ ਜਾਣੀਆਂ ਬਾਕੀ ਹਨ। ਲੋਕਾਂ ਨੇ ਕੁੜੀਆਂ ਨੂੰ ਬਚਾਇਆ, ਦਹੇਜ ਇਕੱਠਾ ਕੀਤਾ, ਉਨ੍ਹਾਂ ਦੇ ਵਿਆਹ ਰਚਾਏ, ਉਨ੍ਹਾਂ ਨੂੰ ਕਈ ਵਰ੍ਹਿਆਂ ਤੱਕ ਘਰਾਂ ਵਿਚ ਪਨਾਹ ਦਿੱਤੀ ਤੇ ਬਾਅਦ ਵਿਚ ਉਨ੍ਹਾਂ ਦੇ ਪਰਿਵਾਰਾਂ ਨਾਲ ਮਿਲਵਾਇਆ। ਦੋਹਾਂ ਪਾਸਿਆਂ ਦੀਆਂ ਬਹੁਤ ਅਜਿਹੀਆਂ ਕਹਾਣੀਆਂ ਹਨ। ਦੂਜੇ ਹਿੱਸੇ 'ਸਿਲਵਰ ਲਾਈਨਜ਼ ਇਨ ਡਾਰਕ ਕਲਾਊਡਸ' ਵਿਚ ਇਨ੍ਹਾਂ ਕਹਾਣੀਆਂ ਨੂੰ ਪਰੋਇਆ ਗਿਆ ਹੈ।"

# ਮਾਂ ਬੋਲੀ ਦੇ ਹੱਕ 'ਚ ਮੰਗ ਪੱਤਰ ਦੇਣ ਗਏ ਪੰਜਾਬੀ ਪ੍ਰੇਮੀਆਂ ਨੂੰ ਪਏ ਧੱਕੇ

**ਜਲੰਧਰ/ਬਿਊਰੋ ਨਿਊਜ਼ :**

ਕੇਂਦਰੀ ਪ੍ਰਸ਼ਾਸਤ ਚੰਡੀਗੜ੍ਹ ਰਾਜ ਵਿਚ ਪੰਜਾਬੀ ਲਾਗੂ ਕਰਵਾਉਣ ਲਈ ਮੰਗ ਪੱਤਰ ਦੇਣ ਜਾ ਰਹੇ ਪੰਜਾਬੀ ਪ੍ਰੇਮੀਆਂ ਨੂੰ ਇਥੋਂ ਦੇ ਡੀ.ਸੀ. ਦਫਤਰ ਅੰਦਰ ਵੜਨ ਨਹੀਂ ਦਿੱਤਾ ਤੇ ਉਨ੍ਹਾਂ ਨੂੰ ਧੱਕੇ ਮਾਰੇ ਗਏ। ਚੰਡੀਗੜ੍ਹ ਵਿਚ ਅੰਗਰੇਜ਼ੀ ਲਾਗੂ ਕੀਤੇ ਜਾਣ ਵਿਰੁੱਧ ਦੇਸ਼ ਦੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਨਾਂ 'ਤੇ ਲਿਖਿਆ ਮੰਗ ਪੱਤਰ ਦੇਣ ਲਈ ਜਦੋਂ ਪੰਜਾਬੀ ਨਾਲ ਪਿਆਰ ਕਰਨ ਵਾਲੇ ਵੱਖ-ਵੱਖ ਰਾਜਨੀਤਕ ਜਥੇਬੰਦੀਆਂ ਦੇ ਆਗੂ ਡੀ.ਸੀ. ਦਫਤਰ ਅੰਦਰ ਦਾਖਲ ਹੋਣ ਲੱਗੇ ਤਾਂ ਪੁਲੀਸ ਨੇ ਉਨ੍ਹਾਂ ਨੂੰ ਅੰਦਰ ਨਹੀਂ ਵੜਨ ਦਿੱਤਾ ਤੇ ਉਥੇ ਹੀ ਉਨ੍ਹਾਂ ਹੀ ਖਿੱਚ-ਧੂਹ ਕੀਤੀ। ਹਾਲਾਂਕਿ ਡੀ.ਸੀ. ਦਫਤਰ ਵਿਚ ਲੱਗਾ ਕੈਂਚੀ ਗੇਟ ਆਮ ਤੌਰ 'ਤੇ ਖੁੱਲ੍ਹਾ ਰਹਿੰਦਾ ਹੈ ਤੇ ਜਦੋਂ ਪੰਜਾਬੀ ਪ੍ਰੇਮੀ ਆਪਣੇ ਮਾਂ ਬੋਲੀ ਦੇ ਹੱਕ ਲਈ ਮੰਗ ਪੱਤਰ ਦੇਣ ਲਈ ਅੰਦਰ ਜਾਣ ਲੱਗੇ ਤਾਂ ਪੁਲੀਸ ਵਾਲਿਆਂ ਨੇ ਉਨ੍ਹਾਂ ਨੂੰ ਰੋਕਣਾ ਸ਼ੁਰੂ ਕਰ ਦਿੱਤਾ ਤੇ ਗੇਟ ਨੂੰ ਲਗਾਉਣ ਦਾ ਯਤਨ ਕੀਤਾ ਤੇ ਮੰਗ ਪੱਤਰ ਦੇਣ ਵਾਲਿਆਂ ਨੂੰ ਧੱਕੇ ਮਾਰਨੇ ਸ਼ੁਰੂ ਕਰ ਦਿੱਤੇ। ਆਪਣੇ ਹੀ ਦਫਤਰਾਂ ਵਿਚ ਧੱਕੇ ਪੈਣ ਤੋਂ ਖਫ਼ਾ ਹੋਏ ਕਾਰਕੁਨਾਂ ਨੇ ਉਥੇ ਹੀ ਧਰਨਾ ਲਾ ਦਿੱਤਾ। ਇਸ ਮੌਕੇ ਪੰਜਾਬੀ ਜਾਗ੍ਰਿਤੀ ਮੰਚ ਦੇ ਜਨਰਲ ਸਕੱਤਰ ਦੀਪਕ ਬਾਲੀ ਨੇ ਦੱਸਿਆ ਕਿ ਪੰਜਾਬੀ ਪ੍ਰੇਮੀ ਡੀ.ਸੀ. ਨੂੰ ਮੰਗ ਪੱਤਰ ਦੇਣ ਲਈ ਇਕੱਠੇ ਹੋਏ ਸਨ। ਵਿਚਾਰ ਚਰਚਾ ਕਰਨ ਤੋਂ ਬਾਅਦ ਜਦੋਂ ਮੰਗ ਪੱਤਰ ਦੇਣ ਜਾਣ ਲਈ ਦਫਤਰ ਵੱਲ ਵਧੇ ਤਾਂ ਗੇਟ 'ਤੇ ਖੜ੍ਹੇ ਪੁਲੀਸ ਵਾਲਿਆਂ ਨੇ ਕੈਂਚੀ ਗੇਟ ਨੂੰ ਬੰਦ ਕਰਨਾ ਸ਼ੁਰੂ ਕਰ ਦਿੱਤਾ ਤੇ ਪੰਜਾਬੀ ਪ੍ਰੇਮੀਆਂ ਨੂੰ ਧੱਕੇ ਮਾਰਨੇ ਸ਼ੁਰੂ ਕਰ ਦਿੱਤੇ। ਇਸ ਇਕੱਠ ਵਿਚ ਪੰਜਾਬੀ ਜਾਗ੍ਰਿਤੀ ਮੰਚ, ਸਿੱਖ ਤਾਲਮੇਲ ਕਮੇਟੀ, ਭਾਜਪਾ, ਆਮ ਆਦਮੀ ਪਾਰਟੀ ਅਤੇ ਵਿਦਿਅਕ ਅਦਾਰਿਆਂ ਦੇ ਪ੍ਰੋਫੈਸਰ, ਪੰਜਾਬੀ ਗਾਇਕ ਤੇ ਹੋਰ ਲੋਕ ਇਕੱਠੇ ਹੋਏ ਸਨ। ਇਸ ਇਕੱਠ ਵਿਚ ਸੀਨੀਅਰ ਪੱਤਰਕਾਰ ਸਤਨਾਮ ਮਾਣਕ, ਗੁਰਦੁਆਰਾ ਨੌਵੀਂ ਪਾਤਸ਼ਾਹੀ ਦੇ ਪ੍ਰਧਾਨ ਜਗਜੀਤ ਸਿੰਘ ਗਾਬਾ, ਭਾਜਪਾ ਦੇ ਬੁਲਾਰੇ ਰਕੇਸ਼ ਸ਼ਾਂਤੀਦੂਤ, ਅਮਰਜੀਤ ਸਿੰਘ ਅਮਰੀ, ਆਮ ਆਦਮੀ ਪਾਰਟੀ ਦੇ ਆਤਮ ਪ੍ਰਕਾਸ਼ ਸਿੰਘ ਬਬਲੂ, ਪ੍ਰੋਫੈਸਰ ਸਰਿਤਾ ਤਿਵਾੜੀ, ਪ੍ਰੋਫੈਸਰ ਕੁਲਬੀਰ ਸਿੰਘ, ਪੰਜਾਬੀ ਗਾਇਕ ਦਲਵਿੰਦਰ ਦਿਆਲਪੁਰੀ, ਗੁਰਮੀਤ ਸਿੰਘ ਵੀ ਹਾਜ਼ਰ ਸਨ। ਇਨ੍ਹਾਂ ਸਾਰਿਆਂ ਨੇ ਇਸ ਗੱਲ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਕਿ ਪੁਲੀਸ ਨੇ ਜੋ ਵਤੀਰਾ ਸ਼ਹਿਰ ਦੇ ਸਤਿਕਾਰਤ ਲੋਕਾਂ ਨਾਲ ਕੀਤਾ ਹੈ ਉਹ ਬਹੁਤ ਹੀ ਨਿੰਦਣਯੋਗ ਹੈ ਕਿਉਂਕਿ ਇਹ ਕਿਸੇ ਵੀ ਰਾਜਨੀਤਕ ਪਾਰਟੀ ਜਾਂ ਕਿਸੇ ਖਾਸ ਜਥੇਬੰਦੀ ਦਾ ਰੋਸ ਮਾਰਚ ਨਹੀਂ ਸੀ ਸਗੋਂ ਇਹ ਸਮੁੱਚੇ ਪੰਜਾਬ ਦੀ ਪ੍ਰਤੀਨਿਧਤਾ ਕਰ ਰਹੇ ਸਨ। ਪੰਜਾਬੀ ਪ੍ਰੇਮੀਆਂ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਨਾਂ ਲਿਖਿਆ ਮੰਗ ਪੱਤਰ ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੂੰ ਦਿੱਤਾ ਤੇ ਇਹ ਮੰਗ ਕੀਤੀ ਕਿ ਚੰਡੀਗੜ੍ਹ ਵਿਚ ਅੰਗਰੇਜ਼ੀ ਦੀ ਥਾਂ ਪੰਜਾਬੀ ਨੂੰ ਲਾਗੂ ਕੀਤਾ ਜਾਵੇ।



**ਡੀ.ਸੀ. ਨੂੰ ਮੰਗ ਪੱਤਰ ਦਿੰਦੇ ਹੋਏ ਵੱਖ-ਵੱਖ ਜਥੇਬੰਦੀਆਂ ਦੇ ਆਗੂ।**

## ਆਧਾਰ ਕਾਰਡ 'ਤੇ ਪੰਜਾਬੀ ਵਿਚ ਵੇਰਵਾ ਲਿਖਣਾ ਬੰਦ

### *ਭਾਜਪਾ ਸਰਕਾਰ ਵਲੋਂ ਹਿੰਦੀ ਦੀ ਵਰਤੋਂ ਸ਼ੁਰੂ ਕਰਨੀ ਪੰਜਾਬੀ ਨਾਲ ਧੱਕਾ*

**ਜਲੰਧਰ/ਸਿੱਖ ਸਿਆਸਤ ਬਿਊਰੋ:**

ਭਾਰਤ ਦੀ ਨਰਿੰਦਰ ਨੋਦੀ ਦੀ ਅਗਵਾਈ ਹੇਠਲੀ ਭਾਜਪਾ ਸਰਕਾਰ ਵੱਲੋਂ ਹਰ ਵਿਅਕਤੀ ਲਈ ਪਛਾਣ ਸਥਾਪਤ ਕਰਨ ਵਾਸਤੇ ਜਾਰੀ ਹੋਣ ਵਾਲੇ ਆਧਾਰ ਕਾਰਡ ਉੱਪਰ ਹੁਣ ਪੰਜਾਬੀ ਭਾਸ਼ਾ ਵਿਚ ਵੀ ਵੇਰਵਾ ਲਿਖੇ ਜਾਣਾ ਬੰਦ ਕਰਕੇ ਹਿੰਦੀ ਵਿਚ ਲਿਖਣਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਬਣਦੇ ਆ ਰਹੇ ਆਧਾਰ ਕਾਰਡਾਂ ਉੱਪਰ ਪੰਜਾਬੀ ਅਤੇ ਅੰਗਰੇਜ਼ੀ ਵਿਚ ਵਿਅਕਤੀ ਦਾ ਵੇਰਵਾ ਤੇ ਹੋਰ ਜਾਣਕਾਰੀ ਲਿਖੀ ਹੁੰਦੀ ਸੀ। ਪਰ ਹੁਣ ਅਛੋਪਲੇ ਜਿਹੇ ਪੰਜਾਬੀ ਬੰਦ ਕਰਕੇ ਹਿੰਦੀ ਲਿਖਣੀ ਸ਼ੁਰੂ ਕਰ ਦਿੱਤੀ ਹੈ। ਗੁਰੂ ਗੋਬਿੰਦ ਸਿੰਘ ਨਗਰ ਦੇ ਵਸਨੀਕ ਸਿਮਰਜੀਤ ਸਿੰਘ ਦੇ ਪਹਿਲਾਂ ਬਣੇ ਕਾਰਡ ਉੱਪਰ ਵੇਰਵਾ ਪੰਜਾਬੀ ਤੇ ਅੰਗਰੇਜ਼ੀ ਵਿਚ ਦਰਜ ਸੀ।

ਹੁਣ ਉਸ ਨੇ ਕੁਝ ਸੋਧ ਕਰਵਾਈ ਹੈ ਤੇ ਨਵੇਂ ਮਿਲੇ ਕਾਰਡ ਉੱਪਰ ਪੰਜਾਬੀ ਕੱਟ ਕੇ ਅੰਗਰੇਜ਼ੀ ਦੇ ਨਾਲ ਹਿੰਦੀ ਲਿਖੀ ਗਈ ਹੈ। ਸਿੱਖ ਤਾਲਮੇਲ ਕਮੇਟੀ ਦੇ ਪ੍ਰਧਾਨ ਤੇਜਿੰਦਰ ਸਿੰਘ ਪ੍ਰਦੇਸੀ, ਹਰਪਾਲ ਸਿੰਘ ਚੱਢਾ ਅਤੇ ਗੁਰਮੀਤ ਸਿੰਘ ਬਿੱਟੂ ਨੇ ਪੰਜਾਬੀ ਭਾਸ਼ਾ ਕੱਟ ਕੇ ਹਿੰਦੀ ਲਿਖਣ ਦੇ ਫ਼ੈਸਲੇ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਪ੍ਰਸ਼ਾਸਨ ਨੂੰ ਸੁਆਲ ਕੀਤਾ ਹੈ ਕਿ ਉਹ ਦੱਸਣ ਕਿ ਪੰਜਾਬ ਹਿੰਦੀ ਭਾਸ਼ੀ ਸੂਬਾ ਕਦੋਂ ਬਣ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਆਧਾਰ ਕਾਰਡਾਂ ਉੱਪਰ ਪੰਜਾਬੀ 'ਚ ਵੇਰਵਾ ਲਿਖਿਆ ਜਾਣਾ ਸ਼ੁਰੂ ਕੀਤਾ ਜਾਵੇ।

# ਚੰਡੀਗੜ੍ਹ ਵਿੱਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਬਣਾਉਣ ਲਈ ਵਿੱਢੇ ਸੰਘਰਸ਼ ਵਿਚ ਬੱਚੇ ਵੀ ਹੋਏ ਸ਼ਾਮਲ

**ਚੰਡੀਗੜ੍ਹ/ਬਿਊਰੋ ਨਿਊਜ਼ :** ਚੰਡੀਗੜ੍ਹ ਪੰਜਾਬੀ ਮੰਚ ਵੱਲੋਂ ਯੂਟੀ ਪ੍ਰਸ਼ਾਸਨ ਦੀ ਸਰਕਾਰੀ ਭਾਸ਼ਾ ਅੰਗਰੇਜ਼ੀ ਦੀ ਥਾਂ ਪੰਜਾਬੀ ਨਿਰਧਾਰਿਤ ਕਰਵਾਉਣ ਲਈ ਵਿੱਢੇ ਸੰਘਰਸ਼ ਵਿਚ ਸਕੂਲੀ ਬੱਚੇ ਵੀ ਸ਼ਾਮਲ ਹੋ ਗਏ ਹਨ। ਮੰਚ ਦੇ ਸੱਦੇ 'ਤੇ ਪੇਂਡੂ ਸੰਘਰਸ਼ ਕਮੇਟੀ ਵਲੋਂ ਪਿੰਡ ਧਨਾਸ ਦੇ ਗੁਰਦੁਆਰੇ ਵਿੱਚ ਇਕੱਠ ਦੇ ਪਹਿਲੇ ਪੜਾਅ ਦੌਰਾਨ ਪੰਜਾਬੀ ਹਿਤੈਸ਼ੀਆਂ ਵਲੋਂ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ.ਪੀ. ਸਿੰਘ ਬਦਨੌਰ ਨੂੰ ਸਮੂਹਕ ਚਿੱਠੀਆਂ ਲਿਖਣ ਦੀ ਮੁਹਿੰਮ ਚਲਾਈ ਗਈ।

ਇਸ ਦੌਰਾਨ 11 ਸਾਲ ਦਾ ਪੰਜਵੀਂ ਜਮਾਤ ਵਿਚ ਪੜ੍ਹਦਾ ਤਰਨਜੋਤ ਸਿੰਘ ਵੀ ਬੜੀ ਨੀਝ ਨਾਲ ਰਾਜਪਾਲ ਨੂੰ ਚਿੱਠੀ ਲਿਖ ਰਿਹਾ ਸੀ। ਉਸ ਨੇ ਸ੍ਰੀ ਬਦਨੌਰ ਨੂੰ ਸੰਬੋਧਨ ਹੁੰਦਿਆਂ ਲਿਖਆ, 'ਮੈਂ ਆਪ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਸਾਜ਼ਿਸ਼ ਤਹਿਤ ਮਾਂ ਬੋਲੀ ਪੰਜਾਬੀ ਨੂੰ ਪਿੱਛੇ ਧੱਕ ਕੇ ਲੋਕਾਂ 'ਤੇ ਅੰਗਰੇਜ਼ੀ ਥੋਪ ਦਿੱਤੀ ਹੈ, ਜਦਕਿ ਭਾਰਤੀ ਸੰਵਿਧਾਨ ਵਿਚਲੀਆਂ 22 ਖੇਤਰੀ ਭਾਸ਼ਾਵਾਂ ਵਿਚ ਪੰਜਾਬੀ ਭਾਸ਼ਾ ਤਾਂ ਸ਼ਾਮਲ ਹੈ ਪਰ ਇਨ੍ਹਾਂ ਵਿਚ ਅੰਗਰੇਜ਼ੀ ਦਾ ਨਾਮ ਨਿਸ਼ਾਨ ਨਹੀਂ ਹੈ। ਇਸ ਦੇ ਬਾਵਜੂਦ ਯੂਟੀ ਪ੍ਰਸ਼ਾਸਨ ਵਿਚ ਅੰਗਰੇਜ਼ੀ ਦਾ ਗਲਬਾ ਕਾਇਮ ਹੈ। ਇਸ ਕਾਰਨ ਉਹ 1 ਨਵੰਬਰ 2017 ਨੂੰ ਪੰਜਾਬ ਦਿਵਸ ਮੌਕੇ ਆਪ ਜੀ ਕੋਲ ਫਰਿਆਦ ਲੈ ਕੇ ਆਵੇਗਾ।' ਦੱਸਣਯੋਗ ਹੈ ਕਿ ਮੰਚ ਨੇ 1 ਨਵੰਬਰ ਨੂੰ ਪੰਜਾਬ ਰਾਜ ਭਵਨ ਵੱਲ ਮਾਰਚ ਕਰਕੇ ਸਮੂਹਕ ਗ੍ਰਿਫਤਾਰੀਆਂ ਦੇਣ ਦਾ ਐਲਾਨ ਕੀਤਾ ਹੈ। ਤਰਨਜੋਤ ਨੇ ਦੱਸਿਆ ਕਿ ਉਹ ਵੱਡੇ ਸਾਹਬ ਨੂੰ ਪੱਤਰ ਲਿਖ ਕੇ ਪੰਜਾਬੀ ਬੋਲੀ ਲਾਗੂ ਕਰਨ ਲਈ ਕਹਿ ਰਹੇ ਹਨ। ਉਸ ਨੇ ਕਿਹਾ ਕਿ ਹੁਣ ਪ੍ਰਸ਼ਾਸਨ ਵਿਚ ਅੰਗਰੇਜ਼ੀ ਲਾਗੂ ਹੈ ਅਤੇ ਸਕੂਲਾਂ ਵਿਚ ਹਫ਼ਤੇ ਵਿਚ ਪੰਜਾਬੀ ਦੇ ਕੇਵਲ ਦੋ ਪੀਰੀਅਡ ਹੀ ਪੜ੍ਹਾਏ ਜਾਂਦੇ ਹਨ। ਹੁਣ ਇਸ ਮਾਹੌਲ ਵਿਚ ਸਕੂਲਾਂ ਵਿਚ ਪੰਜਾਬੀ ਪੜ੍ਹਨ ਵਾਲੇ ਬੱਚੇ ਵੀ ਟਾਵੇਂ ਹੀ ਰਹਿ ਗਏ ਹਨ। ਇਸੇ ਤਰ੍ਹਾਂ ਰਾਜਪਾਲ ਨੂੰ ਪੱਤਰ ਲਿਖ ਰਹੇ 9ਵੀਂ ਜਮਾਤ ਦੇ 13 ਸਾਲਾ ਵਿਦਿਆਰਥੀ ਜਸਬੀਰ ਸਿੰਘ ਨੇ ਕਿਹਾ ਕਿ ਉਹ ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਵੱਡੇ ਸਾਹਬ ਨੂੰ ਪੱਤਰ ਲਿਖ ਰਿਹਾ ਹੈ।



**ਪਿੰਡ ਧਨਾਸ ਵਿੱਚ ਤਰਨਜੋਤ ਸਿੰਘ ਤੇ ਜਸਬੀਰ ਸਿੰਘ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਨੂੰ ਚਿੱਠੀਆਂ ਲਿਖਦੇ ਹੋਏ।**

ਮੰਚ ਦੇ ਜਨਰਲ ਸਕੱਤਰ ਦੇਵੀ ਦਿਆਲ ਸ਼ਰਮਾ ਨੇ ਦੱਸਿਆ ਕਿ ਸਮੂਹ ਪਿੰਡਾਂ ਅਤੇ ਹੋਰਨਾਂ ਥਾਵਾਂ 'ਤੇ ਇਕੱਠ ਕਰਕੇ ਜਿਥੇ ਰਾਜਪਾਲ ਨੂੰ ਪੱਤਰ ਲਿਖੇ ਜਾ ਰਹੇ ਹਨ ਉਥੇ 1 ਨਵੰਬਰ ਨੂੰ ਗ੍ਰਿਫ਼ਤਾਰੀਆਂ ਦੇਣ ਲਈ ਲਾਮਬੰਦੀ ਕੀਤੀ ਜਾ ਰਹੀ ਹੈ ਅਤੇ ਇਹ ਸੰਘਰਸ਼ ਹੁਣ ਪੰਜਾਬ ਤਕ ਫੈਲ ਚੁੱਕਾ ਹੈ। ਸ਼੍ਰੋਮਣੀ ਅਕਾਲੀ ਦਲ ਚੰਡੀਗੜ੍ਹ ਦੇ ਪ੍ਰਧਾਨ ਜਗਜੀਤ ਸਿੰਘ ਕੰਗ (ਗੋਰਾ ਕੰਗ) ਅਤੇ ਜਨਰਲ ਸਕੱਤਰ ਅਮਰਿੰਦਰ ਸਿੰਘ ਨੇ ਸਮੂਹ ਪੰਜਾਬੀਆਂ ਨੂੰ ਆਪਣੇ ਘਰ ਤੋਂ ਪੰਜਾਬੀ ਭਾਸ਼ਾ ਲਾਗੂ ਕਰਨ ਦੀ ਅਪੀਲ ਕਰਦਿਆਂ ਐਲਾਨ ਕੀਤਾ ਕਿ ਅਕਾਲੀ ਦਲ ਇਸ ਸੰਘਰਸ਼ ਵਿਚ ਹੁੰਮ-ਹੁੰਮਾ ਕੇ ਸ਼ਾਮਲ ਹੋਵੇਗਾ। ਇਸ ਮੌਕੇ ਹੋਈ ਰੈਲੀ ਨੂੰ ਸੰਬੋਧਨ ਕਰਦਿਆਂ ਪਿੰਡ ਧਨਾਸ ਦੇ ਸਰਪੰਚ ਕੁਲਜੀਤ ਸਿੰਘ ਸੰਧੂ, ਸਮੂਹ ਗੁਰਦੁਆਰਾ ਸੰਗਠਨ ਚੰਡੀਗੜ੍ਹ ਦੇ ਚੇਅਰਮੈਨ ਕੈਪਟਨ ਅਜਾਇਬ ਸਿੰਘ, ਪੇਂਡੂ ਸੰਘਰਸ਼ ਕਮੇਟੀ ਦੇ ਸਰਪ੍ਰਸਤ ਬਾਬਾ ਸਾਧੂ ਸਿੰਘ ਸਾਰੰਗਪੁਰ ਤੇ ਬਾਬਾ ਗੁਰਦਿਆਲ ਸਿੰਘ ਖੁੱਡਾ ਅਲੀਸ਼ੇਰ, ਸੁਖਜੀਤ ਸਿੰਘ ਹੱਲੋਮਾਜਰਾ, ਗੁਰਪ੍ਰੀਤ ਸੋਮਲ, ਦੀਪਕ ਸ਼ਰਮਾ, ਪ੍ਰਿੰਸੀਪਲ ਬਹਾਦਰ ਸਿੰਘ ਨੇ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਵਿਚ ਸਰਕਾਰੀ ਭਾਸ਼ਾ ਪੰਜਾਬੀ ਲਾਗੂ ਕਰਵਾਉਣ ਲਈ ਸੰਘਰਸ਼ ਨਿਰੰਤਰ ਜਾਰੀ ਰਹੇਗਾ। ਉਨ੍ਹਾਂ ਐਲਾਨ ਕੀਤਾ ਕਿ 1 ਨਵੰਬਰ ਨੂੰ ਪੰਜਾਬ ਦਿਵਸ ਮੌਕੇ ਸੈਕਟਰ-17 ਵਿੱਚ ਰੈਲੀ ਕਰਨ ਉਪਰੰਤ ਪੰਜਾਬ ਰਾਜ ਭਵਨ ਵੱਲ ਰੋਸ ਮਾਰਚ ਕਰਕੇ ਸਮੂਹਕ ਗ੍ਰਿਫਤਾਰੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਸਮੂਹ ਪੰਜਾਬੀ ਹਿਤੈਸ਼ੀਆਂ ਨੂੰ ਇਸ ਸੰਘਰਸ਼ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ।

# ਪਰਵਾਸੀ ਭਾਰਤੀ, ਪ੍ਰਾਕਸੀ ਵੋਟ ਅਤੇ ਨਰਿੰਦਰ ਮੋਦੀ ਸਰਕਾਰ

**ਗੁਰਮੀਤ ਪਲਾਹੀ**



ਭਾਰਤ ਸਰਕਾਰ ਦੇ ਦੋ ਫ਼ੈਸਲੇ ਪਰਵਾਸੀ ਭਾਰਤੀਆਂ ਲਈ ਅਹਿਮ ਹਨ : ਪਹਿਲਾ, ਕੇਂਦਰ ਸਰਕਾਰ ਵੱਲੋਂ ਪਰਵਾਸੀ ਭਾਰਤੀਆਂ ਨੂੰ ਪ੍ਰਾਕਸੀ ਵੋਟ ਦਾ ਅਧਿਕਾਰ ਦੇਣਾ ਅਤੇ ਦੂਜਾ ਪੰਜਾਬ ਸਰਕਾਰ ਵੱਲੋਂ ਪਰਵਾਸੀ ਪੰਜਾਬੀਆਂ ਦੇ ਹਿੱਤ ਵਿੱਚ ਉਹਨਾਂ ਦੀ ਜ਼ਮੀਨ-ਜਾਇਦਾਦ ਖ਼ਾਲੀ ਕਰਵਾਉਣ ਲਈ ਕਰੜਾ ਕਨੂੰਨ ਪਾਸ ਕਰਨ ਲਈ ਸੋਚ-ਵਿਚਾਰ ਕਰਨਾ। ਇਹਨਾਂ ਦੋਵਾਂ ਫ਼ੈਸਲਿਆਂ ਪਿੱਛੇ ਭਾਵੇਂ ਦੋਹਾਂ ਸਰਕਾਰਾਂ ਦਾ ਮੰਤਵ ਆਪਣੇ ਵੋਟ ਬੈਂਕ ਨੂੰ ਪੱਕਾ ਕਰਨਾ ਕਿਹਾ ਜਾ ਸਕਦਾ ਹੈ, ਜਿਸ ਦੇ ਸਮਾਂ ਆਉਣ 'ਤੇ ਦੂਰ-ਰਸ ਸਿੱਟੇ ਨਿਕਲਣਗੇ, ਪਰ ਪਰਵਾਸੀ ਭਾਰਤੀਆਂ ਲਈ ਇਹ ਦੋਵੇਂ ਫ਼ੈਸਲੇ ਚੰਗਾ ਸ਼ਗਨ ਕਹੇ ਜਾ ਸਕਦੇ ਹਨ।

ਦੁਨੀਆ ਭਰ ਵਿੱਚ ਭਾਰਤੀ ਮੂਲ ਦੇ ਲੱਗਭੱਗ ਤਿੰਨ ਕਰੋੜ ਲੋਕ ਰਹਿੰਦੇ ਹਨ, ਜਿਨ੍ਹਾਂ ਵਿੱਚੋਂ ਇੱਕ ਕਰੋੜ ਤੀਹ ਲੱਖ ਲੋਕ ਪਰਵਾਸੀ ਭਾਰਤੀ (ਐੱਨ ਆਰ ਆਈ, ਅਰਥਾਤ ਨਾਨ-ਰੈਜ਼ੀਡੈਂਟ ਇੰਡੀਅਨ) ਹਨ। ਭਾਰਤ ਸਰਕਾਰ ਦੀ ਮੋਦੀ ਕੈਬਨਿਟ ਨੇ ਇਹਨਾਂ ਐੱਨ ਆਰ ਆਈਜ਼ ਨੂੰ ਪ੍ਰਾਕਸੀ ਵੋਟਿੰਗ ਦੀ ਮਨਜ਼ੂਰੀ ਦੇ ਦਿੱਤੀ ਹੈ। ਕੈਬਨਿਟ ਦੀ ਮੀਟਿੰਗ ਦਾ ਫ਼ੈਸਲਾ ਦੇਸ਼ ਦੀ ਪਾਰਲੀਮੈਂਟ ਵਿੱਚ ਪਾਸ ਹੋਵੇਗਾ ਤੇ ਇਹ ਕਨੂੰਨ ਬਣ ਜਾਵੇਗਾ। ਇਸ ਬਾਰੇ ਮਨ ਵਿੱਚ ਇਸ ਸੁਆਲ ਦਾ ਉੱਠਣਾ ਸੁਭਾਵਕ ਹੈ ਕਿ ਕੀ ਇਹ ਪਰਵਾਸੀ ਭਾਰਤੀਆਂ ਦਾ ਮਨ ਜਿੱਤਣ ਦੀ ਕੋਸ਼ਿਸ਼ ਤਾਂ ਨਹੀਂ?

ਸਾਲ 2019 ਵਿੱਚ ਦੇਸ਼ ਵਿੱਚ ਆਮ ਚੋਣਾਂ ਹੋਣੀਆਂ ਹਨ। ਇਹਨਾਂ ਚੋਣਾਂ ਲਈ ਹਾਲੇ 22 ਮਹੀਨੇ ਬਾਕੀ ਹਨ। ਭਾਜਪਾ ਨੇ ਪਰਵਾਸੀ ਭਾਰਤੀਆਂ ਨੂੰ ਪ੍ਰਾਕਸੀ ਵੋਟਿੰਗ ਦੀ ਮਨਜ਼ੂਰੀ ਦਿਵਾ ਕੇ 2019 ਲਈ ਵੱਡਾ ਦਾਅ ਖੇਡ ਦਿੱਤਾ ਹੈ। ਪ੍ਰਧਾਨ ਮੰਤਰੀ ਵੱਲੋਂ ਪ੍ਰਾਕਸੀ ਵੋਟਿੰਗ ਦਾ ਅਧਿਕਾਰ ਦੇ ਕੇ ਜਿੱਥੇ ਪਰਵਾਸੀ ਭਾਰਤੀਆਂ ਨੂੰ ਖ਼ੁਸ਼ ਕਰਨ ਦਾ ਯਤਨ ਕੀਤਾ ਗਿਆ ਹੈ, ਉੱਥੇ ਦੱਖਣੀ ਭਾਰਤ 'ਚ ਭਾਜਪਾ ਨੇ ਆਪਣੇ ਵੋਟ ਬੈਂਕ ਨੂੰ ਮਜ਼ਬੂਤ ਕਰਨ ਲਈ ਇਹ ਸਿਆਸੀ ਚਾਲ ਚੱਲੀ ਜਾਪਦੀ ਹੈ। ਇਸ ਵੇਲੇ ਪਰਵਾਸੀ ਭਾਰਤੀਆਂ ਵਿੱਚ ਵੱਡੀ ਗਿਣਤੀ ਦੱਖਣੀ ਭਾਰਤ ਦੇ ਲੋਕਾਂ ਦੀ ਹੈ, ਜੋ ਮਿਡਲ ਈਸਟ ਦੇਸ਼ਾਂ; ਸਾਊਦੀ ਅਰਬ, ਦੁਬੱਈ, ਕੁਵੈਤ, ਉਮਾਨ ਵਿੱਚ ਵਸਦੇ ਹਨ। ਕੇਰਲਾ ਸੂਬੇ 'ਤੇ ਇਸ ਦਾ ਪ੍ਰਭਾਵ ਵੱਧ ਪਵੇਗਾ, ਜਿੱਥੇ ਉਮੀਦਵਾਰ ਕਈ ਵੇਰ ਵਿਧਾਨ ਸਭਾ ਵਿੱਚ ਹਜ਼ਾਰ-ਦੋ ਹਜ਼ਾਰ ਵੋਟਾਂ ਦੇ ਫ਼ਰਕ ਨਾਲ ਜਿੱਤਦੇ ਹਨ। ਪਰਵਾਸੀ ਭਾਰਤੀਆਂ ਨੂੰ ਆਪਣੀ ਵੋਟ ਆਪਣੇ ਹਲਕੇ 'ਚ ਰਜਿਸਟਰਡ ਕਰਾਉਣ ਅਤੇ ਵੋਟ ਪਾਉਣ ਦਾ ਅਧਿਕਾਰ ਹੈ, ਪਰ ਪਿਛਲੀਆਂ ਲੋਕ ਸਭਾ ਚੋਣਾਂ 'ਚ 11844 ਲੋਕਾਂ ਨੇ ਹੀ ਇਸ ਅਧਿਕਾਰ ਦਾ ਚੋਣਾਂ ਸਮੇਂ ਭਾਰਤ ਪੁੱਜ ਕੇ ਇਸਤੇਮਾਲ ਕੀਤਾ ਸੀ।

### ਕੀ ਹੁੰਦੀ ਹੈ ਪ੍ਰਾਕਸੀ ਵੋਟਿੰਗ?

ਇਸ ਸਿਸਟਮ ਰਾਹੀਂ ਵੋਟਿੰਗ ਦਾ ਅਧਿਕਾਰ ਰੱਖਣ ਵਾਲਾ ਵਿਅਕਤੀ ਆਪਣੇ ਵਿਧਾਨ ਸਭਾ ਅਤੇ ਲੋਕ ਸਭਾ ਹਲਕੇ ਤੋਂ ਕਿਸੇ ਅਜਿਹੇ ਵਿਅਕਤੀ ਨੂੰ ਨਾਮਜ਼ਦ ਕਰਦਾ ਹੈ, ਜੋ ਉਸ ਦੀ ਥਾਂ ਉੱਤੇ ਵੋਟ ਪਾਉਂਦਾ ਹੈ। ਇਹ ਵਿਵਸਥਾ ਬਰਤਾਨੀਆ 'ਚ ਅਪਣਾਈ ਜਾਂਦੀ ਹੈ।

ਪਰਵਾਸੀ ਭਾਰਤੀਆਂ ਲਈ ਇਹ ਵਿਵਸਥਾ ਸ਼ੁਰੂ ਕਰਨ ਲਈ ਦੋ ਤਰੀਕੇ ਅਪਣਾਏ ਜਾ ਸਕਦੇ ਹਨ। ਇਹਨਾਂ 'ਚੋਂ ਪਹਿਲਾ ਤਰੀਕਾ ਇਹ ਹੋ ਸਕਦਾ ਹੈ ਕਿ ਵੱਖ-ਵੱਖ ਦੇਸ਼ਾਂ 'ਚ ਸਥਿਤ ਭਾਰਤੀ ਰਾਜਦੂਤ ਘਰਾਂ 'ਚ ਜਾ ਕੇ ਪਰਵਾਸੀ ਆਪਣੀ ਵੋਟ ਪਾਉਣ। ਇਸ ਲਈ ਬੈਲਟ ਪੇਪਰ ਇਲੈਕਟ੍ਰੌਨਿਕ ਤਰੀਕੇ ਨਾਲ ਭੇਜੇ ਜਾ ਸਕਦੇ ਹਨ, ਜਦੋਂ ਕਿ ਦੂਜਾ ਤਰੀਕਾ ਭਾਰਤ 'ਚ ਪਹਿਲਾਂ ਤੋਂ ਲਾਗੂ ਸਰਕਾਰੀ ਕਰਮਚਾਰੀਆਂ ਵੱਲੋਂ ਕੀਤੀ ਜਾਣ ਵਾਲੀ ਵੋਟਿੰਗ ਵਿਵਸਥਾ ਵਰਗਾ ਹੋ ਸਕਦਾ ਹੈ। ਇਸ ਵਿੱਚ ਸਿਰਫ਼ ਇੱਕ ਹੀ ਸ਼ਰਤ ਹੋਵੇਗੀ ਕਿ ਜਿਸ ਨੂੰ ਵੋਟਿੰਗ ਦਾ ਅਧਿਕਾਰ ਦਿੱਤਾ ਜਾ ਰਿਹਾ ਹੈ, ਉਹ ਉਸ ਵਿਧਾਨ ਸਭਾ ਅਤੇ ਲੋਕ ਸਭਾ ਖੇਤਰ ਦਾ ਵੋਟਰ ਹੋਵੇ।

### ਕੀ ਪ੍ਰਾਕਸੀ ਵਿਵਸਥਾ ਲਾਗੂ ਕਰਨੀ ਸੰਭਵ ਹੈ?

ਪ੍ਰਾਕਸੀ ਵੋਟਿੰਗ ਦਾ ਪ੍ਰਬੰਧ ਕਰਨਾ ਅਸਲੋਂ ਮਹਿੰਗਾ ਕੰਮ ਹੈ। ਦੁਨੀਆ ਦੇ ਵੱਖ-ਵੱਖਰੇ ਦੇਸ਼ਾਂ 'ਚ ਭਾਰਤੀ ਪਰਵਾਸੀ ਰਹਿੰਦੇ ਹਨ। ਇਥੋਂ ਦੇ ਦੇਸ਼ਾਂ 'ਚ ਬਣੀਆਂ ਅੰਬੈਸੀਆਂ ਅਤੇ ਹਾਈ ਕਮਿਸ਼ਨਾਂ ਵੱਲੋਂ ਉਦੋਂ ਤੱਕ ਪ੍ਰਾਕਸੀ ਵੋਟਿੰਗ ਦਾ ਪ੍ਰਬੰਧ ਕਰਨਾ ਔਖਾ ਹੈ, ਜਦੋਂ ਤੱਕ ਇਥੇ ਲੋੜੀਂਦੇ ਮੁਲਾਜ਼ਮਾਂ ਦਾ ਪ੍ਰਬੰਧ ਨਹੀਂ ਹੁੰਦਾ, ਜਿਨ੍ਹਾਂ ਦੀ ਕਮੀ ਲੱਗਭੱਗ ਹਰ ਮੁਲਕ ਦੀਆਂ ਅੰਬੈਸੀਆਂ ਵਿੱਚ ਹੈ। ਭਾਰਤ 'ਚ ਸਮੇਂ-ਸਮੇਂ ਹੁੰਦੀਆਂ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਕਾਰਨ ਇਹਨਾਂ ਅੰਬੈਸੀਆਂ ਦੇ ਮੁਲਾਜ਼ਮਾਂ ਉੱਤੇ ਕੰਮ ਦਾ ਬੋਝ ਵਧੇਗਾ। ਸੰਭਵਤਾ ਪ੍ਰਬੰਧਾਂ ਦੇ ਬਾਵਜੂਦ ਆਮ ਪਰਵਾਸੀ ਭਾਰਤੀ ਕੀ ਆਪਣੀ ਵੋਟ ਦੀ ਬਿਨਾਂ ਕਿਸੇ ਦਬਾਅ ਦੇ ਵਰਤੋਂ ਕਰ ਸਕੇਗਾ? ਕੀ ਉਹਨਾਂ ਦੇ ਕੰਮ-ਦਾਤਿਆਂ ਦਾ ਉਹਨਾਂ 'ਤੇ ਪ੍ਰਭਾਵ ਨਹੀਂ ਹੋਵੇਗਾ? ਕੀ ਸਹੁਰੇ ਘਰ ਰਹਿੰਦੀ ਮੁਟਿਆਰ ਆਪਣੇ ਵੱਖਰੀ ਸੋਚ ਦੇ ਉਲਟ ਸਹੁਰਾ ਪਰਵਾਰ ਜਾਂ ਪਤੀ ਦੇ ਪ੍ਰਭਾਵ 'ਚ ਪ੍ਰਾਕਸੀ ਵੋਟ ਪਾਉਣ ਲਈ ਮਜਬੂਰ ਤਾਂ ਨਹੀਂ ਹੋ ਜਾਏਗੀ?

### ਕਿਵੇਂ ਫੁਰਿਆ ਫੁਰਨਾ?

ਸਾਲ 2014 ਦੀਆਂ ਚੋਣਾਂ ਵੇਲੇ ਤੋਂ ਹੀ ਪਰਵਾਸੀ ਭਾਰਤੀਆਂ ਲਈ ਪ੍ਰਾਕਸੀ ਵੋਟਿੰਗ ਦੀ ਮੰਗ ਜ਼ੋਰ ਫੜ ਰਹੀ ਸੀ। ਨਰਿੰਦਰ ਮੋਦੀ ਦੇ ਹਿੰਦੂਤਵੀ ਏਜੰਡੇ ਨੇ ਇਸ ਮੰਗ ਨੂੰ ਹੋਰ ਹਵਾ ਦਿੱਤੀ। ਅਮਰੀਕਾ ਅਤੇ ਹੋਰ ਦੇਸ਼ਾਂ ਦੇ ਦੌਰਿਆਂ ਦੌਰਾਨ, ਜਿੱਥੇ ਹਿੰਦੂ ਮਤ ਨਾਲ ਸੰਬੰਧਤ ਲੋਕਾਂ ਦੀ ਵੱਡੀ ਗਿਣਤੀ ਹੈ, ਮੋਦੀ ਦਾ ਆਧਾਰ ਪਿਛਲੇ ਸਮੇਂ 'ਚ ਵਧਿਆ ਹੈ, ਕਿਉਂਕਿ ਉਹ ਲੋਕ ਜਾਂ ਸੰਸਥਾਵਾਂ ਹਿੰਦੋਸਤਾਨ ਵਿੱਚ ਮੋਦੀ ਵਰਗੇ ਹਿੰਦੂ ਚਿਹਰੇ ਨੂੰ ਹੀ ਅੱਗੇ ਰੱਖਣਾ ਚਾਹੁੰਦੇ ਹਨ, ਜਿਸ ਦੀ ਭਰਪੂਰ ਮਦਦ ਅਤੇ ਆਰਥਿਕ ਸਹਿਯੋਗ ਉਹਨਾਂ 2014 ਦੀਆਂ ਚੋਣਾਂ ਸਮੇਂ ਕੀਤਾ ਸੀ। ਇਸ ਤੋਂ ਅੱਗੇ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ, ਭਾਰਤ ਦਾ ਭਗਵਾਂਕਰਨ ਦਾ ਮੁੱਦਾ ਉੱਤਰੀ ਅਮਰੀਕਾ ਵਿੱਚ ਖ਼ਾਸ ਤੌਰ 'ਤੇ ਚਰਚਾ 'ਚ ਹੈ ਅਤੇ ਆਰ ਐੱਸ ਐੱਸ ਵੱਲੋਂ ਉਧਰਲੇ ਮੁਲਕਾਂ 'ਚ ਆਪਣੀਆਂ ਬਰਾਂਚਾਂ ਖੋਲ੍ਹ ਕੇ ਇਸ ਨੂੰ ਖੁੱਲ੍ਹ-ਦਿਲੀ ਨਾਲ ਪ੍ਰਚਾਰਿਆ ਜਾ ਰਿਹਾ ਹੈ। ਇਹੋ ਕਾਰਨ ਹੈ ਕਿ ਵਿਦੇਸ਼ ਵਸਦੇ ਇਹ ਕੱਟੜ ਹਿੰਦੂਤਵੀ ਸੋਚ ਵਾਲੇ ਲੋਕ ਦੇਸ਼ 'ਚ ਹੁੰਦੀਆਂ ਚੋਣਾਂ 'ਚ ਮਨਮਰਜ਼ੀ ਦੀ ਸਿਆਸੀ ਪਾਰਟੀ ਨੂੰ ਧਨ ਵੀ ਭੇਜਦੇ ਹਨ, ਆਪਣੇ ਰਿਸ਼ਤੇਦਾਰਾਂ-ਮਿੱਤਰਾਂ ਦੀਆਂ ਵੋਟਾਂ ਪਾਉਣ ਲਈ ਲਗਾਤਾਰ ਸੰਪਰਕ ਕਰਦੇ ਹਨ। ਸਾਲ 2014 ਦੀਆਂ ਲੋਕ ਸਭਾ ਚੋਣਾਂ 'ਚ ਤਾਂ ਖੁੱਲ੍ਹੇਆਮ ਇਹਨਾਂ ਲੋਕਾਂ ਨੇ ਮੋਦੀ ਦੇ ਸਮੱਰਥਨ ਵਿੱਚ ਇੱਕ ਲਹਿਰ ਖੜੀ ਕਰਨ ਲਈ ਪੂਰਾ ਟਿੱਲ ਲਾਇਆ ਸੀ। ਇਹਨਾਂ ਗਰੁੱਪਾਂ ਨੇ ਹੀ ਗੁਜਰਾਤ ਦੇ ਫ਼ਿਰਕੂ ਦੰਗਿਆਂ ਤੋਂ ਬਾਅਦ ਜਦੋਂ ਮੋਦੀ ਦਾ ਨਾਮ ਇਨ੍ਹਾਂ ਵਿੱਚ ਬੋਲਿਆ ਤਾਂ ਮੋਦੀ ਦਾ ਵਿਗੜਿਆ ਅਕਸ ਸੁਧਾਰਨ ਅਤੇ ਉਸ ਦੇ ਅਮਰੀਕਾ 'ਚ ਦਾਖ਼ਲੇ ਨੂੰ ਉੱਥੋਂ ਦੀ ਸਰਕਾਰ ਵੱਲੋਂ ਰੋਕੇ ਜਾਣ ਸਮੇਂ ਉਸ ਦੇ ਹੱਕ 'ਚ ਅਮਰੀਕੀ ਪ੍ਰਸ਼ਾਸਨ ਨੂੰ ਪ੍ਰਭਾਵਤ ਕਰਨ ਦਾ ਯਤਨ ਕੀਤਾ ਸੀ।

ਪਰਵਾਸੀ ਭਾਰਤੀਆਂ ਦਾ ਭਾਰਤ ਵਿੱਚ ਸਮਾਜਿਕ ਰੁਤਬਾ ਵੱਡਾ ਹੈ, ਇਸ ਕਰ ਕੇ ਵੀ ਕਿ ਉਹਨਾਂ ਕੋਲ ਵਧੇਰੇ ਧਨ ਹੈ, ਇਸ ਕਰ ਕੇ ਵੀ ਕਿ ਉਹਨਾਂ ਕੋਲ ਆਮ ਭਾਰਤੀਆਂ ਨਾਲੋਂ ਵਧੇਰੇ ਗਿਆਨ ਹੈ। ਇਸੇ ਕਰ ਕੇ ਉਹ ਆਪਣੇ ਰਿਸ਼ਤੇਦਾਰਾਂ ਨੂੰ ਵੋਟਾਂ ਵੇਲੇ ਪ੍ਰਭਾਵਤ ਕਰਦੇ ਹਨ ਅਤੇ ਇਸ ਕੰਮ ਲਈ ਉਹ ਆਪਣੇ ਸੁਫ਼ਨੇ ਕਿ ਹਿੰਦੋਸਤਾਨ ਹਿੰਦੂ ਰਾਸ਼ਟਰ ਬਣੇ, ਨੂੰ ਪੂਰਾ ਕਰਨਾ ਲੋਚਦੇ ਹਨ।

ਅਸਲ ਵਿੱਚ ਪਰਵਾਸੀ ਭਾਰਤੀਆਂ ਨੂੰ ਦਿੱਤਾ ਜਾਣ ਵਾਲਾ ਪ੍ਰਾਕਸੀ ਵੋਟ ਦਾ ਅਧਿਕਾਰ ਭਾਜਪਾ ਦੇ ਵੋਟ-ਖਾਤੇ ਨੂੰ ਵੱਡਾ ਕਰੇਗਾ, ਪਰ ਜਿਸ ਢੰਗ ਨਾਲ ਦੇਸ਼ 'ਚ ਹਿੰਦੂਤੱਵ ਦਾ ਏਜੰਡਾ ਪਰੋਸਿਆ ਅਤੇ ਫੈਲਾਇਆ ਜਾ ਰਿਹਾ ਹੈ, ਉਸ ਬਾਰੇ ਭਾਰਤੀ ਪਾਰਲੀਮੈਂਟ ਨੂੰ ਇਹ ਗੱਲ ਗੰਭੀਰਤਾ ਨਾਲ ਵਿਚਾਰ ਕਰਨੀ ਹੋਵੇਗੀ ਕਿ ਪਰਵਾਸੀ ਭਾਰਤੀਆਂ ਨੂੰ ਦੇਸ਼ ਦੇ ਚੋਣਤੰਤਰ ਨਾਲ ਇਲੈਕਟਰੌਨੀਕਲੀ ਜੋੜਨਾ ਕੀ ਭਾਰਤ ਦੇ ਅੰਦਰੂਨੀ ਮਾਮਲਿਆਂ ਅਤੇ ਸਿਆਸਤ 'ਚ ਦਖ਼ਲ ਤਾਂ ਨਹੀਂ ਹੋਵੇਗਾ? ਇਸ ਗੱਲ 'ਚ ਸੰਦੇਹ ਕਰਨ ਦੀ ਕੋਈ ਗੁੰਜਾਇਸ਼ ਹੀ ਨਹੀਂ ਕਿ ਪ੍ਰਾਕਸੀ ਵੋਟਿੰਗ ਮੋਦੀ ਰਾਜ ਦੀ ਮੁੜ ਸਥਾਪਤੀ 'ਚ ਸਹਾਇਤਾ ਅਤੇ ਆਰ ਐੱਸ ਐੱਸ ਦੇ ਹਿੰਦੂਤਵੀ ਏਜੰਡੇ ਨੂੰ ਦੇਸ਼ 'ਚ ਉਤਸ਼ਾਹਤ ਕਰਨ ਦਾ ਕੰਮ ਕਰੇਗੀ। ਕੀ ਇਹ ਪ੍ਰਾਕਸੀ ਵੋਟਿੰਗ ਦੇਸ਼ ਦੇ ਲੋਕਤੰਤਰ ਅਤੇ ਸ਼ਾਂਤੀ ਲਈ ਵੱਡੀਆਂ ਸਮੱਸਿਆਵਾਂ ਪੈਦਾ ਕਰਨ ਦਾ ਕਾਰਨ ਤਾਂ ਨਹੀਂ ਬਣ ਜਾਏਗੀ, ਜਿਸ ਦਾ ਖ਼ਦਸ਼ਾ ਕੁਝ ਧਿਰਾਂ ਵੱਲੋਂ ਲਗਾਤਾਰ ਪ੍ਰਗਟਾਇਆ ਜਾ ਰਿਹਾ ਹੈ?

# ਪੰਜਾਬ ਦੇ ਕਿਸਾਨਾਂ ਨੂੰ ਪਾਣੀ ਚਾਹੀਦਾ ਹੈ ਨਾਪ-ਤੋਲ ਨਹੀਂ

**ਗੁਰਪ੍ਰੀਤ ਸਿੰਘ ਮੰਡਿਆਣੀ**

ਪੰਜਾਬ-ਹਰਿਆਣਾ ਦਰਮਿਆਨ ਚੱਲ ਰਹੇ ਦਰਿਆਈ ਪਾਣੀਆਂ ਦੇ ਝਗੜੇ 'ਚ ਸਭ ਤੋਂ ਵੱਧ ਵਰਤਿਆ ਜਾਣ ਵਾਲ ਲਫਜ਼ ਐਮ.ਏ.ਐਫ. ਅਤੇ ਕਿਊਸਕ ਦੀ ਜਾਣਕਾਰੀ ਸਕੂਲਾਂ ਕਾਲਜਾਂ ਦੀਆਂ ਕਿਤਾਬਾਂ 'ਚੋਂ ਨਹੀਂ ਮਿਲਦੀ ਜਿਸ ਕਰਕੇ ਆਮ ਲੋਕ ਇਸ ਤੋਂ ਅਣਜਾਣ ਨੇ। ਪੰਜਾਬ ਦੇ ਲੋਕ ਪਾਣੀਆਂ ਦੇ ਝਗੜੇ ਦੀ ਗੁੰਝਲ ਨੂੰ ਸਮਝਣੋਂ ਵੀ ਨਾਕਾਮ ਹਨ। ਹੋਰਨਾਂ ਗੱਲਾਂ ਤੋਂ ਇਲਾਵਾ ਇਨ੍ਹਾਂ ਦੋ ਲਫਜ਼ਾਂ ਦੀ ਅਣਜਾਣਤਾ ਵੀ ਇੱਕ ਹੈ। ਬਰਸਾਤਾਂ ਦੇ ਦਿਨਾਂ ਦੌਰਾਨ ਪੰਜਾਬ ਦੇ ਦਰਿਆਵਾਂ ਵਿੱਚ ਛੱਡੇ ਜਾਂਦੇ ਪਾਣੀ ਦੀ ਮਿਕਦਾਰ ਕਿਊਸਕ ਵਿੱਚ ਦੱਸੀ ਜਾਂਦੀ ਹੈ। ਇਸ ਵਾਰ ਭਾਖੜਾ ਡੈਮ ਵਿੱਚ ਪਾਣੀ ਦੇ ਪੱਧਰ ਨੂੰ ਲੈ ਕੇ ਲਗਭਗ ਨਿੱਤ ਹੀ ਖ਼ਬਰ ਛਪਦੀ ਰਹਿੰਦੀ ਹੈ। ਇਸ ਵਿਚ ਇਹ ਦੱਸਿਆ ਹੁੰਦਾ ਹੈ ਕਿ ਡੈਮ ਵਿੱਚ ਇੰਨੇ ਕਿਊਸਕ ਪਾਣੀ ਦੀ ਆਮਦ ਹੋ ਰਹੀ ਹੈ ਅਤੇ ਇੰਨੇ ਕਿਊਸਕ ਪਾਣੀ ਇਥੋਂ ਛੱਡਿਆ ਜਾ ਰਿਹਾ ਹੈ। ਇਸੇ ਤਰ੍ਹਾਂ ਪੰਜਾਬ ਦੀਆਂ ਨਹਿਰਾਂ ਵਿਚ ਪਾਣੀ ਦੀ ਕਿੱਲਤ ਮੌਕੇ ਇਹ ਵੀ ਖ਼ਬਰਾਂ ਛਪਦੀਆਂ ਹਨ ਕਿ ਫਲਾਣੀ ਨਹਿਰ ਵਿੱਚ ਇੰਨੇ ਦੀ ਬਜਾਏ ਸਿਰਫ ਇੰਨੇ ਕਿਊਸਕ ਹੀ ਪਾਣੀ ਆ ਰਿਹਾ ਹੈ। ਇਸੇ ਤਰ੍ਹਾਂ ਪੰਜਾਬ ਦੇ ਗੁਆਂਢੀ ਸੂਬਿਆਂ ਨਾਲ ਪਾਣੀ ਦੀ ਵੰਡ ਨੂੰ ਲੈ ਕੇ ਛਪਦੀਆਂ ਖ਼ਬਰਾਂ ਵਿੱਚ ਪਾਣੀ ਦੀ ਮਿਕਦਾਰ ਨੂੰ ਐਮ.ਏ.ਐਫ. ਭਾਵ ਮਿਲੀਅਨ ਏਕੜ ਫੁੱਟ ਵਿਚ ਦਰਸਾਇਆ ਗਿਆ ਹੁੰਦਾ ਹੈ। ਪੰਜਾਬ ਹਰਿਆਣੇ ਦੇ ਪਾਣੀਆਂ ਵਾਲੇ ਝਗੜੇ ਵਿੱਚ ਐਮ.ਏ.ਐਫ. ਲਫਜ਼ ਦੀ ਬਹੁਤ ਵਰਤੋਂ ਹੁੰਦੀ ਹੈ ਪਰ ਇਹਦੇ ਮਾਇਨੇ ਆਮ ਪੰਜਾਬੀ ਨੂੰ ਪਤਾ ਨਹੀਂ।

ਇਸ ਮਸਲੇ 'ਚ ਸਭ ਤੋਂ ਵੱਧ ਅਸਰ ਅੰਦਾਜ਼ ਹੋਣ ਵਾਲੇ ਕਿਸਾਨ ਵਰਗ ਦੀ ਸਮਝ ਵਿਚ ਇਹ ਦੋਵੇਂ ਲਫਜ਼ ਨਹੀਂ ਆਉਂਦੇ, ਇਥੋਂ ਤੱਕ ਕਿ ਬਹੁਤ ਸਾਰੇ ਪੜ੍ਹੇ ਲਿਖੇ ਲੋਕਾਂ ਦੀ ਸਮਝ ਵਿਚ ਵੀ ਨਹੀਂ। ਇਨ੍ਹਾਂ ਲਫਜ਼ਾਂ ਦਾ ਮਤਲਬ ਇੰਝ ਹੈ ਕਿ ਇੱਕ ਘਣ ਫੁੱਟ ਯਾਨੀ ਇੱਕ ਕਿਊਬਿਕ ਫੀਟ ਪਾਣੀ ਜੇ ਕਿਸੇ ਥਾਂ ਤੋਂ ਇਕ ਸੈਕਿੰਡ ਵਿਚ ਲੰਘੇ ਤਾਂ ਉਸਨੂੰ ਇੱਕ ਕਿਊਸਕ ਕਿਹਾ ਜਾਂਦਾ ਹੈ। ਇੱਕ ਫੁੱਟ ਲੰਮੇ, ਇੱਕ ਫੁੱਟ ਚੌੜੇ ਅਤੇ ਇੱਕ ਫੁੱਟ ਹੀ ਡੂੰਘੇ ਡੱਬੇ ਵਿੱਚ ਜਿੰਨਾ ਪਾਣੀ ਭਰਿਆ ਜਾ ਸਕਦਾ ਹੈ ਉਸਨੂੰ ਇਕ ਘਣ ਫੁੱਟ (ਅੰਗਰੇਜ਼ੀ ਵਿੱਚ ਕਿਊਬਿਕ ਫੀਟ) ਪਾਣੀ ਕਿਹਾ ਜਾਂਦਾ ਹੈ। ਜੇ ਕਿਸੇ ਥਾਂ ਤੋਂ ਇਕ ਘਣ ਫੁਟ ਪਾਣੀ ਦੀ ਧਾਰਾ ਇਕ ਸਕਿੰਟ ਤੱਕ ਵਗੇ ਤਾਂ ਇਹ ਸਾਢੇ 28 ਲੀਟਰ ਦੇ ਬਰਾਬਰ ਹੁੰਦੀ ਹੈ।

ਇਸੇ ਤਰਾਂ ਐਮ.ਏ.ਐਫ ਦਾ ਅੰਗਰੇਜ਼ੀ ਵਿਚ ਮਤਲਬ ਹੈ ਮਿਲੀਅਨ ਏਕੜ ਫੀਟ, ਭਾਵ 10 ਲੱਖ ਏਕੜ ਫੁੱਟ। ਜੇ 10 ਲੱਖ ਏਕੜ ਰਕਬੇ ਵਿਚ 1 ਫੁੱਟ ਡੂੰਘਾ ਪਾਣੀ ਖੜਾਇਆ ਜਾਵੇ ਤਾਂ ਉਹ ਇੱਕ ਮਿਲੀਅਨ (ਦਸ ਲੱਖ) ਏਕੜ ਫੁੱਟ ਪਾਣੀ ਅਖਵਾਉਂਦਾ ਹੈ। ਜੇ 1381 ਕਿਊਸਕ ਪਾਣੀ ਸਾਰਾ ਸਾਲ ਲਗਾਤਾਰ ਵਗੇ ਤਾਂ ਉਹ ਇੱਕ ਮਿਲੀਅਨ ਏਕੜ ਫੁੱਟ (ਐਮ.ਏ.ਐਫ.) ਦੇ ਬਰਾਬਰ ਹੁੰਦਾ ਹੈ। ਜੇ ਕਿਸੇ ਸੂਬੇ ਨੂੰ 2 ਐਮ.ਏ.ਐਫ. ਪਾਣੀ ਦੀ ਅਲਾਟਮੇਂਟ ਹੁੰਦੀ ਹੈ ਤਾਂ ਉਸਦਾ ਭਾਵ ਹੈ ਕਿ ਇੱਕ ਸਾਲ ਵਿਚ ਉਸਨੂੰ 20 ਲੱਖ ਏਕੜ ਫੁੱਟ ਪਾਣੀ ਮਿਲੇਗਾ। ਯਾਨੀ ਕੇ ਇਹ ਪਾਣੀ ਦੀ ਮਿਕਦਾਰ ਇੰਨੀ ਹੋਵੇਗੀ ਕਿ 20 ਲੱਖ ਏਕੜ ਰਕਬੇ ਵਿੱਚ ਇੱਕ ਫੁੱਟ ਉਚਾ ਪਾਣੀ ਖੜ ਸਕਦਾ ਹੈ।

ਕਿਊਸਕ ਦੇ ਅੰਦਾਜ਼ੇ ਬਾਰੇ ਹੋਰ ਮੋਟੀ ਜਿਹੀ ਜਾਣਕਾਰੀ ਲਈ ਪੰਜਾਬ ਦੀਆਂ ਨਹਿਰਾਂ ਵਿਚ ਵਗ ਰਹੇ ਪਾਣੀ ਦੀ ਮਿਕਦਾਰ ਤੋਂ ਕਿਊਸਕ ਦਾ ਅੰਦਾਜ਼ਾ ਲਾ ਸਕਦੇ ਹਾਂ। ਰੋਪੜ ਹੈਡ ਵਰਕਸ ਤੋਂ ਨਿਕਲ ਕੇ, ਲੁਧਿਆਣਾ ਤੇ ਸਮਰਾਲਾ ਵਾਲੀ ਸੜਕ ਦੇ ਰਾਹ ਵਿੱਚ ਪੈਂਦੀ ਨੀਲੋਂ ਪੁਲ ਵਾਲੀ ਅਤੇ ਲੁਧਿਆਣਾ-ਖੰਨਾ ਸੜਕ ਤੇ ਦੋਰਾਹੇ ਦੇ ਪੁਲ ਵਾਲੀ ਸਰਹਿੰਦ ਨਹਿਰ ਜੇ ਆਪਣੇ ਕੰਢਿਆਂ ਤੱਕ ਭਰ ਕੇ ਵਗੇ ਤਾਂ ਇਸ ਵਿੱਚ 12 ਹਜ਼ਾਰ 600 ਕਿਊਸਕ ਪਾਣੀ ਹੁੰਦਾ ਹੈ। ਦੋਰਾਹੇ ਦੇ ਪੁਲ ਤੋਂ ਲਗਭਗ 1 ਕਿਲੋਮੀਟਰ ਅਗਾਂਹ ਜਾ ਕੇ ਮਾਨਪੁਰ ਹੈਡ ਵਰਕਸ 'ਤੇ



ਇਸਦੀਆਂ ਚਾਰ ਨਹਿਰਾਂ ਬਣ ਜਾਂਦੀਆਂ ਹਨ। ਜੇ ਇਹਨਾਂ ਨਹਿਰਾਂ ਨੂੰ ਪੂਰਾ ਪਾਣੀ ਮਿਲੇ ਤਾਂ ਇਨ੍ਹਾਂ ਵਿਚ ਚਲਦੇ ਪਾਣੀ ਦੀ ਮਿਕਦਾਰ ਇਸ ਤਰ੍ਹਾਂ ਹੁੰਦੀ ਹੈ। ਲੁਧਿਆਣੇ ਵੱਲ ਨੂੰ ਜਾਣ ਵਾਲੀ ਸਿੱਧਵਾਂ ਕੈਨਾਲ ਵਿਚ 1750 ਕਿਊਸਕ। ਸੁਧਾਰ ਵੱਲ ਨੂੰ ਜਾਣ ਵਾਲੀ ਅਬੋਹਰ ਬਰਾਂਚ 3070 ਕਿਊਸਕ। ਦੱਧਾਹੂਰ ਵੱਲ ਨੂੰ ਜਾਣ ਵਾਲੀ ਬਠਿੰਡਾ ਬਰਾਂਚ 3135 ਕਿਊਸਕ। ਜੌੜੇ ਪੁਲਾਂ ਵਾਲੀ ਪਟਿਆਲਾ ਬਰਾਂਚ 4010 ਕਿਊਸਕ। ਖੰਨੇ ਅਤੇ ਸਰਹੰਦ ਦੇ ਵਿਚਕਾਰ ਪੈਂਦੀ ਪੱਕੀ ਨਹਿਰ ਭਾਖੜਾ ਮੇਨ ਲਾਇਨ ਵਿੱਚ 12500 ਕਿਊਸਕ ਪਾਣੀ ਵਗਦਾ ਹੈ ਜੋ ਜ਼ਿਆਦਾਤਰ ਹਰਿਆਣਾ ਨੂੰ ਜਾਂਦਾ ਹੈ ਜੀਹਦੇ ਚੋਂ ਕੁੱਝ ਕੁੱਝ ਪਾਣੀ ਪੰਜਾਬ ਅਤੇ ਰਾਜਸਥਾਨ ਨੂੰ ਵੀ ਮਿਲਦਾ ਹੈ। ਲੁਧਿਆਣਾ ਤੋਂ ਫਿਰੋਜ਼ਪੁਰ ਵਾਲੀ ਸੜਕ 'ਤੇ ਫਿਰੋਜ਼ਪੁਰ ਤੋਂ ਪਹਿਲਾਂ ਫੇਰੂ ਸ਼ਹਿਰ/ਫਿਰੋਜ਼ਸ਼ਾਹ ਦੇ ਮੁਕਾਮ 'ਤੇ ਆਉਂਦੀਆਂ ਦੋ ਨਹਿਰਾਂ ਵਿਚੋਂ ਜਿਹੜੀ ਚੌੜੀ ਨਹਿਰ ਰਾਜਸਥਾਨ ਫੀਡਰ ਵਾਲੀ ਆਖੀ ਜਾਂਦੀ ਹੈ, ਉਹਦੀ ਕਪੈਸਟੀ (ਸਮਰੱਥਾ) 18500 ਕਿਊਸਕ ਦੀ ਹੈ ਅਤੇ ਉਹਦੇ 'ਚ ਆਮ ਤੌਰ 'ਤੇ 15 ਹਜ਼ਾਰ ਕਿਊਸਕ ਪਾਣੀ ਛੱਡਿਆ ਜਾਂਦਾ ਹੈ। ਫਿਲੌਰ ਵਾਲੇ ਪੁਲ ਕੋਲੋਂ ਸਤਲੁਜ ਦਰਿਆ ਜੇ ਪੂਰੇ ਕੰਢਿਆਂ ਤੱਕ ਵਗੇ ਤਾਂ ਇਸ ਵਿਚ ਲਗਭਗ ਦੋ ਲੱਖ ਕਿਊਸਕ ਪਾਣੀ ਆ ਸਕਦਾ ਹੈ। ਇਹ ਤਾਂ ਪਾਣੀ ਦੇ ਘੱਟਣ-ਵੱਧਣ, ਹੋਣ-ਨਾ ਹੋਣ ਦਾ ਹਿਸਾਬ ਕਿਤਾਬ ਹੈ। ਨਿਰੀਆਂ ਕਿਤਾਬੀ ਗੱਲਾਂ। ਅਸਲ ਮਸਲਾ ਤਾਂ ਪੰਜਾਬ ਦੀ ਜ਼ਰਖੇਜ਼ ਧਰਤੀ ਨੂੰ ਟਿਊਬਵੈਲਾਂ ਅਤੇ ਬਿਜਲੀ ਦੇ ਰਹਿਮੋ ਕਰਮ ਉੱਤਰ ਰੱਖਣ ਦੀ ਥਾਂ ਇਸਦੇ ਦਰਿਆਈ ਪਾਣੀ ਸਭ ਤੋਂ ਪਹਿਲਾਂ ਇੱਥੋਂ ਦੇ ਕਿਸਾਨਾਂ ਨੂੰ ਦਿੱਤੇ ਜਾਣ ਹੈ। ਇਸੇ ਹੱਕ ਲਈ ਪੰਜਾਬੀ ਵਰ੍ਹਿਆਂ ਤੋਂ ਜਦੋਜਹਿਦ ਕਰਦੇ ਆ ਰਹੇ। ਪਰ ਕੇਂਦਰ ਸਰਕਾਰ ਵਲੋਂ ਪੰਜਾਬ ਦੇ ਪਾਣੀਆਂ ਦੀ ਲੁੱਟ ਰੁਕਣ ਦੀ ਥਾਂ ਵਧਦੀ ਜਾ ਰਹੀ ਹੈ। ਇਹੋ ਪੰਜਾਬ ਅਤੇ ਸਿੱਖ ਮਸਲੇ ਦੀ ਜੜ੍ਹ ਹੈ। ਦਿੱਲੀ ਦੇ ਹਾਕਮਾਂ ਨੂੰ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਦੇ ਕਿਸਾਨਾਂ ਨੂੰ ਪਾਣੀ ਚਾਹੀਦਾ ਹੈ ਮਹਿਜ਼ ਨਾਪ-ਤੋਲ ਨਹੀਂ।

# ਮੋਦੀ ਜੀ ਬੋਲੇ ਤਾਂ ਚੰਗਾ, ਪਰ ਕਈ ਸਵਾਲ ਛੱਡ ਗਏ

**ਉਰਮਿਲੇਸ਼**

ਲਾਲ ਕਿਲੇ ਦੀ ਫਸੀਲ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲਾਂ ਵਾਂਗ ਲੰਬਾ ਤੇ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ। ਉਨ੍ਹਾਂ ਨੇ ਢੇਰ ਸਾਰੇ ਮਾਮਲਿਆਂ ਨੂੰ ਉਠਾਇਆ ਤੇ ਆਪਣੀ ਸਰਕਾਰ ਦੀਆਂ ਬਹੁਤ ਸਾਰੀਆਂ ਪ੍ਰਾਪਤੀਆਂ ਗਿਣਵਾਈਆਂ। ਇਨ੍ਹਾਂ ਵਿਚ ਜ਼ਿਆਦਾਤਰ ਅਜਿਹੇ ਮਸਲਿਆਂ ਤੇ ਪ੍ਰਾਪਤੀਆਂ ਦੀ ਫਹਿਰਿਸਤ ਸੀ ਜੋ ਸਮੇਂ ਸਮੇਂ 'ਤੇ ਖ਼ੁਦ ਪ੍ਰਧਾਨ ਮੰਤਰੀ, ਉਨ੍ਹਾਂ ਦੇ ਸਹਿਯੋਗੀ ਮੰਤਰੀ ਤੇ ਵਿਭਾਗਾਂ ਦੇ ਉਚ ਅਧਿਕਾਰੀ ਲੋਕਾਂ ਅੱਗੇ ਪੇਸ਼ ਕਰਦੇ ਆ ਰਹੇ ਹਨ ਪਰ ਸ਼ਾਸਨ ਦੀਆਂ ਪ੍ਰਾਪਤੀਆਂ ਤੋਂ ਇਲਾਵਾ ਦੇਸ਼ ਤੇ ਆਵਾਮ ਅੱਗੇ ਢੇਰ ਸਾਰੀਆਂ ਸਮੱਸਿਆਵਾਂ, ਮੁਸ਼ਕਲਾਂ ਤੇ ਚੁਣੌਤੀਆਂ ਵੀ ਹਨ। ਉਨ੍ਹਾਂ ਦੇ ਲੰਬੇ ਭਾਸ਼ਣ ਵਿਚ ਇਨ੍ਹਾਂ ਮਸਲਿਆਂ ਨੂੰ ਲੈ ਕੇ ਕੋਈ ਠੋਸ ਦਿਸ਼ਾ ਦਾ ਸੰਕੇਤ ਨਹੀਂ ਨਜ਼ਰ ਆਇਆ। ਅਸੀਂ ਸ਼ੁਰੂਆਤ ਕਰਦੇ ਹਾਂ, ਬਿਲਕੁਲ ਹਾਲ ਦੀ ਹੀ ਘਟਨਾ ਨੂੰ ਲੈ ਕੇ।

**ਗੋਰਖਪੁਰ ਦਾ ਜ਼ਿਕਰ:**

ਗੋਰਖਪੁਰ ਵਿਚ ਮਹਿਜ਼ 3-4 ਦਿਨਾਂ ਅੰਦਰ 60 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ ਵਿਚੋਂ ਜ਼ਿਆਦਾਤਰ ਬੱਚੇ ਸਨ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਗੋਰਖਪੁਰ ਤੋਂ ਆਉਂਦੇ ਹਨ। ਉਹ ਉਥੋਂ 5 ਵਾਰ ਸੰਸਦ ਮੈਂਬਰ ਰਹਿ ਚੁੱਕੇ ਹਨ। ਗੋਰਖਪੁਰ ਵਿਚ ਹੁਣੇ ਹੁਣੇ ਜੋ ਕੁਝ ਹੋਇਆ, ਉਹ ਅਚਾਨਕ ਤੇ ਪਹਿਲੀ ਵਾਰ ਨਹੀਂ ਹੋਇਆ। ਉਸ ਇਲਾਕੇ ਵਿਚ 1977-78 ਦੇ ਦੌਰ ਤੋਂ ਹੀ ਲੋਕ, ਖ਼ਾਸ ਤੌਰ 'ਤੇ ਬੱਚੇ ਦਿਮਾਗੀ ਬੁਖ਼ਾਰ (ਸੈਫੇਲਾਈਟਸ) ਕਾਰਨ ਅਕਾਲ ਮੌਤ ਦੇ ਸ਼ਿਕਾਰ ਹੁੰਦੇ ਆ ਰਹੇ ਹਨ। ਦਸਦੇ ਹਨ ਕਿ ਹੁਣ ਤਕ ਇਸ ਇਲਾਕੇ ਵਿਚ ਤਕਰੀਬਨ ਇਕ ਲੱਖ ਬੱਚੇ ਇਸ ਬਿਮਾਰੀ ਨਾਲ ਮਰ ਚੁੱਕੇ ਹਨ। ਉਦੋਂ ਤੋਂ ਪਤਾ ਨਹੀਂ ਕਿੰਨੀਆਂ ਸਰਕਾਰਾਂ ਆਈਆਂ ਅਤੇ ਗਈਆਂ।

ਜੇਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਚਮੁੱਚ ਆਪਣੇ 'ਨਿਊ ਇੰਡੀਆ' ਦੇ ਨਾਅਰੇ ਅਤੇ ਉਸ ਵਿਚ ਮੌਜੂਦ ਧਾਰਨਾ (ਜੇਕਰ ਉਸ ਵਿਚ ਸੁਖੀ, ਖ਼ੁਸ਼ਹਾਲ ਤੇ ਸਿਹਤਮੰਦ ਭਾਰਤ ਦਾ ਸੰਕਲਪ ਵੀ ਸ਼ਾਮਲ ਹੈ।) ਨੂੰ ਲੈ ਕੇ ਗੰਭੀਰ ਹਨ ਤਾਂ ਉਨ੍ਹਾਂ ਨੂੰ ਦੇਸ਼ ਅੱਗੇ ਇਕ ਮਜ਼ਬੂਤ ਸਿਹਤਮੰਦ ਨੀਤੀ ਦਾ ਖਾਕਾ ਪੇਸ਼ ਕਰਨਾ ਚਾਹੀਦਾ ਸੀ, ਜੋ ਸਾਡੇ ਬੱਚਿਆਂ ਦੀਆਂ ਬੇਹਿਸਾਬ ਅਕਾਲ ਮੌਤਾਂ 'ਤੇ ਰੋਕ ਲਾਏ ਤੇ ਉਨ੍ਹਾਂ ਦੀ ਸੁਖੀ ਤੇ ਸਿਹਤਮੰਦ ਜ਼ਿੰਦਗੀ ਨਿਸਚਿਤ ਕਰੇ। ਪੰਜ ਸਾਲ ਤਕ ਦੇ ਬੱਚਿਆਂ ਦੇ ਕੁਪੋਸ਼ਣ ਦੇ ਮਾਮਲੇ ਭਾਰਤ ਦੀ ਸਥਿਤੀ ਅੱਜ ਵੀ ਬੇਹੱਦ ਪਤਲੀ ਹੈ।

**ਭਾਰਤ ਨੂੰ ਨਿਰਾਸ਼ ਕੀਤਾ...**

ਸਾਡੇ ਗਵਾਂਢੀ ਬੰਗਲਾਦੇਸ਼, ਸ੍ਰੀਲੰਕਾ ਤੇ ਨੇਪਾਲ ਵੀ ਇਸ ਮਾਮਲੇ ਵਿਚ ਸਾਡੇ ਤੋਂ ਚੰਗੀ ਸਥਿਤੀ ਵਿਚ ਹਨ। ਕੁਪੋਸ਼ਣ ਦੇ ਮਾਮਲੇ ਵਿਚ ਉਤਰ ਪ੍ਰਦੇਸ਼ ਤੇ ਗੁਜਰਾਤ ਬਦਹਾਲ ਸੂਬਿਆਂ ਦੀ ਸੂਚੀ ਵਿਚ ਕਾਫ਼ੀ ਉਪਰ ਹੈ, ਜਿੱਥੇ 40 ਫੀਸਦ ਬੱਚੇ ਕੁਪੋਸ਼ਤ ਹਨ। ਉਹ ਅਕਾਲ ਮੌਤ ਦੇ ਸ਼ਿਕਾਰ ਹੁੰਦੇ ਹਨ ਜਾਂ ਅਪਾਹਜ, ਬੌਣੇ ਜਾਂ ਜੀਵਨ ਭਰ ਲਈ ਕਮਜ਼ੋਰ ਹੋ ਜਾਂਦੇ ਹਨ। ਪਰ ਬਿਮਾਰੀ, ਅਕਾਲ ਮੌਤਾਂ ਤੇ ਕੁਪੋਸ਼ਣ ਦੇ ਪ੍ਰਤੀਕ ਬਣ ਰਹੇ ਗੋਰਖਪੁਰ ਦੇ ਸਵਾਲ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ ਨਿਰਾਸ਼ ਕੀਤਾ।

ਬੜੇ ਚਲਾਊ ਢੰਗ ਨਾਲ ਉਨ੍ਹਾਂ ਨੇ ਕੁਦਰਤੀ ਆਫ਼ਤ ਦਾ ਜ਼ਿਕਰ ਕਰਨ ਦੇ ਕ੍ਰਮ ਵਿਚ ਗੋਰਖਪੁਰ ਦੀ ਤਰਾਸਦੀ ਦਾ ਵੀ ਹਵਾਲਾ ਦਿੱਤਾ। ਭਾਰਤ ਵਿਚ ਇਸ ਵਕਤ ਲੋਕ ਸਿਹਤ 'ਤੇ ਕੁੱਲ ਖ਼ਰਚ ਜੀ.ਡੀ.ਪੀ. ਦੇ 1.2 ਫ਼ੀਸਦੀ ਦੇ ਨੇੜੇ-ਤੇੜੇ ਹੈ।

ਸਰਕਾਰ ਨੇ ਇਸ ਨੂੰ 2.5 ਫੀਸਦ ਕਰਨ ਦਾ ਵਾਅਦਾ ਕੀਤਾ ਹੈ। ਪਰ ਸੰਯੁਕਤ ਰਾਸ਼ਟਰ ਸੰਘ ਤੇ ਸਬੰਧਤ ਏਜੰਸੀਆਂ ਦੀ ਸਿਫ਼ਾਰਸ਼ ਘੱਟੋ-ਘੱਟ 6 ਫੀਸਦੀ ਕਰਨ ਦੀ ਰਹੀ ਹੈ। ਦੁਨੀਆ



ਦੇ ਅਨੇਕ ਵਿਕਾਸਸ਼ੀਲ ਦੇਸ਼ 4 ਫੀਸਦੀ ਖ਼ਰਚ ਕਰ ਰਹੇ ਹਨ ਜਦਕਿ ਵਿਕਸਤ ਦੇਸ਼ਾਂ ਵਿਚ ਇਹ 6 ਤੋਂ 10 ਫ਼ੀਸਦੀ ਵਿਚਾਲੇ ਹੈ।

**ਪੰਜ ਵੱਡੀਆਂ ਸਮੱਸਿਆਵਾਂ...**

ਮੇਰੀ ਸਮਝ ਮੁਤਾਬਕ ਭਾਰਤ ਦੀਆਂ ਪੰਜ ਵੱਡੀਆਂ ਸਮੱਸਿਆਵਾਂ ਨੂੰ ਇਕ ਲੜੀ ਵਿਚ ਰੱਖਿਆ ਜਾਵੇ ਤਾਂ ਉਹ ਹੈ-ਸਿੱਖਿਆ, ਸਿਹਤ, ਰੁਜ਼ਗਾਰ, ਸਿਆਸੀ ਸੁਧਾਰ, ਜਾਤੀਵਾਦ ਤੇ ਫਿਰਕੂਵਾਦ।

ਭਾਰਤ ਨੇ ਆਰਥਿਕ ਸੁਧਾਰ ਤਾਂ ਕਰ ਲਿਆ, ਪਰ ਸਿਆਸੀ ਸੁਧਾਰ ਦੇ ਏਜੰਡੀ ਜਿਸ ਵਿਚ ਚੋਣ ਸੁਧਾਰ ਸਭ ਤੋਂ ਅਹਿਮ ਹੈ, ਨੂੰ ਅੱਜ ਤਕ ਸੰਬੋਧਨ ਨਹੀਂ ਕੀਤਾ ਗਿਆ। ਪ੍ਰਧਾਨ ਮੰਤਰੀ ਨੇ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇਸ਼ ਦੇ ਵਿਸ਼ਵ ਪੱਧਰੀ ਯੂਨੀਵਰਸਿਟੀ ਬਣਾਉਣ ਲਈ ਪ੍ਰਤੀਬੱਧ ਹੈ। ਇਸ ਲਈ ਹਜ਼ਾਰ ਕਰੋੜ ਤਕ ਦਿੱਤਾ ਜਾਵੇਗਾ। ਪ੍ਰਧਾਨ ਮੰਤਰੀ ਜੀ ਦਾ ਇਹ ਇਕ ਚੰਗਾ ਸੰਕਲਪ ਹੈ। ਪਰ ਸਰਕਾਰ ਦੇ ਦਾਅਵੇ ਤੇ ਅਸਲੀਅਤ ਵਿਚ ਫ਼ਰਕ ਦਿਖਾਈ ਦਿੰਦਾ ਹੈ। ਸਰਕਾਰ ਦੀ ਆਪਣੀ ਸੂਚੀ ਵਿਚ ਸਰਵੋਤਮ ਯੂਨੀਵਰਸਿਟੀ ਇਸ ਵਕਤ ਜੇ.ਐਨ.ਯੂ. ਹੈ ਪਰ ਸ਼ਾਸਨ ਉਸ ਦੇ ਕੈਂਪਸ ਵਿਚ ਟੈਂਕ ਰਖਵਾਉਣ 'ਤੇ ਉਤਾਰੂ ਨਜ਼ਰ ਆਉਂਦਾ ਹੈ।

ਉਸ ਨੂੰ ਨਸ਼ਟ ਕਰਨ ਦੀ ਮੁਹਿੰਮ ਤੇਜ਼ ਹੈ। ਰੁਜ਼ਗਾਰ ਦੇ ਮੋਰਚੇ 'ਤੇ ਪ੍ਰਧਾਨ ਮੰਤਰੀ ਨੇ ਕੋਈ ਠੋਸ ਟਿੱਪਣੀ ਨਹੀਂ ਕੀਤੀ, ਪੁਰਾਣੀਆਂ ਗੱਲਾਂ ਹੀ ਦੁਹਰਾਈਆਂ ਕਿ ਕਿਵੇਂ ਲੋਕ ਸਵੈ-ਨਿਵੇਸ਼ ਕਰ ਰਹੇ ਹਨ ਤੇ ਦੂਸਰਿਆਂ ਨੂੰ ਰੁਜ਼ਗਾਰ ਦੇ ਰਹੇ ਹਨ।

**ਰੁਜ਼ਗਾਰ ਦੀ ਕਹਾਣੀ...**

ਪਰ ਰੁਜ਼ਗਾਰ ਪੈਦਾ ਕਰਨ ਦੀ ਅਸਲ ਕਹਾਣੀ ਬਹੁਤ ਚਿੰਤਾਜਨਕ ਹੈ। ਨਿਰਮਾਣ ਖੇਤਰ ਵਿਚ ਵਾਧਾ ਨਹੀਂ ਹੈ, ਨੋਟਬੰਦੀ ਨੇ ਉਸ ਨੂੰ ਹੋਰ ਤਬਾਹ ਕਰ ਦਿੱਤਾ ਹੈ। ਰੁਜ਼ਗਾਰ ਪੈਦਾ ਕਰਨ ਦੀ ਬਜਾਏ ਪਹਿਲਾਂ ਤੋਂ ਆਬਾਦ ਖੇਤਰਾਂ ਵਿਚ ਬਦਹਾਲੀ ਤੇ ਬੇਰੁਜ਼ਗਾਰੀ ਵਧੀ ਹੈ। ਆਪਣੀ ਪਾਰਟੀ ਦੇ ਕਈ ਸਾਬਕਾ ਨੇਤਾਵਾਂ ਵਾਂਗ ਪ੍ਰਧਾਨ ਮੰਤਰੀ ਅਕਸਰ ਆਪਣੇ ਭਾਸ਼ਣਾਂ ਵਿਚ ਭਰਮ ਦੀ ਵਾਛੜ ਕਰਦੇ ਹਨ। ਉਨ੍ਹਾਂ ਦੇ ਨਾਅਰੇ ਵੀ ਬੇਹੱਦ ਆਕਰਸ਼ਕ ਹੁੰਦੇ ਹਨ। ਲਾਲ ਕਿਲੇ ਦੀ ਫਸੀਲ ਤੋਂ ਇਸ ਵਾਰ ਉਨ੍ਹਾਂ ਨੇ ਕਿਹਾ, 'ਉਦੋਂ ਨਾਅਰਾ ਸੀ, 'ਭਾਰਤ ਛੱਡੋ', ਅੱਜ ਦਾ ਨਾਅਰਾ ਹੈ-'ਭਾਰਤ ਜੋੜੋ'।' ਪਰ ਅੱਜ ਦੇਸ਼ ਵਿਚ ਜਾਤੀਗਤ ਅਤੇ ਫਿਰਕੂ ਵੰਡ ਤੇ ਨਫ਼ਰਤ ਵਿਚ ਵਾਧਾ ਹੋ ਰਿਹਾ ਹੈ। ਸਰਕਾਰੀ ਅੰਕੜੇ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ। ਭੀੜ ਵਲੋਂ ਕੁੱਟ ਕੁੱਟ ਕੇ ਮਾਰਨ ਵਿਚ ਇਸ ਦੀ ਭਿਆਨਕ ਤਸਵੀਰ ਦਿਖਾਈ ਦਿੰਦੀ ਹੈ।

**ਕਸ਼ਮੀਰ ਦੀ ਗੱਲ...**

ਅਜਿਹੇ ਵਿਚ 'ਭਾਰਤ ਜੋੜੋ' ਦਾ ਨਾਅਰਾ ਕਿਵੇਂ ਕਾਮਯਾਬ ਹੋਵੇਗਾ ਪ੍ਰਧਾਨ ਮੰਤਰੀ ਜੀ! ਸਿਰਫ਼ ਇਹ ਕਹਿਣ ਨਾਲ ਗੱਲ ਨਹੀਂ ਬਣੇਗੀ ਕਿ 'ਆਸਥਾ ਦੇ ਨਾਂ 'ਤੇ ਹਿੰਸਾ ਮਨਜ਼ੂਰ ਨਹੀਂ।' ਅੱਜ ਤਾਂ ਆਸਥਾ ਦੇ ਨਾਂ 'ਤੇ ਕੁਝ ਸਿਰਫਿਰੇ ਲੋਕ 'ਭੀੜ ਦੀ ਗੁੰਡਾਗਰਦੀ' ਦੇ ਮੋਹਰੀਆਂ ਨੂੰ ਆਪਣਾ 'ਹੀਰੋ' ਬਣਾ ਰਹੇ ਹਨ। ਗਊ ਰਾਖਿਆਂ ਦੇ ਗਿਰੋਹ ਕਿਸੇ 'ਨਿੱਜੀ ਸੈਨਾ' ਵਾਂਗ ਵਿਚਰ ਰਹੇ ਹਨ ਤੇ ਅਨੇਕ ਥਾਵਾਂ 'ਤੇ ਉਨ੍ਹਾਂ ਨੂੰ ਬਾਕਾਇਦਾ ਰਾਜ ਦੀ ਸੁਰੱਖਿਆ ਮਿਲ ਰਹੀ ਹੈ। ਕਸ਼ਮੀਰ 'ਤੇ ਵੀ ਪ੍ਰਧਾਨ ਮੰਤਰੀ ਦੀ ਟਿੱਪਣੀ ਵਿਚ ਜਾਦੂਈ ਭਾਸ਼ਾ ਦੀ ਸੁੰਦਰਤਾ ਨਾਲੋਂ ਕੁਝ ਜ਼ਿਆਦਾ ਨਜ਼ਰ ਨਹੀਂ ਆਇਆ। ਖ਼ੁਦ ਉਨ੍ਹਾਂ ਦੇ ਰੱਖਿਆ ਮੰਤਰੀ ਦੇ ਸ਼ਬਦਾਂ ਵਿਚ ਜਿੱਥੇ ਯੁੱਧ ਵਰਗੇ ਹਾਲਾਤ ਹਨ, ਉਥੇ 'ਗਨ' ਤੇ ਗੋਲੀ' ਹੀ ਨਹੀਂ 'ਪੈਲੇਟ ਗਨਾਂ' ਵੀ ਰੁਕੀਆਂ ਨਹੀਂ ਹਨ। ਅਜਿਹੇ ਵਿਚ ਕਸ਼ਮੀਰੀਆਂ ਨੂੰ ਗਲ ਲਾਉਣ ਦੀ ਗੱਲ ਸੁੰਦਰ ਤਾਂ ਲਗਦੀ ਹੈ ਪਰ ਅਸਲੀਅਤ ਨਹੀਂ। ਪ੍ਰਧਾਨ ਮੰਤਰੀ ਨੂੰ ਇਸ ਤੱਥ 'ਤੇ ਗੰਭੀਰ ਚਿੰਤਨ ਕਰਨਾ ਚਾਹੀਦਾ ਹੈ ਕਿ 2014 ਤਕ ਕਸ਼ਮੀਰ ਲਗਭਗ ਪਟਰੀ 'ਤੇ ਆ ਗਿਆ ਸੀ।

**ਨਿਊ ਇੰਡੀਆ ਦਾ ਨਾਅਰਾ...**

ਪਰ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਕਸ਼ਮੀਰ ਨੀਤੀ ਦੇ ਸਕਾਰਾਤਮਕ ਕਦਮ ਅਚਾਨਕ ਰੁਕ ਕਿਉਂ ਗਏ? ਨਤੀਜਾ ਸਾਹਮਣੇ ਹੈ-ਅੱਜ ਕਸ਼ਮੀਰ ਵਿਚ ਅਤਿਵਾਦ ਦੇ ਦੌਰ ਦੀ ਭਿਆਨਕ ਵਾਪਸੀ ਹੋ ਚੁੱਕੀ ਹੈ। ਕੀ ਕਸ਼ਮੀਰ ਵਰਗੀ ਸਮੱਸਿਆ ਦਾ ਸਿਰਫ਼ ਫ਼ੌਜੀ ਹੱਲ ਹੈ ਜਾਂ ਸਿਆਸੀ ਪਹਿਲ ਵੀ ਜ਼ਰੂਰੀ ਹੈ? ਬੀਤੇ 3 ਸਾਲਾਂ ਵਿਚ ਸਰਕਾਰ ਨੇ ਕਸ਼ਮੀਰ ਮਸਲੇ 'ਤੇ ਕਿਸ ਤਰ੍ਹਾਂ ਦੇ ਸਿਆਸੀ ਕਦਮ ਚੁੱਕੇ?

ਪ੍ਰਧਾਨ ਮੰਤਰੀ ਇਨ੍ਹੀਂ ਦਿਨੀਂ ਆਪਣੇ ਪਸੰਦੀਦਾ ਨਾਅਰੇ 'ਨਿਊ ਇੰਡੀਆ' ਦਾ ਵਾਰ ਵਾਰ ਜ਼ਿਕਰ ਕਰਦੇ ਹਨ। ਆਜ਼ਾਦੀ ਜਸ਼ਨਾਂ ਮੌਕੇ ਵੀ ਕੀਤਾ। ਉਨ੍ਹਾਂ ਕਿਹਾ ਕਿ 'ਨਿਊ ਇੰਡੀਆ' ਵਿਚ ਲੋਕ ਚਲਾਉਣਗੇ ਆਪਣੇ ਤੰਤਰ, ਲੋਕਾਂ ਨੂੰ ਤੰਤਰ ਨਹੀਂ ਚਲਾਏਗਾ।

ਟੈਕਸ ਵਸੂਲੀ, ਨੋਟਬੰਦੀ, ਜੀ.ਐਸ.ਟੀ. ਸਮੇਤ ਆਪਣੀ ਸਰਕਾਰ ਦੇ ਕਥਿਤ ਸਖ਼ਤ ਫ਼ੈਸਲਿਆਂ ਦਾ ਵੀ ਉਨ੍ਹਾਂ ਨੇ ਹਵਾਲਾ ਦਿੱਤਾ। ਕੇਂਦਰ-ਸੂਬਿਆਂ ਵਿਚਾਲੇ ਸਬੰਧਾਂ ਦੇ ਸਬੰਧ ਵਿਚ ਕੋਆਪਰੇਟਿਵ-ਕੰਪਟੇਟਿਵ ਫੈਡਰਲਿਜ਼ਮ ਦੀ ਚਰਚਾ ਕੀਤੀ ਪਰ ਇਨ੍ਹਾਂ ਤਮਾਮ ਮਸਲਿਆਂ ਵਿਚਾਲੇ ਇਕ ਸਵਾਲ ਬਾਕੀ ਰਹਿ ਗਿਆ ਹੈ। ਵਿਰੋਧੀ ਧਿਰ ਤੇ ਸਮਾਜ ਦੇ ਇਕ ਹਿੱਸੇ ਵਿਚ ਅੱਜ ਸਰਕਾਰ ਦੀ ਨੀਤੀ ਤੇ ਨਿਯਤ 'ਤੇ ਵੱਡੇ ਸਵਾਲ ਉਠ ਰਹੇ ਹਨ ਕਿ ਸਰਕਾਰ ਯੋਜਨਾ ਤਹਿਤ ਵਿਰੋਧੀ ਧਿਰ ਦੀ ਹਕੂਮਤ ਵਾਲੇ ਸੂਬਿਆਂ ਲਈ ਮੁਸ਼ਕਲਾਂ ਪੈਦਾ ਕਰ ਰਹੀ ਹੈ ਤੇ ਵਿਰੋਧੀ ਧਿਰ ਦੇ ਨੇਤਾਵਾਂ, ਆਪਣੇ ਆਲੋਚਕਾਂ ਅਤੇ ਅਸਹਿਮਤ ਲੋਕਾਂ ਖ਼ਿਲਾਫ਼ 'ਟੈਕਸ ਹਊਆ' ਜਾਂ ਤਰ੍ਹਾਂ ਤਰ੍ਹਾਂ ਦੇ ਹੱਥਕੰਡੇ ਦਾ ਸਹਾਰਾ ਲੈ ਰਹੀ ਹੈ। ਅੰਤ ਵਿਚ ਪ੍ਰਧਾਨ ਮੰਤਰੀ ਨੇ 'ਖ਼ੂਬਸੂਰਤ ਤੇ ਵੱਡਾ ਭਾਰਤ' ਬਣਾਉਣ ਦਾ ਸੱਦਾ ਦਿੱਤਾ ਹੈ। ਚੰਗਾ ਲੱਗਾ। ਭਾਵਨਾ ਚੰਗੀ ਰਹੀ ਹੋਵੇਗੀ। ਪਰ ਇਹ ਦੱਸਣਾ ਜ਼ਰੂਰੀ ਹੈ ਕਿ ਦੇਸ਼ ਕੋਈ ਇੱਟ-ਪੱਥਰ ਨਾਲ ਬਣਨ ਵਾਲੀ ਇਮਾਰਤ ਨਹੀਂ, ਉਹ ਆਮ ਅਤੇ ਖ਼ਾਸ, ਤਮਾਮ ਤਰ੍ਹਾਂ ਦੇ ਲੋਕਾਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਨਾਲ ਬਣਨ ਤੇ ਸੰਵਰਨ ਵਾਲੀ ਜਿਉਂਦੀ ਜਾਗਦੀ ਸਰੰਚਨਾ ਹੈ। ਦੇਸ਼ ਵਾਸੀਆਂ ਨੂੰ ਡਰ ਮੁਕਤ, ਸੁਖੀ, ਸਿੱਖਿਅਤ, ਸਿਹਤਮੰਦ ਤੇ ਖ਼ੁਸ਼ਹਾਲ ਬਣਾ ਕੇ ਹੀ ਖ਼ੂਬਸੂਰਤ ਤੇ ਵੱਡਾ ਬਣਾਇਆ ਜਾ ਸਕਦਾ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ 7ਵਾਂ ਮਹਾਨ ਨਗਰ ਕੀਰਤਨ 20 ਅਗਸਤ ਐਤਵਾਰ ਨੂੰ

**ਨਿਊਯਾਰਕ/ਬਿਊਰੋ ਨਿਊਜ਼:** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ, ਕਿ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ, ਜੋ 22 ਅਗਸਤ 2017 ਨੂੰ ਆ ਰਿਹਾ ਹੈ, ਦੇ ਸੰਬੰਧ ਵਿੱਚ 7ਵਾਂ ਮਹਾਨ ਨਗਰ ਕੀਰਤਨ 20 ਅਗਸਤ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ। ਇਹ ਸ਼ਾਨਦਾਰ ਨਗਰ ਕੀਰਤਨ ਦੁਪਹਿਰ 12:00 ਵਜੇ ਗੁਰਦੁਆਰਾ ਸਾਹਿਬ ਤੋਂ ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਜ ਪਿਆਰੇ ਸਾਹਿਬਾਨ ਅਤੇ ਪੰਜ ਨਿਸ਼ਾਨਚੀ ਸਾਹਿਬਾਨ ਦੀ ਅਗਵਾਈ ਵਿੱਚ ਅਰੰਭ ਹੋਵੇਗਾ। ਟਰਾਈ ਸਿਟੀ ਦੀਆਂ ਸੰਗਤਾਂ ਦੀ ਭਰਵੀਂ ਸ਼ਮੂਲੀਅਤ ਵਾਲਾ ਨਗਰ ਕੀਰਤਨ 118 ਸਟਰੀਟ ਤੋਂ 101 ਐਵੀਨਿਊ ਤੇ ਹੁੰਦਾ ਹੋਇਆ, 101 ਐਵੀਨਿਊ ਤੇ ਸਥਿਤ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਥੋੜੀ ਦੇਰ ਰੁਕਣ ਉਪਰੰਤ, 111 ਸਟਰੀਟ ਤੋਂ ਹੋ ਕੇ ਲਿਬਰਟੀ ਐਵੀਨਿਊ ਤੋਂ ਹੁੰਦਾ ਹੋਇਆ, 123 ਸਟਰੀਟ ਤੋਂ ਅਟਲਾਂਟਿਕ ਐਵਿਨਿਊ ਤੋਂ ਹੋ ਕੇ ਬਾਅਦ ਦੁਪਹਿਰ 3:30 ਵਜੇ ਗੁਰਦੁਆਰਾ ਸਾਹਿਬ ਆ ਕੇ ਅਰਦਾਸ ਨਾਲ ਸੰਪੰਨ ਹੋਵੇਗਾ। ਨਗਰ ਕੀਰਤਨ ਦੇ ਰਸਤੇ ਵਿੱਚ ਸੰਗਤਾਂ ਵਲੋਂ ਥਾਂ-ਥਾਂ ਤੇ ਲੰਗਰ ਲਗਾਏ ਜਾਂਦੇ ਹਨ। ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਯਤਨਾਂ ਸਦਕਾ ਸੱਚਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਜਿਸ ਅਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪਕਾਸ਼ ਹੋਇਆ ਸੀ, ਉਸ ਅਸਥਾਨ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਜੀ ਖਾਲਸਾ ਬੰਬੇ ਵਾਲੇ ਉਚੇਚਾ ਇਸ ਨਗਰ ਕੀਰਤਨ ਵਿੱਚ ਪਹੁੰਚ ਰਹੇ ਹਨ। ਉਨ੍ਹਾਂ ਦਾ 18 ਅਗਸਤ 2017 ਤੋਂ ਗੁਰੂ ਘਰ ਵਿੱਚ ਕੀਰਤਨ ਦੀ ਹਾਜ਼ਰੀ ਭਰਨ ਦਾ ਪ੍ਰੋਗਰਾਮ ਹੈ। ਇਸਤੋਂ ਇਲਾਵਾ ਸਿੱਖ ਪੰਥ ਦੇ ਮਹਾਨ ਰਾਗੀ ਭਾਈ ਖਲਦਲਖੰਡਨ ਸਿੰਘ ਜੀ ਹੁਸ਼ਿਆਰਪੁਰ ਵਾਲੇ, ਭਾਈ ਇੰਦਰਪ੍ਰੀਤ ਸਿੰਘ ਜੀ ਅਲੰਕਾਰੀ, ਢਾਡੀ ਜਥਾ ਭਾਈ ਕੇਵਲ ਸਿੰਘ ਕੋਮਲ ਤੇ ਕਥਾਵਾਚਕ ਗਿਆਨੀ ਜਗਬੀਰ ਸਿੰਘ ਜੀ ਨਗਰ ਕੀਰਤਨ ਤੇ ਹਾਜ਼ਰੀ ਭਰ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ 22 ਅਗਸਤ ਮੰਗਲਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਦਿਨ ਭਰ ਦੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ। ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਤੋਂ ਬਾਅਦ ਆਤਮ ਰਸ ਕੀਰਤਨ ਦਰਬਾਰ ਸਜਾਏ ਜਾਣਗੇ ਉਪਰੰਤ ਜੈਕਾਰਿਆਂ ਦੀ ਗੂੰਜ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਫੁੱਲਾਂ ਦੀ ਵਰਖਾ ਕਰਦਿਆਂ ਦਿਨ ਭਰ ਦੇ ਦਿਵਾਨਾਂ ਦੀ ਸਮਾਪਤੀ ਹੋਵੇਗੀ। ਗੁਰੂ ਘਰ ਦੇ ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ, ਚੇਅਰਮੈਨ ਸੁਰਜੀਤ ਸਿੰਘ ਮੁਧਲ, ਜਨਰਲ ਸਕੱਤਰ ਭੁਪਿੰਦਰ ਸਿੰਘ ਅਟਵਾਲ ਵਲੋਂ ਸਮੂਹ ਸੰਗਤਾਂ, ਗੁਰੂਘਰਾਂ ਤੇ ਪੰਥਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਪ ਸਭ ਆਪਣੇ ਪਰਿਵਾਰਾਂ ਸਮੇਤ ਨਗਰ ਕੀਰਤਨ ਵਿੱਚ ਪਹੁੰਚ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਰਾਣਾ ਅਯੂਬ ਨੂੰ 'ਸਾਹਸੀ ਪੱਤਰਕਾਰੀ ਐਵਾਰਡ'

## ਸਰੀ 'ਚ 'ਰੈਡੀਕਲ ਦੇਸੀ' ਵਲੋਂ ਦਲੇਰ ਪੱਤਰਕਾਰ ਤੇ ਲੇਖਿਕਾ ਦਾ ਸਨਮਾਨ

**ਸਰੀ/ਬਿਊਰੋ ਨਿਊਜ਼ :** ਭਾਰਤ ਵਿੱਚ ਮੁਸਲਮਾਨਾਂ ਦੇ ਯੋਜਨਾਬੱਧ ਕਤਲਾਂ ਵਿੱਚ ਅਧਿਕਾਰੀਆਂ ਦੀ ਸ਼ਮੂਲੀਅਤ ਜੱਗ ਜ਼ਾਹਰ ਕਰਨ ਵਾਲੀ ਦਲੇਰ ਲੇਖਿਕਾ ਤੇ ਪੱਤਰਕਾਰ ਰਾਣਾ ਅਯੂਬ ਦਾ ਇੱਥੇ 'ਰੈਡੀਕਲ ਦੇਸੀ' ਨੇ ਸਨਮਾਨ ਕੀਤਾ। ਸਰੀ ਸੈਂਟਰਲ ਲਾਇਬ੍ਰੇਰੀ ਦੇ ਡਾ. ਅੰਬੇਦਕਰ ਰੂਮ ਵਿੱਚ ਹੋਏ ਸਮਾਰੋਹ ਵਿੱਚ ਰਾਣਾ ਅਯੂਬ ਨੂੰ 'ਸਾਹਸੀ ਪੱਤਰਕਾਰੀ ਲਈ ਐਵਾਰਡ' ਦਿੱਤਾ ਗਿਆ। ਐਵਾਰਡ ਦੇਣ ਵਾਲਿਆਂ ਵਿੱਚ ਮਨੁੱਖੀ ਅਧਿਕਾਰ ਕਾਰਕੁਨ ਤੇ ਵਕੀਲ ਅਮਨਦੀਪ ਸਿੰਘ ਸ਼ਾਮਲ ਸੀ, ਜਿਨ੍ਹਾਂ ਨੂੰ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੀ.ਐਨ. ਸਾਈਬਾਬਾ ਦੇ ਹੱਕ ਵਿੱਚ ਪਟੀਸ਼ਨ ਤਿਆਰ ਕਰਨ ਬਦਲੇ ਹਾਲ ਹੀ ਵਿੱਚ 'ਰੈਡੀਕਲ ਦੇਸੀ' ਨੇ ਸਨਮਾਨਿਤ ਕੀਤਾ ਸੀ। ਐਵਾਰਡ ਦੇਣ ਵਾਲਿਆਂ ਵਿੱਚ 'ਰੈਡੀਕਲ ਦੇਸੀ' ਦੇ ਬਾਨੀ ਪੁਰਸ਼ੋਤਮ ਦੁਸਾਂਝ ਅਤੇ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਸਾਹਿਬ ਥਿੰਦ ਸ਼ਾਮਲ ਸਨ।



'ਗੁਜਰਾਤ ਫਾਈਲਜ਼' ਨਾਂ ਦੀ ਪੁਸਤਕ ਦੀ ਲੇਖਿਕਾ ਰਾਣਾ ਅਯੂਬ ਨੇ 'ਤਹਿਲਕਾ' ਰਸਾਲੇ ਲਈ ਸਟਿੰਗ ਕਰਦਿਆਂ ਭਾਰਤ ਵਿੱਚ ਮੁਸਲਮਾਨਾਂ ਦੇ ਕਤਲਾਂ ਵਿੱਚ ਪ੍ਰਸ਼ਾਸਕੀ ਤੇ ਪੁਲੀਸ ਅਧਿਕਾਰੀਆਂ ਦੀ ਭੂਮਿਕਾ ਨੂੰ ਜੱਗ ਜ਼ਾਹਰ ਕੀਤਾ ਸੀ। ਇਕੱਠ ਦੌਰਾਨ ਰਾਣਾ ਅਯੂਬ ਨੇ ਦੱਸਿਆ ਕਿ ਸਟਿੰਗ ਅਪਰੇਸ਼ਨ ਦੌਰਾਨ ਉਸ ਨੇ ਕਿਵੇਂ ਇਕ ਹਿੰਦੂ ਔਰਤ ਦਾ ਭੇਸ ਧਾਰ ਕੇ ਪੁਲੀਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਦੋਸਤੀ ਗੰਢੀ। ਉਨ੍ਹਾਂ ਬਾਅਦ ਵਿੱਚ ਮੁਸਲਮਾਨਾਂ ਖ਼ਿਲਾਫ਼ ਹਿੰਸਾ ਅਤੇ ਇਨ੍ਹਾਂ ਜੁਰਮਾਂ ਵਿੱਚ ਭਾਜਪਾ ਸਰਕਾਰ ਅਤੇ ਮੋਦੀ ਦੀ ਸ਼ਮੂਲੀਅਤ ਬਾਰੇ ਦੱਸਿਆ। ਸਮਾਗਮ ਬਾਰੇ ਉਨ੍ਹਾਂ ਕਿਹਾ ਕਿ ਡਾ. ਅੰਬੇਦਕਰ ਰੂਮ ਵਿੱਚ ਇਹ ਪ੍ਰੋਗਰਾਮ ਕਰਵਾਉਣਾ ਭਾਰਤੀ ਸੰਵਿਧਾਨ ਨਿਰਮਾਤਾ ਨੂੰ ਢੁਕਵੀਂ ਸ਼ਰਧਾਂਜਲੀ ਹੈ।

# ਪਹਿਲਵਾਨ ਹਰਭਜਨ ਸਿੰਘ ਭੱਜੀ ਦਾ ਫਰਿਜਨੋ ਵਿਖੇ ਸਨਮਾਨ



**ਫਰਿਜਨੋ(ਨੀਟਾ ਮਾਛੀਕੇ/ਕੁਲਵੰਤ ਧਾਲੀਆਂ):** ਪੰਜਾਬ ਪੁਲਿਸ ਦੇ ਏ ਐਸ ਆਈ ਹਰਭਜਨ ਸਿੰਘ ਭੱਜੀ ਪਹਿਲਵਾਨ ਵਾਸੀ ਪਿੰਡ ਨੰਗਲ ਜਿਲ੍ਹਾ ਮੋਗਾ ਦੇ ਸਨਮਾਨ ਲਈ ਫਰਿਜਨੋ ਦੇ ਟਰਾਂਸਪੋਰਟਰ ਪਾਲ ਧਾਲੀਵਾਲ ਨੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਸਮਾਰੋਹ ਰੱਖਿਆ। ਇਸ ਮੌਕੇ ਉਹਨਾਂ ਨੂੰ ਸ਼ੀਲਡ ਅਤੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭੱਜੀ ਨੇ ਦੱਸਿਆ ਕਿ ਉਹ ਮੋਗਾ ਜਿਲ੍ਹੇ ਦੇ ਪਿੰਡ ਧੁੜਕੋਟ ਵਿੱਖੇ ਬਾਬਾ ਫਰੀਦ ਅਖਾੜਾ, ਜੋ ਕੁੜੀਆਂ ਦਾ ਸੈਂਟਰ, ਵਿਖੇ ਮੁੱਖ ਕੋਚ ਦੀ ਭੂਮਿਕਾ ਵੀ ਨਿੱਭਾ ਰਹੇ ਹਨ ਅਤੇ ਉਹਨਾਂ ਦੀ ਕੋਚਿੰਗ ਹੇਠ ਇਸ ਅਖਾੜੇ ਵਿੱਚ 80 ਦੇ ਕਰੀਬ ਕੁੜੀਆਂ ਕੁਸਤੀ ਸਿੱਖਕੇ ਨੈਸ਼ਨਲ ਪੱਧਰ ਦੇ ਕਈ ਖਿਤਾਬ ਜਿੱਤ ਚੁੱਕੀਆਂ ਹਨ। ਭੱਜੀ ਨੇ ਸਾਲ 2015 ਵਿੱਚ ਵੀ ਵਰਲਡ ਪੁਲਿਸ ਗੇਮਾਂ ਚੋਂ ਸਿਲਵਰ ਮੈਡਲ ਜਿੱਤਿਆ ਸੀ। ਉਹਨਾਂ ਨੌਜਵਾਨ ਪੀੜੀ ਨੂੰ ਨਸ਼ੇ ਤਿਆਗ ਕੇ ਖੇਡਾਂ ਦੇ ਲੜ ਲੱਗਣ ਦੀ ਬੇਨਤੀ ਕੀਤੀ। ਹਰਭਜਨ ਸਿੰਘ ਭੱਜੀ ਪਹਿਲਵਾਨ ਪਿਛਲੇ ਦਿਨੀਂ ਲਾਸ ਏਜਲਸ ਵਿਖੇ ਹੋਏ ਵਰਲਡ ਪੁਲਿਸ ਰੈਸਲਿੰਗ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਆਇਆ ਹੋਇਆ ਸੀ ਜਿਥੇ ਪੂਰੇ ਸੰਸਾਰ ਪੱਧਰ ਦੇ ਪਹਿਲਵਾਨ ਪਹੁੰਚੇ ਹੋਏ ਸਨ। ਹਰਭਜਨ ਸਿੰਘ ਭੱਜੀ ਨੇ ਇਹਨਾਂ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 74 ਕਿਲੋਗ੍ਰਾਮ ਭਾਰ ਵਿੱਚ ਸੋਨੇ ਦਾ ਤਮਗ਼ਾ ਜਿਤਿਆ। ਇਸਤੋਂ ਇਲਾਵਾ ਉਸਨੇ 76 ਕਿਲੋਗ੍ਰਾਮ ਵਰਗ ਵਿੱਚ ਚਾਂਦੀ ਦਾ ਤਮਗ਼ਾ ਜਿੱਤ ਕੇ ਪੰਜਾਬੀ ਭਾਈਚਾਰੇ ਦਾ ਨਾਮ ਵਿਦੇਸ਼ੀ ਧਰਤੀ ਤੇ ਚਮਕਾਇਆ।

## ਅਕਾਲੀਆਂ ਦੇ ਦੋਹੀਂ ਹੱਥੀਂ ਲੱਡੂ- ਹੁਣ ਕਰੀਬੀ ਅਧਿਕਾਰੀਆਂ ਨੂੰ ਮੁੜ ਅਹਿਮ ਥਾਵਾਂ ਮਿਲੀਆਂ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਨੇ ਪੁਲੀਸ ਦੇ 11 ਸੀਨੀਅਰ ਆਈਪੀਐਸ ਅਧਿਕਾਰੀਆਂ ਨੂੰ ਤਬਦੀਲ ਕਰਦਿਆਂ ਅਕਾਲੀ-ਭਾਜਪਾ ਸਰਕਾਰ ਦੌਰਾਨ ਅਹਿਮ ਥਾਵਾਂ 'ਤੇ ਨਿਯੁਕਤ ਰਹੇ ਅਧਿਕਾਰੀਆਂ ਨੂੰ ਵੀ ਚੰਗੀਆਂ ਪੁਜ਼ੀਸ਼ਨਾਂ ਦੇ ਦਿੱਤੀਆਂ ਹਨ। ਤਬਦੀਲ ਕੀਤੇ ਗਏ ਅਫ਼ਸਰਾਂ ਵਿੱਚ ਡੀਜੀਪੀ, ਵਧੀਕ ਡੀਜੀਪੀ ਅਤੇ ਆਈਜੀ ਪੱਧਰ ਦੇ ਅਧਿਕਾਰੀ ਸ਼ਾਮਲ ਹਨ। ਮਹੱਤਵਪੂਰਨ ਤੱਥ ਇਹ ਹੈ ਕਿ ਕੈਪਟਨ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਕੁਝ ਹਫਤਿਆਂ ਦੇ ਅੰਦਰ ਹੀ ਹਰਦੀਪ ਸਿੰਘ ਢਿੱਲੋਂ ਤੇ ਗੌਰਵ ਯਾਦਵ ਨੂੰ ਅਹਿਮ ਥਾਵਾਂ ਤੋਂ ਤਬਦੀਲ ਕਰ ਦਿੱਤਾ ਸੀ। ਤਾਜ਼ਾ ਤਬਾਦਲਿਆਂ ਨੂੰ ਡੀਜੀਪੀ ਸੁਰੇਸ਼ ਅਰੋੜਾ ਦੀ ਪਸੰਦ ਮੰਨਿਆ ਜਾ ਰਿਹਾ ਹੈ। ਸਰਕਾਰ ਨੇ ਜਿਨ੍ਹਾਂ ਅਧਿਕਾਰੀਆਂ ਨੂੰ ਤਬਦੀਲ ਕੀਤਾ ਹੈ ਉਨ੍ਹਾਂ ਵਿੱਚ ਡੀਜੀਪੀ ਜਸਮਿੰਦਰ ਸਿੰਘ ਨੂੰ ਅੰਦਰੂਨੀ ਵਿਜੀਲੈਂਸ ਸੈਲ, ਡੀਜੀਪੀ ਹਰਦੀਪ ਸਿੰਘ ਢਿੱਲੋਂ ਨੂੰ ਕਾਨੂੰਨ ਵਿਵਸਥਾ, ਐਮ.ਕੇ. ਤਿਵਾੜੀ ਨੂੰ ਡੀਜੀਪੀ (ਪ੍ਰਸ਼ਾਸਨ), ਇਕਬਾਲਪ੍ਰੀਤ ਸਿੰਘ ਸਹੋਤਾ ਨੂੰ ਵਧੀਕ ਡੀਜੀਪੀ (ਜੇਲ੍ਹਾਂ), ਬੀ.ਕੇ. ਬਾਵਾ ਨੂੰ ਵਧੀਕ ਡੀਜੀਪੀ (ਪੰਜਾਬ ਹੋਮਗਾਰਡਜ਼) ਜੋ ਡੀਜੀਪੀ ਜੀ.ਡੀ. ਪਾਂਡੇ ਦੀ ਸੇਵਾ ਮੁਕਤੀ ਤੋਂ ਬਾਅਦ ਪਹਿਲੀ ਸਤੰਬਰ ਤੋਂ ਆਪਣਾ ਕੰਮ ਸੰਭਾਲਣਗੇ, ਅਤੇ ਗੌਰਵ ਯਾਦਵ ਨੂੰ ਵਧੀਕ ਡੀਜੀਪੀ ਸੁਰੱਖਿਆ ਤਾਇਨਾਤ ਕੀਤਾ ਗਿਆ ਹੈ।

ਸੰਜੀਵ ਕਾਲੜਾ ਨੂੰ ਵਧੀਕ ਡੀਜੀਪੀ (ਵੈਲਫੇਅਰ), ਕੁਲਦੀਪ ਸਿੰਘ ਨੂੰ ਵਧੀਕ ਡੀਜੀਪੀ ਪੀਏਪੀ ਜਲੰਧਰ, ਆਈਜੀ ਅਨੀਤਾ ਪੁੰਜ ਨੂੰ ਆਈਜੀ ਸਿਖਲਾਈ ਤੇ ਪੰਜਾਬ ਪੁਲੀਸ ਅਕਾਦਮੀ ਫਿਲੌਰ ਦਾ ਵਾਧੂ ਚਾਰਜ ਦਿੱਤਾ ਹੈ। ਇਸੇ ਤਰ੍ਹਾਂ ਰਾਕੇਸ਼ ਅੱਗਰਵਾਲ ਨੂੰ ਆਈਜੀ ਵਜੋਂ ਤਰੱਕੀ ਤੋਂ ਬਾਅਦ ਵੀ ਮੁੱਖ ਮੰਤਰੀ ਨਾਲ ਹੀ ਤਾਇਨਾਤ ਰੱਖਿਆ ਹੈ। ਰੋਚਕ ਤੱਥ ਇਹ ਹੈ ਕਿ 4 ਅਗਸਤ ਨੂੰ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਬਹੁ ਗਿਣਤੀ ਮੰਤਰੀਆਂ ਨੇ ਡੀਜੀਪੀ ਤੇ ਹੋਰਨਾਂ ਕਈ ਪੁਲੀਸ ਅਧਿਕਾਰੀਆਂ ਤੇ ਅਫ਼ਸਰਾਂ ਦੇ ਹਾਕਮ ਪਾਰਟੀ ਦੇ ਆਗੂਆਂ ਪ੍ਰਤੀ ਰਵੱਈਏ ਦੀ ਨਿੰਦਾ ਕੀਤੀ ਸੀ ਪਰ ਇਹ ਬਦਲੀਆਂ ਉਸ ਭਾਵਨਾ ਨਾਲ ਮੇਲ ਨਹੀਂ ਖਾਂਦੀਆਂ। ਪੁਲੀਸ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ 15 ਅਗਸਤ ਤੋਂ ਬਾਅਦ ਆਈਜੀ, ਡੀਆਈਜੀ, ਐਸ.ਐਸ. ਪੀ., ਐਸ.ਪੀ. ਅਤੇ ਡੀਐਸਪੀ. ਪੱਧਰ ਤੱਕ ਦੇ ਅਧਿਕਾਰੀਆਂ ਤੇ ਅਫ਼ਸਰਾਂ ਦੀਆਂ ਵੀ ਵੱਡੇ ਪੱਧਰ 'ਤੇ ਬਦਲੀਆਂ ਹੋਣਗੀਆਂ।

## ਕਾਂਗਰਸੀ ਸਰਕਾਰ ਨੂੰ ਮੁੜ ਜਾਗਿਆ ਸਿਰਸੇ ਵਾਲੇ ਦਾ ਹੇਜ

### *ਅਕਾਲ ਤਖ਼ਤ ਤੋਂ ਛੇਕੇ ਬਦਨਾਮ ਸਾਧ ਨੂੰ ਪੰਜਾਬ ਲਿਆਉਣ ਦੀ ਮੁਹਿੰਮ ਅੰਦਰਖਾਤੇ ਸ਼ੁਰੂ*

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:**
ਪੰਜਾਬ ਵਿਚਲੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸੀ ਸਰਕਾਰ ਡੇਰਾ ਸਿਰਸਾ ਨਾਲ ਨੇੜਤਾ ਬਣਾਉਂਦੀ ਨਜ਼ਰ ਆ ਰਹੀ ਹੈ। ਮੀਡੀਏ ਤੋਂ ਪ੍ਰਾਪਤ ਰਿਪੋਰਟਾਂ ਅਨੁਸਾਰ ਡੇਰਾ ਸਿਰਸਾ ਵੱਲੋਂ ਬੀਤੇ ਦਿਨੀਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੇ ਜਨਮ ਦਿਨ ਨੂੰ ਸਮਰਪਿਤ 'ਪੌਦੇ ਲਾਓ ਮੁਹਿੰਮ' ਤਹਿਤ ਪੂਰੇ ਪੰਜਾਬ ਵਿੱਚ ਪੌਦੇ ਲਾਏ ਗਏ ਹਨ। ਬਠਿੰਡਾ ਦੇ ਡਿਪਟੀ ਕਮਿਸ਼ਨਰ ਦੀਪਰਵਾ ਲਾਕਰਾ ਡੇਰਾ ਸਿਰਸਾ ਦੇ ਬਠਿੰਡਾ ਪ੍ਰੋਗਰਾਮਾਂ ਵਿੱਚ ਪੁੱਜੇ, ਜਿੱਥੇ ਉਨ੍ਹਾਂ ਨੇ ਪੌਦਾ ਲਾ ਕੇ ਮੁਹਿੰਮ ਦਾ ਆਗਾਜ਼ ਕੀਤਾ।

ਅਕਾਲ ਤਖ਼ਤ ਸਾਹਿਬ ਵਲੋਂ ਜਾਰੀ 2007 ਦੇ ਹੁਕਮਨਾਮੇ ਦੀ ਸ਼ਰੇਆਮ ਉਲੰਘਣਾ ਕਰਦੇ ਹੋਏ ਸੱਤਾਧਾਰੀ ਕੈਪਟਨ ਸਰਕਾਰ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਪ੍ਰੋਗਰਾਮ ਪੰਜਾਬ ਵਿੱਚ ਕਰਵਾਏ ਜਾਣ ਦੀ ਮੁਹਿੰਮ ਅੰਦਰਖਾਤੇ ਸ਼ੁਰੂ ਕੀਤੀ ਗਈ ਹੈ। ਸੂਤਰ ਦੱਸਦੇ ਹਨ ਕਿ ਸੰਗਰੂਰ ਜ਼ਿਲ੍ਹੇ ਵਿੱਚ ਸਥਾਨਕ ਨੁਮਾਇੰਦਿਆਂ ਤੋਂ ਸਤਿਸੰਗ ਕਰਾਉਣ ਸਬੰਧੀ ਲਿਖਤੀ ਸਹਿਮਤੀ ਲਈ ਜਾ ਰਹੀ ਹੈ। ਡੇਰਾ ਸਲਾਬਤਪੁਰਾ ਨੂੰ ਰੰਗ-ਰੋਗਨ ਕਰਾਉਣ ਦੀ ਤਿਆਰੀ ਵੀ ਵਿੱਢ ਦਿੱਤੀ ਗਈ ਹੈ।

ਡੇਰਾ ਸਿਰਸਾ ਵਾਲਿਆਂ ਨੇ ਅਪਣੇ ਪ੍ਰੋਗਰਾਮਾਂ ਵਿੱਚ ਅਫ਼ਸਰ ਬੁਲਾ ਕੇ ਸਥਿਤੀ ਭਾਂਪੀ ਹੈ। ਉਧਰ, ਕਾਂਗਰਸ ਸਰਕਾਰ ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਹੁਣ ਤੋਂ ਹੀ ਰਣਨੀਤੀ ਉਲੀਕਣ ਲੱਗੀ ਹੈ। ਕੈਪਟਨ ਸਰਕਾਰ



ਵੱਲੋਂ ਡੇਰਾ ਆਗੂਆਂ ਨੂੰ ਹਰ ਜ਼ਿਲ੍ਹੇ ਵਿੱਚ ਜੰਗਲਾਤ ਵਿਭਾਗ ਤੋਂ ਪੌਦੇ ਮੁਹੱਈਆ ਕਰਾਏ ਗਏ ਹਨ।

ਬਠਿੰਡਾ ਜ਼ਿਲ੍ਹਾ ਪ੍ਰਸ਼ਾਸਨ ਨੇ ਡੇਰਾ ਸਿਰਸਾ ਨਾਲ ਕਾਫ਼ੀ ਤਾਲਮੇਲ ਵਧਾਇਆ ਹੈ ਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੇ ਤਾਂ ਡੇਰਾ ਸਿਰਸਾ ਦੇ ਸਹਿਯੋਗ ਨਾਲ ਜਲ ਘਰਾਂ 'ਤੇ ਪੌਦੇ ਲਾਉਣ ਦੀ ਮੁਹਿੰਮ ਵਿੱਢ ਦਿੱਤੀ ਹੈ। ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਮੁੱਖ ਸਮਾਗਮ ਪਿੰਡ ਨੇਹੀਆਂ ਵਾਲਾ ਵਿੱਚ ਕੀਤਾ ਗਿਆ, ਜਿੱਥੇ ਮੁੱਖ ਮਹਿਮਾਨ ਵਜੋਂ ਐਸਡੀਐਮ ਬਠਿੰਡਾ ਸਾਕਸ਼ੀ ਸਾਹਨੀ ਪੁੱਜੇ ਤੇ ਪੌਦਾ ਲਾਉਣ ਮਗਰੋਂ ਡੇਰਾ ਸਿਰਸਾ ਦੇ ਵਾਲੰਟੀਅਰਾਂ ਦਾ ਸਨਮਾਨ ਕੀਤਾ। ਜ਼ਿਲ੍ਹਾ ਸੈਨੀਟੇਸ਼ਨ ਅਫ਼ਸਰ ਐਕਸੀਅਨ ਜਸਵਿੰਦਰ ਸਿੰਘ ਦਾ ਕਹਿਣਾ ਹੈ ਕਿ ਜਲ ਘਰਾਂ 'ਤੇ 5200 ਪੌਦੇ ਲਾਏ ਜਾਣੇ ਹਨ, ਜਿਨ੍ਹਾਂ ਵਾਸਤੇ ਡੇਰਾ ਸਿਰਸਾ ਸਮੇਤ ਹੋਰ ਐਨਜੀਓਜ਼ ਨੇ ਆਪਣੇ ਤੌਰ 'ਤੇ ਸਹਿਯੋਗ ਦਿੱਤਾ ਹੈ।

ਵੇਰਵਿਆਂ ਅਨੁਸਾਰ ਮਾਨਸਾ ਵਿੱਚ ਡੇਰਾ ਸਿਰਸਾ ਦੀ 'ਪੌਦਾ ਲਾਓ ਮੁਹਿੰਮ' ਦਾ ਉਦਘਾਟਨ ਜ਼ਿਲ੍ਹਾ ਖੇਤੀਬਾੜੀ ਅਫ਼ਸਰ ਗੁਰਦਿੱਤਾ ਸਿੰਘ ਨੇ ਕੀਤਾ ਹੈ। ਬਰਨਾਲਾ ਤੇ ਧਨੌਲਾ ਵਿੱਚ ਡੀਐਸਪੀਜ਼ ਅਤੇ ਤਪਾ ਵਿੱਚ ਐਸਐਚਓ ਨੇ ਮੁਹਿੰਮ ਦਾ ਉਦਘਾਟਨ ਕੀਤਾ। ਬਠਿੰਡਾ ਪ੍ਰੋਗਰਾਮਾਂ ਵਿੱਚ ਗਿੱਦੜਬਾਹਾ ਤੋਂ ਤਹਿਸੀਲਦਾਰ ਪੁੱਜੇ ਹੋਏ ਸਨ। ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਮੈਂਬਰ ਗੁਰਮੇਲ ਸਿੰਘ ਨੇ ਕਿਹਾ ਬੀਤੇ ਦਿਨੀਂ ਕਿਹਾ ਕਿ ਕਿ ਪੰਜਾਬ ਭਰ ਵਿੱਚ ਪੌਦੇ ਲਾਏ ਗਏ ਹਨ ਤੇ ਜ਼ਿਲ੍ਹਾ ਬਠਿੰਡਾ ਵਿੱਚ 61 ਹਜ਼ਾਰ ਪੌਦੇ ਲਾਏ ਗਏ ਹਨ।

ਜ਼ਿਕਰਯੋਗ ਹੈ ਕਿ ਵਿਵਾਦਤ ਡੇਰਾ ਮੁਖੀ ਸੀਬੀਆਈ ਅਦਾਲਤ ਵਿਚ ਬਲਾਤਕਾਰ ਅਤੇ ਕਤਲ ਵਰਗੇ ਕੇਸਾਂ ਦਾ ਸਾਹਮਣਾ ਕਰ ਰਿਹਾ ਹੈ। 2007 'ਚ ਡੇਰਾ ਮੁਖੀ ਨੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਵਾਂਗ ਪੇਸ਼ ਕਰਦੇ ਬਠਿੰਡਾ ਜ਼ਿਲ੍ਹੇ ਦੇ ਸਲਾਬਤਪੁਰਾ ਡੇਰੇ 'ਚ ਪ੍ਰੋਗਰਾਮ ਕੀਤਾ ਸੀ। ਇਸ ਵਿਵਾਦਤ ਪ੍ਰੋਗਰਾਮ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਵਲੋਂ ਡੇਰਾ ਸਿਰਸਾ ਮੁਖੀ ਖਿਲਾਫ 'ਹੁਕਮਨਾਮਾ' ਵੀ ਜਾਰੀ ਕੀਤਾ ਗਿਆ ਸੀ। ਉਸ ਵੇਲੇ ਤੋਂ ਹੀ ਡੇਰਾ ਸਿਰਸਾ ਮੁਖੀ ਦਾ ਕੋਈ ਵੀ ਪ੍ਰੋਗਰਾਮ ਪੰਜਾਬ ਵਿਚ ਨਹੀਂ ਹੋਇਆ ਹੈ।

## ਪਿੰਡ ਕਲੇਰ ਵਿਚ ਅੰਮ੍ਰਿਤਧਾਰੀ ਬੱਚੇ ਦੇ ਵਾਲ ਕੱਟੇ

**ਮਜੀਠਾ/ਬਿਊਰੋ ਨਿਊਜ਼ :** ਇਥੋਂ ਥੋੜ੍ਹੀ ਦੂਰ ਪੈਂਦੇ ਪਿੰਡ ਕਲੇਰ ਮਾਂਗਟ ਦੇ ਇਕ ਪੂਰਨ ਅੰਮ੍ਰਿਤਧਾਰੀ ਬੱਚੇ ਦੇ ਵਾਲ ਕੱਟੇ ਗਏ। ਜ਼ਿਕਰਯੋਗ ਹੈ ਕਿ ਇਥੋਂ ਦੇ ਇਕ ਪਰਿਵਾਰ ਦੇ 11 ਸਾਲਾ ਜਗਨਪ੍ਰੀਤ ਸਿੰਘ ਪੁੱਤਰ ਸੁਖਵੰਤ ਸਿੰਘ ਦੇ ਸਕੂਲ ਤੋਂ ਪਰਤਣ 'ਤੇ ਵਰਦੀ ਉਤਾਰਨ ਤੋਂ ਬਾਅਦ ਉਸ ਦੀ ਮਾਂ ਨੇ ਅੱਤ ਦੀ ਗਰਮੀ ਹੋਣ ਕਰਕੇ ਉਸ ਦੇ ਸਿਰ ਦਾ ਪਟਕਾ ਵੀ ਉਤਾਰ ਦਿੱਤਾ ਇਸ ਮਗਰੋਂ ਜਦੋਂ ਖੇਡਦਿਆਂ ਖੇਡਦਿਆਂ ਬੱਚਾ ਨਹਾਉਣ ਲੱਗਾ ਤਾਂ ਉਸ ਦੇ ਸਿਰ ਦੇ ਵਾਲਾਂ ਦਾ ਬਹੁਤਾ ਹਿੱਸਾ ਉਸ ਦੇ ਸਿਰ ਨਾਲੋਂ ਅਲੱਗ ਹੋ ਚੁੱਕਾ ਸੀ। ਉਕਤ ਘਟਨਾ ਦੀ ਖਬਰ ਪਿੰਡ ਵਿੱਚ ਅੱਗ ਦੀ ਤਰ੍ਹਾਂ ਫੈਲ ਗਈ ਅਤੇ ਵੇਖਦੇ ਵਖਦੇ ਹੀ ਲੋਕ ਪੀੜਤ ਪਰਿਵਾਰ ਦੇ ਘਰ ਇਕੱਠੇ ਹੋਣੇ ਸ਼ੁਰੂ ਹੋ ਗਏ। ਇਸ ਪਰਿਵਾਰ ਨੇ ਕਿਸੇ ਵੀ ਤਰ੍ਹਾਂ ਦੇ ਵਹਿਮ ਭਰਮ ਨਾ ਮੰਨਦਿਆਂ ਇਸ ਘਟਨਾ ਨੂੰ ਬੜੀ ਹੀ ਗੰਭੀਰਤਾ ਨਾਲ ਲੈਂਦਿਆਂ ਮੰਗ ਕੀਤੀ ਕਿ ਇਸ ਘਟਨਾ ਦੀ ਗੁੱਥੀ ਨੂੰ ਜਲਦ ਤੋਂ ਜਲਦ ਸੁਲਝਾਇਆ ਜਾਵੇ। ਪ੍ਰਾਪਤ ਵੇਰਵੇ ਅਨੁਸਾਰ ਪਰਿਵਾਰ ਵੱਲੋਂ ਪਿੰਡ ਦੀ ਪੰਚਾਇਤ ਅਤੇ ਪੁਲੀਸ ਪ੍ਰਸ਼ਾਸ਼ਨ ਨੂੰ ਸੂਚਨਾ ਦੇ ਦਿੱਤੀ ਗਈ ਹੈ।

## ਨਾਰੰਗ ਕਮਿਸ਼ਨ ਨੇ ਖੱਡਾਂ ਦੀ ਨਿਲਾਮੀ ਸਬੰਧੀ ਰਿਪੋਰਟ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਰੇਤੇ ਦੀਆਂ ਖੱਡਾਂ ਦੀ ਨਿਲਾਮੀ ਵਿਚ ਬੇਨਿਯਮੀਆਂ ਦੇ ਦੋਸ਼ਾਂ ਦੀ ਜਾਂਚ ਕਰ ਰਹੇ ਜਸਟਿਸ ਜੇ.ਐਸ. ਨਾਰੰਗ ਕਮਿਸ਼ਨ ਨੇ ਆਪਣੀ ਰਿਪੋਰਟ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪ ਦਿੱਤੀ। ਮੁੱਖ ਮੰਤਰੀ ਦਫਤਰ ਅਤੇ ਹੋਰਨਾਂ ਨੇ ਰਿਪੋਰਟ ਬਾਰੇ ਚੁੱਪ ਵੱਟ ਲਈ ਹੈ, ਪਰ ਕਮਿਸ਼ਨ ਵਲੋਂ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੂੰ ਕਲੀਨ ਚਿੱਟ ਦਿੱਤੇ ਜਾਣ ਦੇ ਆਸਾਰ ਹਨ। ਜਾਣਕਾਰੀ ਮੁਤਾਬਕ ਮੁੱਖ ਮੰਤਰੀ ਨੇ ਰਿਪੋਰਟ ਮੁੱਖ ਸਕੱਤਰ ਨੂੰ ਭੇਜਦਿਆਂ ਦੋ ਹਫਤਿਆਂ ਵਿੱਚ ਟਿੱਪਣੀ ਨਾਲ ਵਾਪਸ ਭੇਜਣ ਲਈ ਆਖਿਆ ਹੈ। ਰਿਪੋਰਟ ਸਬੰਧੀ ਜਸਟਿਸ ਨਾਰੰਗ ਨੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਰਿਪੋਰਟ ਮੁੱਖ ਮੰਤਰੀ ਨੂੰ ਸੌਂਪ ਦਿੱਤੀ ਹੈ ਤੇ ਇਸ ਬਾਰੇ ਮੁੱਖ ਮੰਤਰੀ ਹੀ ਜਾਣਕਾਰੀ ਦੇ ਸਕਦੇ ਹਨ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਕਮਿਸ਼ਨ ਅਕਸਰ ਸਰਕਾਰ ਦਾ ਪੱਖ ਪੂਰਨ ਲਈ ਹੀ ਬਣਾਏ ਜਾਂਦੇ ਹਨ ਤੇ ਇਸ ਤੋਂ ਸਹਿਜੇ ਹੀ ਰਿਪੋਰਟ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਸਿੰਜਾਈ ਤੇ ਬਿਜਲੀ ਮੰਤਰੀ



**ਜਸਟਿਸ ਜੇ ਐਸ ਨਾਰੰਗ ਰੇਤ ਮਾਈਨਿੰਗ ਦੀ ਨਿਲਾਮੀ ਵਿਚ ਬੇਨਿਯਮੀਆਂ ਸਬੰਧੀ ਰਿਪੋਰਟ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪਦੇ ਹੋਏ।**

ਰਾਣਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਨਾ ਰਿਪੋਰਟ ਦਾ ਪਤਾ ਕੀਤਾ ਹੈ ਤੇ ਨਾ ਹੀ ਕਰਨਗੇ। ਕੁਝ ਦਿਨਾਂ ਵਿਚ ਸਭ ਕੁਝ ਸਾਹਮਣੇ ਆ ਜਾਵੇਗਾ, ਪਰ ਉਹ ਰਿਪੋਰਟ ਆਉਣ ਤੋਂ ਸੁਤੰਸ਼ਟ ਜਾਪੇ। ਗੌਰਤਲਬ ਹੈ ਕਿ ਮੁੱਖ ਮੰਤਰੀ ਨੇ ਬੀਤੇ ਮਈ ਮਹੀਨੇ ਖਣਨ ਵਿਭਾਗ ਵੱਲੋਂ ਰੇਤ ਖੱਡਾਂ ਦੀ ਕਰਵਾਈ ਨਿਲਾਮੀ ਵਿੱਚ ਕੈਬਨਿਟ ਮੰਤਰੀ ਰਾਣਾ ਦੀ ਸ਼ਮੂਲੀਅਤ ਦੇ ਦੋਸ਼ਾਂ ਦੇ ਮੱਦੇਨਜ਼ਰ ਜਸਟਿਸ (ਰਿਟਾ.) ਜੇ.ਐਸ. ਨਾਰੰਗ ਦੀ ਅਗਵਾਈ ਇਕ ਮੈਂਬਰੀ ਕਮਿਸ਼ਨ ਕਾਇਮ ਕੀਤਾ ਸੀ। ਕਮਿਸ਼ਨ ਨੂੰ ਬਹੁ-ਕਰੋੜੀ ਰੇਤ ਖਣਨ ਨਿਲਾਮੀ ਵਿੱਚ ਸਿੰਜਾਈ ਤੇ ਬਿਜਲੀ ਮੰਤਰੀ ਵਿਰੁੱਧ ਬੇਨਿਯਮੀਆਂ ਦੇ ਲੱਗੇ ਦੋਸ਼ਾਂ ਨਾਲ ਜੁੜੇ ਸਾਰੇ ਪਹਿਲੂਆਂ ਦੀ ਜਾਂਚ ਲਈ ਆਖਿਆ ਗਿਆ ਸੀ, ਜਿਨ੍ਹਾਂ ਵਿੱਚ ਮੰਤਰੀ ਦੇ ਸਾਬਕਾ ਮੁਲਾਜ਼ਮਾਂ ਨੂੰ ਦੋ ਖੱਡਾਂ ਦੇ ਟੈਂਡਰ ਦੇਣ ਮੌਕੇ ਬੋਲੀ ਦੇ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਤੇ ਇਸ ਮਾਮਲੇ ਵਿਚ ਰਾਣਾ ਦਾ ਕੋਈ ਪ੍ਰਭਾਵ ਹੋਣ ਦਾ ਪਤਾ ਲਾਉਣਾ ਵੀ ਸ਼ਾਮਲ ਸੀ। ਕਮਿਸ਼ਨ ਨੂੰ ਇਸ ਪਹਿਲੂ ਦੀ ਵੀ ਪੜਤਾਲ ਲਈ ਕਿਹਾ ਗਿਆ ਸੀ ਕਿ ਕੀ ਬੋਲੀਕਾਰਾਂ ਨੂੰ ਇਹ ਦੋ ਖੱਡਾਂ ਅਲਾਟ ਕਰਨ ਮੌਕੇ ਮੰਤਰੀ ਨੂੰ ਕੋਈ ਬੇਲੋੜਾ ਮੁਨਾਫਾ ਹਾਸਲ ਹੋਇਆ ਅਤੇ ਕੀ ਇਹ ਦੋ ਖੱਡਾਂ ਬੋਲੀਕਾਰਾਂ ਨੂੰ ਨਿਲਾਮ ਕਰਨ ਨਾਲ ਸਰਕਾਰੀ ਮਾਲੀਏ ਨੂੰ ਕੋਈ ਘਾਟਾ ਪਿਆ।

## ਮਾੜੀ ਮਾਲੀ ਹਾਲਤ ਦੇ ਚਲਦਿਆਂ ਕੈਪਟਨ ਸਰਕਾਰ ਗਧੀਗੇੜ 'ਚ ਪਈ

### *ਮਹਿਜ਼ 3 ਮਹੀਨਿਆਂ ਦੇ ਅੰਕੜਿਆਂ ਤੋਂ ਹੀ ਸਹਿਮੀ ਸਰਕਾਰ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਨੂੰ ਚਲੰਤ ਮਾਲੀ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਨੇ ਆਮਦਨ ਅਤੇ ਖ਼ਰਚ ਸਬੰਧੀ ਅੰਕੜਿਆਂ ਦੇ ਆਧਾਰ 'ਤੇ ਭਵਿੱਖ ਦੀ 'ਡਰਾਉਣੀ' ਤਸਵੀਰ ਦਿਖਾਈ ਹੈ। ਅਪ੍ਰੈਲ ਤੋਂ ਜੂਨ ਮਹੀਨੇ ਤੱਕ ਦਾ ਲੇਖਾ-ਜੋਖਾ ਕਰਦਿਆਂ ਸਰਕਾਰ ਦੇ ਸਾਹਮਣੇ ਸਭ ਤੋਂ ਵੱਡਾ ਚਿੰਤਾਜਨਕ ਤੱਥ ਕਰਜ਼ੇ ਦੀ ਅਦਾਇਗੀ ਦਾ ਸਾਹਮਣੇ ਆਇਆ ਹੈ। ਸਰਕਾਰ ਦਾ ਪੂੰਜੀ ਨਿਵੇਸ਼ ਵੀ ਘੱਟ ਗਿਆ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਪੰਜਾਬ ਸਰਕਾਰ ਸਿਰ ਕਰਜ਼ੇ ਦੀ ਪੰਡ ਦੋ ਲੱਖ ਕਰੋੜ ਨੇੜੇ ਜਾ ਢੁੱਕੀ ਹੈ ਤੇ ਕਰਜ਼ੇ ਦੀ ਪੰਡ ਦਾ ਜ਼ਿਆਦਾ ਭਾਰ ਅਕਾਲੀ-ਭਾਜਪਾ ਸਰਕਾਰ ਵੇਲੇ ਹੀ ਵਧਿਆ ਹੈ। ਸੂਤਰਾਂ ਮੁਤਾਬਕ ਸਾਲ 2016-2017 ਦੌਰਾਨ ਸਰਕਾਰ ਵੱਲੋਂ ਪਹਿਲੇ ਤਿਨ ਮਹੀਨੇ ਕਰਜ਼ੇ ਦੇ ਵਿਆਜ ਵਜੋਂ 1881 ਕਰੋੜ ਰੁਪਏ ਅਦਾ ਕੀਤੇ ਗਏ ਤੇ ਸਾਲ 2017-2018 ਦੌਰਾਨ 2447 ਕਰੋੜ ਰੁਪਏ ਤਾਰਨੇ ਪਏ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕਰਜ਼ੇ ਦੇ ਵਿਆਜ ਜਾਂ ਕਿਸ਼ਤ ਦਾ ਇਹ ਭਾਰ ਖੁਰਾਕ ਤੇ ਸਪਲਾਈ ਵਿਭਾਗ ਦੀਆਂ ਵਿੱਤੀ ਬੇਨਿਯਮੀਆਂ ਦਾ 31 ਹਜ਼ਾਰ ਕਰੋੜ ਦਾ ਬੋਝ ਸਰਕਾਰ ਵੱਲੋਂ ਚੁੱਕੇ ਜਾਣ ਕਾਰਨ ਵਧਿਆ ਹੈ। ਉਧਰ ਕੈਪਟਨ ਸਰਕਾਰ ਵੱਲੋਂ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਲਈ ਬੈਂਕਾਂ ਤੋਂ ਤਕਰੀਬਨ 10 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੁੱਕਣ ਦਾ ਪ੍ਰਸਤਾਵ ਤਿਆਰ ਕੀਤਾ ਗਿਆ ਹੈ। ਜੇ ਹੋਰ ਕਰਜ਼ਾ ਲਿਆ ਜਾਂਦਾ



ਹੈ ਤਾਂ ਸਰਕਾਰ ਨੂੰ ਰੋਜ਼ਾਨਾ ਦੇ ਖ਼ਰਚੇ ਚਲਾਉਣੇ ਅਤੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣੀਆਂ ਵੀ ਔਖੀਆਂ ਹੋ ਜਾਣਗੀਆਂ।

ਗੰਭੀਰ ਵਿੱਤੀ ਸੰਕਟ ਕਾਰਨ ਸਰਕਾਰ ਨੂੰ ਓਵਰ ਡਰਾਫਟ ਵਰਗੀ ਹਾਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤੀ ਰਿਜ਼ਰਵ ਬੈਂਕ ਨੇ 30 ਮਾਰਚ ਨੂੰ ਰਾਜ ਸਰਕਾਰ ਦੇ ਸਾਰੇ ਖਾਤੇ ਸੀਲ ਕਰ ਦਿੱਤੇ ਸਨ। ਰਾਜ ਸਰਕਾਰ ਦੇ ਖ਼ਰਚ ਤੇ ਆਮਦਨ ਵਿੱਚ ਵੱਡਾ ਪਾੜਾ ਹੈ। ਕਰਾਂ ਵਿਚ ਤਾਂ 13.54 ਫ਼ੀਸਦ ਦਾ ਵਾਧਾ ਹੋ ਗਿਆ ਪਰ ਖ਼ਰਚ ਵੀ ਛੜੱਪੇ ਮਾਰਦਾ ਵੱਧ ਰਿਹਾ ਹੈ। ਮਾਲੀ ਖ਼ਰਚ 15.55 ਫ਼ੀਸਦ ਦਿਖਾਇਆ ਗਿਆ ਹੈ। ਸਰਕਾਰ ਨੂੰ ਵੱਡੀ ਸੱਟ ਜ਼ਮੀਨਾਂ ਦੀ ਵਿਕਰੀ ਸਬੰਧੀ ਸਟੈਂਪ ਡਿਊਟੀ ਦੇ ਘਾਟੇ ਤੋਂ ਵੀ ਵੱਜੀ ਹੈ। ਇਨ੍ਹਾਂ ਤਿੰਨ ਮਹੀਨਿਆਂ ਦੌਰਾਨ ਸਟੈਂਪ ਡਿਊਟੀ ਪਿਛਲੇ ਮਾਲੀ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਦੇ ਮੁਕਾਬਲਤਨ 5.73 ਫ਼ੀਸਦ ਘਟ ਗਈ ਹੈ। ਪੂੰਜੀ ਨਿਵੇਸ਼ ਵਿੱਚ ਕੈਪਟਨ ਸਰਕਾਰ ਪਿੱਛੜਦੀ ਦਿਸ ਰਹੀ ਹੈ। ਇਹ ਗਿਰਾਵਟ 58.38 ਫ਼ੀਸਦ ਦਰਜ ਕੀਤੀ ਗਈ ਹੈ। ਸਰਕਾਰ ਦੀ ਆਮਦਨ ਤਨਖ਼ਾਹਾਂ ਦਾ ਭੁਗਤਾਨ, ਕਰਜ਼ੇ ਦੀ ਅਦਾਇਗੀ ਅਤੇ ਹੋਰਨਾਂ ਖ਼ਰਚਿਆਂ ਜੋਗੀ ਹੀ ਰਹਿ ਗਈ ਹੈ।

ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਵਿੱਤੀ ਮਾਹਰਾਂ ਦਾ ਮੰਨਣਾ ਹੈ ਕਿ ਸੂਬੇ ਦੇ ਵਿੱਤੀ ਹਾਲਾਤ ਹੋਰ ਮਾੜੇ ਹੋ ਸਕਦੇ ਹਨ ਤੇ ਕਰਜ਼ੇ ਦੀ ਪੰਡ ਵੀ ਹੋਰ ਭਾਰੀ ਹੋਵੇਗੀ। ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਜੂਨ ਮਹੀਨੇ ਪੇਸ਼ ਕੀਤੇ ਬਜਟ ਵਿਚ ਚੋਣ ਵਾਅਦੇ ਨਿਭਾਉਂਦਿਆਂ ਕਈ ਐਲਾਨ ਤਾਂ ਕੀਤੇ ਪਰ ਵਿੱਤੀ ਮੁਸ਼ਕਲਾਂ ਕਰ ਕੇ ਐਲਾਨਾਂ ਨੂੰ ਅਮਲੀ ਰੂਪ ਨਹੀਂ ਦਿੱਤਾ ਜਾ ਸਕਿਆ।

## ਪੰਜਾਬ ਸਰਕਾਰ ਵੱਲੋਂ ਅੱਤਵਾਦ ਦੀ ਆੜ 'ਚ ਨਵੀਂ ਪੁਲੀਸ ਫੋਰਸ ਬਣਾਉਣ ਦੀ ਤਿਆਰੀ

**ਚੰਡੀਗੜ੍ਹ/ਬਿਊਰੋ ਨਿਊਜ਼:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿੱਚ ਅੱਤਵਾਦ ਦੀ ਆੜ 'ਚ ਹਥਿਆਰਬੰਦ ਹਮਲਿਆਂ ਨੂੰ ਅਸਫ਼ਲ ਬਣਾਉਣ ਅਤੇ ਅੱਤਵਾਦ, ਘੁਸਪੈਠ, ਹਵਾਈ ਜਹਾਜ਼ ਅਗਵਾ ਕਰਨ, ਲੋਕਾਂ ਨੂੰ ਬੰਦੀ ਬਣਾਉਣ ਤੇ ਹੋਰ ਨਾਜ਼ੁਕ ਸਥਿਤੀਆਂ ਨਾਲ ਨਜਿੱਠਣ ਲਈ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ (ਐਸ.ਪੀ.ਜੀ.) ਸਥਾਪਿਤ ਕਰਨ ਲਈ ਸੂਬਾ ਪੁਲਿਸ ਦੇ ਪ੍ਰਸਤਾਵ ਨੂੰ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ। ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਬੀਤੇ ਦਿਨ ਇੱਥੇ ਹੋਈ ਮੀਟਿੰਗ ਦੌਰਾਨ ਐਸ. ਪੀ.ਜੀ. ਦੀ ਰੂਪ-ਰੇਖਾ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ ਜੋ ਕਿ ਛੋਟੀ ਪਰ 270 ਮੈਂਬਰਾਂ ਵਾਲੀ ਪ੍ਰਭਾਵੀ ਨੌਜਵਾਨ ਅਤੇ ਗਤੀਸ਼ੀਲ ਟੀਮ ਹੋਵੇਗੀ।

ਇਕ ਸਰਕਾਰੀ ਬੁਲਾਰੇ ਅਨੁਸਾਰ ਮੁੱਖ ਮੰਤਰੀ ਨੇ ਸੁਝਾਅ ਦਿੱਤਾ ਕਿ ਐਸ.ਪੀ.ਜੀ. ਵਿੱਚੋਂ ਇਕ ਛੋਟੀ ਪ੍ਰਮੁੱਖ ਟੀਮ ਨੂੰ ਬਗ਼ਾਵਤ ਨਾਲ ਨਜਿੱਠਣ ਦੇ ਸਬੰਧ ਵਿਚ ਇਜ਼ਰਾਇਲ 'ਚ ਅਤਿ ਆਧੁਨਿਕ ਸਿਖਲਾਈ ਪ੍ਰਾਪਤ ਕਰਨ ਲਈ ਭੇਜਿਆ ਜਾਵੇ। ਬੁਲਾਰੇ ਨੇ ਕਿਹਾ ਕਿ ਐਸ.ਪੀ.ਜੀ. ਦੀ ਸਥਾਪਨਾ ਬਾਰੇ ਰਸਮੀ ਪ੍ਰਸਤਾਵ ਮੰਤਰੀ ਮੰਡਲ ਦੀ ਅਗਲੀ ਮੀਟਿੰਗ ਦੌਰਾਨ ਰੱਖਿਆ ਜਾਵੇਗਾ। ਮੀਟਿੰਗ ਦੌਰਾਨ ਵਿਚਾਰੇ ਗਏ ਪ੍ਰਸਤਾਵ ਦੇ ਅਨੁਸਾਰ ਐਸ.ਪੀ.ਜੀ. ਦੇ ਮੁਖੀ ਏ.ਡੀ.ਜੀ.ਪੀ. ਰੈਂਕ ਦੇ ਇਕ ਅਧਿਕਾਰੀ ਹੋਣਗੇ ਤੇ ਉਸ ਦੀ ਆਈ. ਜੀ. ਤੇ ਇਕ ਡੀ.ਆਈ.ਜੀ. ਰੈਂਕ ਦੇ ਅਧਿਕਾਰੀ ਸਹਾਇਤਾ ਕਰਨਗੇ। ਬੁਲਾਰੇ ਅਨੁਸਾਰ ਐਸ. ਪੀ.ਜੀ. ਨੂੰ ਤਿੰਨ ਟੀਮਾਂ ਵਿਚ ਵੰਡਿਆ ਜਾਵੇਗਾ। ਹਰੇਕ ਟੀਮ ਦਾ ਆਗੂ ਇਕ ਐਸ. ਪੀ. ਰੈਂਕ ਦਾ ਅਧਿਕਾਰੀ ਹੋਵੇਗਾ ਜੋ ਕਿ 35 ਸਾਲ ਦੀ ਉਮਰ ਤੋਂ ਘੱਟ ਉਮਰ ਦਾ ਹੋਵੇਗਾ। ਇਸ ਟੀਮ ਵਿਚ ਡੀ.ਐਸ. ਪੀ. ਰੈਂਕ ਦੇ ਅਧਿਕਾਰੀ 30 ਸਾਲ ਤੋਂ ਘੱਟ ਉਮਰ ਦੇ ਹੋਣਗੇ ਜਦਕਿ ਓ.ਆਰ. 18 ਤੋਂ 25 ਸਾਲ ਦੀ ਉਮਰ ਵਿਚਕਾਰ ਹੋਣਗੇ। ਇਨ੍ਹਾਂ ਟੀਮਾਂ ਨੂੰ ਵੱਖ-ਵੱਖ ਸਥਿਤੀਆਂ ਨਾਲ ਨਜਿੱਠਣ ਦੀ ਵਿਸ਼ੇਸ਼ ਮੁਹਾਰਤ ਹੋਵੇਗੀ। ਇਨ੍ਹਾਂ ਨੂੰ ਫ਼ੌਜ ਅਤੇ ਐਨ.ਐਸ.ਜੀ. ਦੋਵਾਂ ਵੱਲੋਂ ਸਿਖਲਾਈ ਦਿੱਤੀ ਜਾਵੇਗੀ। ਮੀਟਿੰਗ ਦੌਰਾਨ ਮੁੱਖ ਮੰਤਰੀ ਦੇ ਇਸ ਸੁਝਾਅ 'ਤੇ ਸਹਿਮਤੀ ਪ੍ਰਗਟਾਈ ਕਿ ਇਸ ਟੀਮ ਦੀ ਕੋਰ ਯੂਨਿਟ ਇਜ਼ਰਾਇਲ 'ਚ ਵਿਸ਼ੇਸ਼ ਸਿਖਲਾਈ ਪ੍ਰਾਪਤ ਕਰੇ। ਕੈਪਟਨ ਅਮਰਿੰਦਰ ਸਿੰਘ ਨੇ ਐਸ. ਪੀ. ਜੀ. ਦੇ ਲਈ ਅਧਿਕਾਰੀਆਂ ਤੇ ਮੁਲਾਜ਼ਮਾਂ ਦੀ ਸ਼ਨਾਖ਼ਤ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਵਾਸਤੇ ਆਖਿਆ ਜੋ ਕਿ ਵੱਖ-ਵੱਖ ਪੁਲਿਸ ਵਿਭਾਗਾਂ ਵਿਚੋਂ ਲਏ ਜਾਣਗੇ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
Guru Nanak Sikh Temple
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। ।ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

(ਭਾਗ- 16)

## ਕਿੰਨੀਆਂ ਝੋਲੀਆਂ ਹੋਈਆਂ.....

ਅੱਜ - ਦੇਬੋ ਹੋਰਾਂ ਨਾਲ ਮੈਂ - ਕੱਖਾਂ ਨੂੰ ਜਾਂਦੀ ਹਾਂ - ਭਰੋਮਾਜਰੇ ਪਿੰਡ ਨਾਲ ਲਗਦੇ ਇੱਖਾਂ ਵਿਚੋਂ -

ਉਂਜ ਕੱਖਾਂ ਦਾ ਕੀ ਹੈ - ਕਿਤੋਂ ਵੀ ਲਿਆਂਦੇ ਜਾਂਦੇ - 'ਮਗਰੇ', 'ਨੁਆਣਾ', 'ਬੀੜ', 'ਡੱਬਰ', 'ਸਾਮ੍ਹਣੇ' ਦੇ ਕੱਲਰਾਂ ਜਾਂ ਪਾਰ (ਸੂਏ ਪਾਰ) ਤੋਂ - ਜਿੱਧਰ ਨੂੰ ਜੀਅ ਕਰਦਾ ਤੁਰ ਪੈਂਦੀਆਂ ਹਾਂ ਆਪਣੀ ਆਪਣੀ ਚਾਦਰ ਖੁਰਪੀ ਲੈ - ਨੰਗੇ ਪੈਰ।

ਚਾਦਰ ਦੀ ਝੋਲੀ ਮਾਰਨਾ ਮੈਨੂੰ ਬਹੁਤ ਚੰਗਾ ਲਗਦਾ ਹੈ - ਇਕ ਸਿਰੇ ਦਾ ਝੁੰਮ ਬਣਾ ਸਿਰਾਂ 'ਤੇ ਧਰ ਲੈਣਾ ਤੇ ਦੂਜੇ ਸਿਰੇ ਦੀਆਂ ਦੋਹੇ ਕੰਨੀਆਂ ਲੱਕ ਦੁਆਲੇ ਬੰਨ੍ਹ ਲੈਣੀਆਂ ਹੁੰਦੀਆਂ ਹਨ।

ਇੱਖਾਂ ਵਿਚੋਂ ਲੰਮੀਆਂ ਲੰਮੀਆਂ ਖੱਬਲ ਦੀਆਂ ਤਿੜਾਂ ਖਿੱਚ ਖਿੱਚ ਕੱਢਣੀਆਂ - ਕਲਰਾਂ ਵਿਚੋਂ ਘਾਹ ਦੇ ਵੱਡੇ ਵੱਡੇ ਚੇਪੇ ਜਾਂ ਡੌਲਾਂ ਤੇ ਉੱਗਿਆ ਲੰਮਾ ਲੰਮਾ ਖਾਹ ਖੋਤਣਾ - ਜਿਥੋਂ ਜੋ ਮਿਲ ਜਾਂਦਾ ਹੈ ਖੋਤ ਲੈਂਦੀਆਂ ਹਾਂ - ਮੈਂ ਤਾਂ ਘਾਹ ਦੇ ਨਾਲ ਨਾਲ ਡੀਲਾ ਵੀ ਖੋਤ ਲੈਂਦੀ ਹਾਂ - ਅਰਾਮ ਨਾਲ ਖੋਤਿਆ ਜਾਂਦਾ ਹੈ ਪਰ ਦੇਬੋ ਹੋਣੀ ਡੀਲਾ ਨਹੀਂ ਖੋਤਦੀਆਂ - ਪਤਾ ਨੀ ਕਿਉਂ।

ਇਕ ਦਿਨ ਡੌਲ ਤੋਂ ਖੁਰਪਾ ਤਿਲਕ - ਮੇਰਾ ਅੰਗੂਠਾ ਵੱਢਿਆ ਜਾਂਦਾ ਹੈ - ਰਾਅਟ ਪਾਉਂਦੀ ਹਾਂ ਮੈਂ।

'ਮਰਜਾ ਫ਼ਟਾਫ਼ਟ ਮੂਤ ਲੈ ਇਹਦੇ ਤੇ - ਨਾਲੇ ਇਹ ਚਿੱਟਾ ਖੱਬਲ ਮੂੰਹ ਵਿਚ ਚਿੱਥ ਕੇ ਬੰਨ ਲੈ - ਲਹੂ ਬੰਦ ਹੋਜੂ' ਦੇਬੋ ਕਹਿੰਦੀ ਹੈ।

ਮੈਂ ਇੰਜ ਹੀ ਕਰਦੀ ਹਾਂ। ਉਹ ਆਪਣੀ ਚੁੰਨੀ ਦੀ ਕੰਨੀ ਪਾੜ ਕੇ ਉੱਪਰ ਬੰਨ੍ਹ ਦਿੰਦੀ ਹੈ - ਹੋ ਜਾਂਦੀ ਹੈ - ਪੂਰੀ ਦੀ ਪੂਰੀ ਡਾਕਟਰੀ, ਘੜੀ ਵਿਚ।

ਕੱਖ ਖੋਤਦੀਆਂ ਨੂੰ ਕਦੀ ਕਦੀ 'ਦੁੱਧਖ਼ਲ' ਦਾ ਬੂਟਾ ਮਿਲ ਜਾਂਦਾ ਤਾਂ ਦੇਬੋ ਦੱਸਦੀ ਹੈ ਇਹ ਵੀ ਖੋਤ ਲਈਦਾ ਹੈ, ਦੁੱਧ ਦੇਣ ਵਾਲੇ ਡੰਗਰ ਲਈ ਚੰਗਾ ਹੁੰਦਾ ਹੈ। ਸਾਡੇ ਇਧਰ ਖ਼ਾਸ ਕਰ ਬੀੜ ਵਲ 'ਸੌਖਾ' ਬਹੁਤ ਹੁੰਦਾ ਹੈ ਜੋ ਪਸ਼ੂਆਂ ਦੇ ਖਾਣ ਦਾ ਵਧੀਆ ਘਾਹ - ਪਰ ਇਹ ਦਾਤੀ ਨਾਲ ਵੱਡਿਆ ਜਾਂਦਾ ਹੈ, ਆਮ ਤੌਰ 'ਤੇ।

ਸਾਡੇ ਖੇਤਾਂ ਵਿਚ ਕਈ ਤਰ੍ਹਾਂ ਦੀਆਂ ਬੂਟੀਆਂ ਤੇ ਘਾਹ ਮਿਲਦਾ ਹੈ, ਝਿੰਜੀ (ਮੇਥੀ ਵਰਗੀ ਬੂਟੀ), ਬਾਥੂ, ਪਿਆਜ਼ੀ, ਕੁੱਕੜ-ਛਿੱਟੀ, ਚੁਲਾਈ, ਕੁਲਫਾ, ਕੁਸੰਭੀ, ਦੁੱਧਖ਼ਲ, ਕੜਬਾਥੂ ਤੇ ਕਈ ਤਰ੍ਹਾਂ ਦਾ ਘਾਹ - ਬਰੂ, ਸੰਭਾਲੂ, ਡੀਲਾ, ਸੌਖਾ ਤੇ ਕਣਕਾਂ ਵਿਚ ਜੌਆਂ ਵਰਗਾ ਬੂਟਾ 'ਜਰਮਤ' ਦਾ ਵੀ ਹੁੰਦਾ ਹੈ।

ਉਂਜ ਕਣਕਾਂ ਵਿਚ ਤਾਂ ਮੈਨੂੰ ਨਰਮ ਨਰਮ ਨਾਜ਼ੁਕ ਨਾਜ਼ੁਕ ਨੀਲੇ ਫੁੱਲਾਂ ਵਾਲੀਆਂ ਨਿੱਕੇ ਨਿੱਕੇ ਪੱਤਿਆਂ ਵਾਲੀਆਂ 'ਗਾਗ਼ਲ਼ੇ' ਦੀਆਂ ਵੇਲਾਂ ਹੋਰ ਨਿੱਕੇ ਨਿੱਕੇ ਪੀਲੇ ਪੀਲੇ ਲਾਲ ਫੁੱਲਾਂ ਵਾਲੇ ਬੂਟੇ ਬਹੁਤ ਹੀ ਚੰਗੇ ਲਗਦੇ - ਕੁਦਰਤ ਦੀ ਕਾਰੀਗਰੀ ਜੀਹਨੂੰ ਆਮ ਨਜ਼ਰ ਨਾਲ ਤਾਂ ਕਿਸੇ ਨੇ ਜੀ ਭਰ ਕੇ ਦੇਖਿਆ ਹੀ ਨਹੀਂ ਹੋਣਾ ਕਦੀ - ਸਭ ਖੋਤਦੀਆਂ ਰਹਿੰਦੀਆਂ ਅਸੀਂ।

ਕੱਖ ਖੋਤਦੀਆਂ ਖੋਤਦੀਆਂ ਕੋਈ ਕਿੱਧਰ ਨੂੰ ਨਿਕਲ ਜਾਂਦੀ, ਕੋਈ ਕਿੱਧਰ ਨੂੰ - ਜਦ ਮਿਲਦੀਆਂ ਤਾਂ ਇਕ ਦੂਈ ਨੂੰ ਪੁੱਛਦੀਆਂ, "ਕਿੰਨੀ ਝੋਲੀਆਂ ਹੋਗੀਆਂ।" "ਬਸ ਇੱਕ ਅੱਧ ਹੋਰ ਭਰ ਲਈਏ, ਫੇਰ ਚਲਦੀਆਂ।"

ਮੈਂ ਦੇਖਦੀ - ਮੇਰੀਆਂ ਤਾਂ ਪੰਜ ਸੱਤ ਝੋਲੀਆਂ ਵੀ ਉਨ੍ਹਾਂ ਦੀਆਂ ਦੋ ਤਿੰਨ ਦੇ ਬਰਾਬਰ ਨਹੀਂ ਹੁੰਦੀਆਂ - ਸੋਚਦੀ ਹਾਂ ਪਤਾ ਨਹੀਂ ਇਹ ਕੀਕਣ ਐਨੀ ਛੇਤੀ ਛੇਤੀ ਐਨਾ ਘਾਹ ਖੋਤ ਲੈਂਦੀਆਂ ਹਨ।

ਕੱਖ ਖੋਤ - ਖੁਰਪਿਆਂ ਨਾਲ ਝਾੜ ਝਾੜ ਫੇਰ ਸਿਰ ਜੋੜ ਜੋੜ ਪੰਡਾਂ ਬੰਨ੍ਹੀਆਂ ਜਾਂਦੀਆਂ - ਭਾਰੀਆਂ ਭਾਰੀਆਂ ਪੰਡਾਂ - ਤੇ ਮੇਰੇ ਕੱਖ-ਮਰ ਕੇ ਅੱਧੇ ਵੀ ਨਾ ਹੁੰਦੇ ਉਨ੍ਹਾਂ ਤੋਂ।

"ਮਰਜਾ! ਵਿਚ ਗੰਨੇ ਦਾ ਟੋਟਾ ਖੜਾ ਕਰਲਾ - ਪੰਡ ਵੱਡੀ ਲੱਗੂਗੀ।" ਫੇਰ ਮੈਂ ਇੰਜ ਹੀ ਕਰਦੀ ਹਾਂ - ਮੈਂ ਜਾਣਦੀ ਹਾਂ ਜਿੱਦਣ ਦੇਬੋ ਹੋਰਾਂ ਨੂੰ ਵੀ ਬਹੁਤੇ ਕੱਖ ਨਹੀਂ ਲੱਭਦੇ ਖੋਤਣ ਨੂੰ - ਉਹ ਵੀ ਇਸੇ ਤਰ੍ਹਾਂ ਆਪਣੀਆਂ ਪੰਡਾਂ ਵੱਡੀਆਂ ਬਣਾ ਲੈਂਦੀਆਂ ਹਨ।

ਪੰਡਾਂ ਬੰਨ੍ਹ ਫੇਰ ਉਹ ਘੜੀ ਕੁ ਅਰਾਮ ਕਰਨ ਬੈਠ ਜਾਂਦੀਆਂ ਹਨ - ਨਾਲੇ ਗੰਨੇ ਚੂਪਣ ਵੀ-

ਪਰ ਇੰਨ ਉਦੋਂ ਹੀ ਹੁੰਦਾ ਜਦੋਂ ਅਸੀਂ ਕਦੀ ਕਿਸੇ ਵਧੀਆ 'ਫਾਰਮੀ' ਗੰਨਿਆਂ ਦੇ ਖੇਤ ਵਿਚ ਹੁੰਦੀਆਂ ਹਾਂ - ਚਿੱਟੇ ਚਿੱਟੇ ਗੁਲਾਬੀ ਜਿਹੇ ਜਾਮਣੀ ਭਾਅ ਮਾਰਦੇ - ਮੋਟੇ ਮੋਟੇ ਪੋਂਡੇ ਫ਼ਾਰਮੀ ਗੰਨੇ। ਉਂਜ ਸਾਡੇ ਇੱਥੇ ਬੇਟ ਵਿਚ ਸਾਧਾਰਨ ਕਿਸਮ ਦਾ ਗੰਨਾ ਹੁੰਦਾ ਹੈ ਜੀਹਨੂੰ 'ਝੂੰਡ' ਕਹਿੰਦੇ ਹਨ।

ਵਧੀਆ ਜਿਹਾ ਗੰਨਾ ਛਾਂਟ - ਦੇਬੋ, ਭਗਵੰਤ - ਅੱਡੀ ਰੱਖ - ਜੜ੍ਹ ਤੋਂ ਹੀ ਮੜੱਕ ਲੈਂਦੀਆਂ ਹਨ। ਫਿਰ ਖੁਰਪੇ ਨਾਲ ਆਗ ਵੱਢ - ਲਾਹ - ਪੱਤੀ ਛਿੱਲ - ਬੈਠ ਜਾਂਦੀਆਂ ਚੂਪਣ। ਇਹ ਸਾਰਾ ਕੰਮ ਮੈਂ ਵੀ ਕਰ ਲੈਂਦੀ ਹਾਂ ਪਰ ਇੱਕ ਗੰਨਾ ਹੀ ਮੈਥੋਂ ਮੜੱਕਿਆ ਨਹੀਂ ਜਾਂਦਾ-ਆਪਣਾ ਗੰਨਾ ਛਾਂਟ, ਮੈਂ ਉਨ੍ਹਾਂ ਵਿਚੋਂ ਕਿਸੇ ਦੀ ਮਦਦ ਲੈ ਤੁੜਵਾ ਲੈਂਦੀ ਹਾਂ। ਸ਼ਹਿਦ ਮੈਂ ਉਨ੍ਹਾਂ ਤੋਂ ਛੋਟੀ ਹਾਂ ਇਸੇ ਲਈ ਮੇਰੀ ਮਦਦ ਕਰ ਦਿੰਦੀਆਂ ਹਨ ਉਹ - ਅਰਾਮ ਨਾਲ।

ਗੱਲਾਂ ਕਰਦੀਆਂ ਕਰਦੀਆਂ ਉਹ ਕਦੋਂ ਇਕ - ਫੇਰ ਦੋ-ਦੋ ਗੰਨੇ ਚੂਪ ਲੈਂਦੀਆਂ ਪਤਾ ਹੀ ਨਹੀਂ ਲਗਦਾ, ਪਰ ਮੇਰੇ ਕੋਲੋਂ ਤਾਂ ਪੂਰਾ ਤਾਣ ਲਾਉਣ 'ਤੇ ਵੀ ਮਸਾਂ ਕਿਤੇ ਇਕ ਵੀ ਪੂਰਾ ਨਹੀਂ ਚੂਪਿਆ ਜਾਂਦਾ - ਜਾਭਾਂ ਛਿੱਲੀਆਂ ਜਾਂਦੀਆਂ - ਬੁੱਲ੍ਹ ਵੱਢੇ ਜਾਂਦੇ। ਉਂਜ ਜਦੋਂ ਉਹ - ਨਿੱਸਲ ਹੋ ਗੱਲਾਂ ਕਰਦੀਆਂ - ਘਰ ਦੀਆਂ, ਬਾਹਰ ਦੀਆਂ, ਸਕੀਰੀ ਦੀਆਂ, ਆਏ ਗਏ ਦੀਆਂ ਜਾਂ ਪਿੰਡ ਦੇ ਮੁੰਡੇ ਕੁੜੀਆਂ 'ਚੋਂ - ਵਿਆਹਿਆਂ ਅਣਵਿਅਹਿਆਂ ਦੀਆਂ, ਸਾਧਾਰਨ ਵੀ ਤੇ ਚੁਰਚੁਰੀਆਂ ਵੀ ਤੇ ਮੈਂ ਕਿਸੀ ਤਰ੍ਹਾਂ ਵੀ ਉਨ੍ਹਾਂ ਤੋਂ ਪਿੱਛੇ ਨਹੀਂ ਰਹਿੰਦੀ ਹਾਂ - ਦੋ ਕਦਮ ਮੂਹਰੇ ਹੀ - ਗੱਲਾਂ ਕਰਨੀਆਂ ਤਾਂ ਮੈਨੂੰ ਬਹੁਤ ਆਉਂਦੀਆਂ ਹਨ - ਜਿਹਾ ਮੈਂ ਸੋਚਦੀ ਹਾਂ - ਕਾਹਲੀ ਕਾਹਲੀ ਇਕੋ ਸਾਹ - ਇੰਜ ਕਦੀ ਘਰਦਿਆਂ ਦੇ ਰੋਕਣ 'ਤੇ ਵੀ ਨਹੀਂ ਰੁਕਦੀ - ਤਾਂ ਹੀ ਤਾਂ ਘਰ ਵਿਚ ਮਸ਼ਹੂਰ ਹਾਂ ਬਾਈ ਤੇ ਮੈਂ ਜਿੱਥੇ ਜਿੰਦਰ ਹੋਵੇ ਜਾਂ ਮਿੰਦਰ ਫੇਰ ਹੋਰ ਕੀਹਦੀ ਲੋੜ ਹੈ ਇਨ੍ਹਾਂ ਨੇ ਕਿਹੜਾ ਕਿਸੇ ਨੂੰ ਵਾਰਾ ਆਉਣ ਦੇਣਾ ਹੁੰਦਾ।'

ਕੱਖਾਂ ਨੂੰ ਜਾਣਾ, ਉੱਥੇ ਕਥਾ - ਕਹਾਣੀਆਂ ਕਰਨਾ ਇਹੋ ਤਾਂ ਮੈਨੂੰ ਸਭ ਤੋਂ ਵੱਧ ਚੰਗਾ ਲਗਦਾ ਹੈ - ਤਾਂ ਹੀ ਤਾਂ ਕਦੀ ਕਦੀ ਬੀਜੀ ਦੇ ਮਨ੍ਹਾਂ ਕਰਨ 'ਤੇ ਵੀ ਮੈਂ ਆਪਣੀ ਚਾਦਰ ਖੁਰਪੀ ਲੈ ਨੱਠ ਜਾਂਦੀ ਹਾਂ ਦੇਬੋ ਹੋਰਾਂ ਦੇ ਪਿੱਛੇ ਪਿੱਛੇ।

ਸੰਝਾਂ ਨੂੰ ਅਕਸਰ ਮੈਂ ਤੇਜੋ ਬੂਆ ਨਾਲ ਜਾਂਦੀ ਹਾਂ 'ਨੁਆਣਾ' ਵਾਲੇ ਖੇਤਾਂ ਵਿਚੋਂ ਬਰਸੀਣ ਵੱਢਣ ਜਾਂ 'ਬੀੜ' ਵਿਚੋਂ ਸੌਖਾ।

ਇੱਥੇ - ਮੈਨੂੰ ਮੁਸ਼ਕਲ ਆਉਂਦੀ ਹੈ - ਇਹ ਕੰਮ ਦਾਤੀ ਨਾਲ ਹੁੰਦਾ ਹੈ ਪਰ ਮੈਂ ਤਾਂ 'ਖੱਬਚੂ' ਹਾਂ - ਵੱਢਣ ਵੇਲੇ ਮੈਨੂੰ ਦਾਤੀ ਪੁੱਠੀ ਕਰਨੀ ਪੈਂਦੀ ਹੈ ਪਰ ਹੁਣ ਆਦਤ ਹੋ ਗਈ ਹੈ - ਮੈਂ ਕੰਮ ਸਾਰ ਲੈਂਦੀ ਹਾਂ।



"ਹਾਅ। ਤੇਰੀ ਦਾਤੀ ਦਿਖਾਈਂ" ਇਕ ਦਿਨ ਬੂਆ ਕਹਿੰਦੀ ਹੈ। ਬੂਆ ਮੇਰੀ ਦਾਤੀ ਲੈ - ਸੌਖਾ ਵੱਢਦੀ ਹੈ। ਉਹਨੂੰ ਮੇਰੀ ਦਾਤੀ ਪਸੰਦ ਆ ਜਾਂਦੀ ਹੈ। ਖ਼ਬਰੇ ਉਹਦੀ ਦਾਤੀ ਖੁੰਡੀ ਹੋਵੇ ਤੇ ਮੇਰੀ ਤਿੱਖੀ - ਚੰਡੀ ਹੋਈ।

"ਤੇਰੇ ਆਲੀ ਤਿੱਖੀ ਆ।"

"ਹਾ ਬੂਆ, ਚੰਡਾਈ ਹੋਈ ਆ।" ਮੈਂ ਕਹਿੰਦੀ ਹਾਂ।

"ਅੱਛਾ ਤੂੰ ਬਹਿ ਜਾ। ਮੈਂ ਤੇਰੇ ਜੋਗਾ ਵੀ ਵੱਢ ਦਿਆਂਗੀ।"

ਬੂਆ ਬਹੁਤ ਕਾਮੀ ਤੇ ਸੁਚੱਜੀ ਕੁੜੀ ਹੈ ਤੇ ਨਿਡੱਰ ਵੀ, ਵੱਡੇ ਵੱਡੇ ਆਦਮੀਆਂ ਵਾਲੇ ਮਿਹਨਤ ਦੇ ਕੰਮ ਆਪਣੇ ਤਾਣ ਨਾਲ - ਆਪ ਹੀ 'ਕੱਲੀ ਨਜਿੱਠ ਲੈਂਦੀ ਹੈ।

ਮੇਰੀ ਤਾਂ ਹੁਣ ਮੌਜ ਬਣਗੀ - ਅੰਨ੍ਹਾ ਕੀ ਮੰਗੇ ਦੋ ਅੱਖਾਂ। ਉਂਜ ਅਸੀਂ 'ਬੁੱਧੂ' ਤਾਏ ਤੋਂ 'ਕੱਠੇ ਜਾ ਕੇ ਹੀ ਖੁਰਪੇ ਦਾਤੀਆਂ ਚੰਡਾ ਕੇ ਲਿਅਉਂਦੀਆਂ ਹਾਂ ਪਰ ਹੁਣ ਮੈਂ ਕਦੇ ਕਦੇ 'ਕੱਲੀ ਵੀ ਚਲੀ ਜਾਂਦੀ ਹਾਂ ਬਹਾਨੇ ਨਾਲ - ਉੱਥੇ ਬਿਮਲਾ ਜੋ ਹੈ ਮੇਰੀ ਸਹੇਲੀ। ਬਸ ਹੁਣ ਬੂਆ ਨਾਲ ਜਾਣ ਵੇਲੇ ਮੈਂ ਆਪਣੀ ਦਾਤੀ ਤਿਹਾਰ ਬਰ ਤਿਹਾਰ ਰੱਖਦੀ ਹਾਂ।

ਬੂਆ ਕੱਖ ਵੱਢ ਰਹੀ ਹੈ ਤੇ ਮੈਂ ਖੇਡਣ ਲੱਗ ਜਾਂਦੀ ਹਾਂ ਐਧਰ - ਖਾਲਾਂ 'ਚ ਖੜ੍ਹੇ ਪਾਣੀ 'ਚ ਤੈਰਦੇ ਨਿੱਕੇ ਨਿੱਕੇ ਮੱਛੀਆਂ ਦੇ ਪੂੰਗਾਂ ਨਾਲ, ਕਿਤੇ ਸੱਪਾਂ ਦੇ ਆਂਡੇ ਲੱਭ ਜਾਂਦੇ ਹਨ - ਤੋੜ ਤੋੜ ਨਿੱਕੇ ਨਿੱਕੇ ਸਪੋਲੀਏ ਬੰਦ ਅੱਖਾਂ ਆਲੇ - ਘਾਹ ਬੂਟੇ ਸਭ ਮੇਰੇ ਖੇਡਣ ਦਾ ਸਾਮਾਨ - ਕਦੀ ਖਿਆਲ ਹੀ ਨਹੀਂ ਆਇਆ ਇੱਥੇ ਨੇੜੇ ਕਿਤੇ ਸੱਪ ਵੀ ਜ਼ਰੂਰ ਹੋਊ - ਉਂਜ ਸਾਡੇ ਇੱਥੇ ਸੱਪ ਬਹੁਤ ਹੁੰਦੇ ਹਨ, ਖੇਤਾਂ, ਟੋਭਿਆਂ, ਗੋਹਰਾਂ, ਝੂੰਡਾਂ, 'ਚ-

ਉਂਜ ਸੱਪ ਤੋਂ ਸਾਨੂੰ ਡਰ ਵੀ ਨਹੀਂ ਆਇਆ ਕਦੀ ਦਿਮਾਗ ਵਿਚ - ਪਿੰਡ ਵਿਚ ਮਾੜੀ ਹੈ - ਨੌਮੀ ਨੂੰ ਮੇਲਾ ਭਰਦਾ - ਸੇਵੀਆਂ ਚੜ੍ਹਦੀਆਂ ਸੁੱਚੀਆਂ, ਫੇਰ ਸੱਪ ਸਾਨੂੰ ਕਾਹਨੂੰ ਮਾਰੇਗਾ। ਅਜਿਹਾ ਦਿਮਾਗ ਵਿਚ ਬਿਠਾ ਦਿੱਤਾ ਗਿਆ ਹੈ - ਸਾਡੇ ਨਿਆਣਿਆਂ ਦੇ। ਉਂਜ ਮੈਂ ਅਜਿਹਾ ਕੁਝ ਆਪਣੀ ਸੋਝੀ ਵਿਚ ਆਪਣੇ ਪਿੰਡ ਨਾ ਦੇਖਿਆ ਹੈ ਕਦੀ - ਨਾ ਸੁਣਿਆ ਹੈ ਕਿ ਸੱਪ ਲੜ ਕੇ ਕੋਈ ਮਰਿਆ ਹੋਵੇ।

ਇੰਜ ਬੂਆ ਕੱਖ ਵੱਢ ਦਿੰਦੀ ਹੈ। ਤੇ ਮੈਂ ਖੇਡ-ਖੂਡ, ਮੌਜ ਮਸਤੀ ਕਰ ਆ ਜਾਂਦੀ ਹਾਂ ਘਰ ਨੂੰ - ਬੂਆ ਨਾਲ ਗੱਪਾਂ ਮਾਰ - ਉਹਦਾ ਜੀ ਪਰਚਾ। ਉਂਜ ਬੂਆ ਮੈਨੂੰ ਪਿਆਰ ਵੀ ਬਹੁਤ ਕਰਦੀ ਹੈ। ਮੈਨੂੰ ਹੀ ਨਹੀਂ ਸਾਨੂੰ ਸਾਰੇ ਨਿਆਣਿਆਂ ਨੂੰ ਹੀ।

## ਮਰ ਜਾਣੇ ਮਕੌੜੇ

"ਭਾਈ ਮੁੰਨੀ ਅੱਜ ਆਪਣੀ ਘਲਾੜੀ ਚਲਦੀ ਆ, ਰਸ ਲੈ ਆਇਓ।"

ਸਵੇਰੇ ਸਵੇਰੇ ਬਾਹਰ ਜਾਂਦੀ ਨੂੰ ਮੈਨੂੰ ਫ਼ਤਿਹ ਸਿਓਂ ਤਾਇਆ ਮਿਲ ਜਾਂਦਾ ਹੈ - "ਚੰਗਾ ਜੀ" ਆਖ ਮੈਂ ਚਲੀ ਜਾਂਦੀ ਹਾਂ ਸੋਚਦੀ ਸੋਚਦੀ - ਅੱਜ ਫੇਰ ਰਸ -

ਰਸ ਤਾਂ ਰੋਜ਼ ਹੀ ਆ ਜਾਂਦਾ ਹੈ ਘਰ, ਘਲਾੜੀ ਭਾਵੇਂ ਕਿਸੇ ਦੀ ਹੀ ਕਿਉਂ ਨਾ ਜੁੜੀ ਹੋਵੇ - ਰਸ ਦੀ ਖੀਰ ਖਾ ਖਾ ਕੇ ਤਾਂ ਅੱਕੇ ਪਏ ਹਾਂ ਅਸੀਂ - ਰੋਜ਼ ਹੀ ਬਣ ਜਾਂਦੀ ਹੈ ਸੰਝਾਂ ਨੂੰ। ਜਿੱਦਣ ਕਦੀ ਵਿਚ ਨੂੰ ਦੁੱਧ ਦੀ ਖੀਰ ਮਿਲਾ ਕੇ ਖਾਣੀ ਹੁੰਦੀ ਤਾਂ ਤੇ ਜ਼ਰਾ ਚੰਗਾ ਲਗਦਾ ਹੈ ਪਰ ਨਿਰੀ ਰਸ ਦੀ ਖੀਰ -ਮੌਤ ਪੈ ਜਾਂਦੀ ਹੈ ਸਾਨੂੰ ਸਾਰੇ ਭੈਣ ਭਾਈਆਂ ਨੂੰ-

ਅਸੀਂ ਦੱਬ ਘੁੱਟ ਕੇ ਆਪਣੇ ਆਪਣੇ ਹਿੱਸੇ ਦੀ ਤਾਂ ਖਾ ਲੈਂਦੇ - ਅਧ-ਪਚੱਦ - ਕਦੇ ਮਿੰਨਤ ਕਰ ਇਕ ਦੂਜੇ ਨੂੰ ਵੰਡ ਦਿੰਦੇ ਪਰ ਕਦੀ ਕਦੀ ਅਸੀਂ ਹੇਠਾਂ ਵਿਛੇ ਵੱਡੇ ਤੱਪੜ ਹੇਠ ਲੁਕਾ ਦਿੰਦੇ - ਬੀਜੀ ਤੋਂ ਅੱਖ ਬਚ ਕੇ - ਸਾਰੀ ਮੁਕਾਉਣੀ ਜੁ ਪੈਂਦੀ ਸਾਨੂੰ-

ਇਕ ਦਿਨ ਜਦੋਂ ਵੱਡੇ ਵੱਡੇ ਮਕੌੜੇ ਤੁਰ ਪਏ ਤੱਪੜ ਵੱਲ ਨੂੰ ਕਤਾਰ ਬੰਨ੍ਹ ਕੇ -ਕੌਰਊਂ ਦਾ ਖਜ਼ਾਨਾ ਲੁੱਟਣ - ਫੇਰ ਕੀ ਸੀ - ਬੀਜੀ ਨੂੰ ਪਤਾ ਲੱਗ ਗੀ ਸਾਡੀ ਕਰਤੂਤ - ਕੁਟਾਪਾ ਚਾੜ੍ਹਿਆ ਸਾਰੇ ਭੈਣ ਭਾਈਆਂ ਨੂੰ ਰੱਜ ਕੇ - ਤੇ ਉੱਤੋਂ ਬਚਨ - ਬਲਾਸ ਵਾਧੂ ਦੇ।

ਮੈਂ ਸੋਚਾਂ - 'ਮਰ ਜਾਣ ਮਕੌੜੇ ਜਿਨ੍ਹਾਂ ਨੇ ਜਾਣੇ ਅਣਜਾਣੇ ਸਾਡੀ ਚੁਗਲੀ ਖਾਧੀ, ਪਰ ਇਨ੍ਹਾਂ ਨੂੰ ਐਧਰ ਤੱਪੜ ਹੇਠ ਕਿਵੇਂ ਪਤਾ ਲੱਗ ਗਿਆ ਕਿ ਖਾਣ ਨੂੰ ਕੁਝ ਪਿਆ - ਸੋਚੀ ਜਾਵਾਂ।

ਫੇਰ ਇਕ ਦਿਨ ਇਸੇ ਤਰ੍ਹਾਂ ਜਾਨ ਬਚਾਉਣ ਲਈ ਕੀਤੀ ਸਾਡੀ ਚਲਾਕੀ ਆਫ਼ਤ ਬਣ ਗੀ - ਸਾਡੀ ਲਈ -

ਬੀਜੀ ਤੋਂ ਅੱਖ ਬਚਾ ਕੇ ਮੈਂ ਆਪਣੀ ਖੀਰ ਦੀ ਭਰੀ ਬਾਟੀ ਰਸੋਈ ਦੀ ਨਿੱਕੀ ਕੰਧ ਤੋਂ ਦੀ ਗਲੀ ਵਿਚ ਸੁੱਟ ਦਿੰਦੀ ਹਾਂ - ਜੋ ਲੰਘੀ ਜਾਂਦੀ 'ਚਿੰਤੋ' 'ਤੇ ਪੈ ਜਾਂਦੀ ਹੈ - ਫੇਰ ਕੀ ਸੀ, ਆ ਗਈ ਚਿੰਤੋ ਲਿੱਬੜੀ-ਲਿਬੜਾਈ ਉਲਾਂਭਾ ਲੈ ਕੇ - ਹੁਣ ਕੀ ਸੀ, ਫੜੀ ਗਈ ਮੈਂ ਤਾਂ ਰੰਗੇ ਹੱਥੀਂ - ਉੱਦਣ ਬਹੁਤ ਖੜਕੈਂਤੀ ਹੋਈ ਬੀਜੀ ਤੋਂ - ਬੀਜੀ ਕੀ ਉਹ ਤਾਂ ਬਣ ਜਾਂਦੀ ਹੈ ਨਿਰੀ 'ਚੰਡੀ' - ਆ ਆ ਦੇਖ ਨਾ ਤਾਅ -ਧਮੁੱਕੇ ਜੜਦੀ ਗਈ, ਜਿੱਥੇ ਦੇਖੇ - ਡੈਂਬਰੇ ਡੈਂਬਰੇ - ਮੋਹਣ ਸੁਰਿੰਦਰ - ਕੰਧ ਨਾਲ ਲੱਗ ਗੇ, ਬੇਜਾਨ ਮੂਰਤਾਂ ਵਾਂਗ।

"ਖ਼ਬਰੇ ਇਨ੍ਹਾਂ ਨੂੰ ਖਾਦਿਆਂ ਪੀਂਦਿਆਂ ਨੂੰ ਕੀ ਮੌਤ ਆਉਂਦੀ ਆ - ਮਿਲ ਜੁ ਜਾਂਦਾ ਖਾਣ ਨੂੰ ਦੋਹੇ ਜੁੱਨ - ਉਨ੍ਹਾਂ ਨੂੰ ਦੇਖੇ ਜੇ ਗਲੀ ਗਲੀ ਇਕ ਇਕ ਭੋਰੇ ਨੂੰ ਤਰਸਦੇ ਫਿਰਦੇ - ਚੰਗੇ ਭਲੇ ਖਾਂਦੇ ਪੀਂਦੇ ਮੌਤ ਨੂੰ ਦੁਲੱਤੇ ਚਲੌਂਦੇ ਆ।" ਹੋਰ ਪਤਾ ਨੀ ਕੀ ਕੀ।

ਪਰ ਇਹ ਮੌਤ ਨੂੰ ਦੁਲੱਤੇ ਚਲਾਉਣ ਵਾਲੀ ਗੱਲ ਮੈਨੂੰ ਕਦੇ ਸਮਝ ਨਹੀਂ ਆਈ - ਅੱਜ ਵੀ ਨਹੀਂ।

ਗੱਲ ਕਿਹੜਾ ਇੱਥੇ ਹੀ ਮੁੱਕ ਜਾਂਦੀ ਹੈ - ਹੁਣ ਖਾਣ ਪੀਣ ਵੇਲੇ ਲੱਗ ਜਾਂਦਾ ਹੈ ਬੀਜੀ ਦਾ ਪਹਿਰਾ - ਸਾਡੇ ਸਿਰ 'ਤੇ - ਖੀਰ ਕੀ, ਇਹ ਤਾਂ ਕੋਹੜ ਕਿਰਲੀ ਬਣ ਜਾਂਦੀ ਹੈ ਸਾਡੇ ਸਾਰਿਆਂ ਲਈ- ਖਾਈਏ ਤਾਂ ਵੀ ਮਰੀਏ, ਨਾ ਖਾਈਏ ਤਾਂ ਵੀ।

ਉਂਜ ਘਲਾੜੀ ਤੋਂ ਤੱਤਾ ਤੱਤਾ ਗੁੜ ਲਿਆਉਣਾ, ਉੱਥੇ ਬਹਿ ਕੇ ਖਾਣਾ ਤਾਂ ਸਾਨੂੰ ਸਾਰਿਆਂ ਨੂੰ ਹੀ ਬਹੁਤ ਪਸੰਦ ਹੈ। ਗੰਨੇ ਦੇ ਟੋਟੇ ਨੂੰ ਗਰਮ ਗਰਮ 'ਲਾਲਾ' ਲਪੇਟ ਕੇ ਖਾਣਾ - ਚੂੰਡ ਚੂੰਡ - ਸਾਡੇ ਨਿਆਣਿਆਂ ਦਾ ਆਮ ਸ਼ੌਕ ਹੁੰਦਾ - ਉਬਲਦੀ ਉਬਲਦੀ ਪੱਤ ਵਿਚ - ਆਲੂ ਸਿੱਟ, ਬੈਠੇ ਰਹਿੰਦੇ ਹਾਂ ਅਸੀਂ - ਕਿੰਨਾ ਕਿੰਨਾ ਚਿਰ - ਇਕ ਉਡੀਕ ਮਗਰੋਂ ਜਦੋਂ ਪੱਤ ਪੱਕ ਜਾਂਦੀ, ਅਸੀਂ ਆਪਣੇ ਆਪਣੇ ਆਲੂ ਪਛਾਣ ਕੇ ਕੱਢ ਲੈਂਦੇ - ਤੇ ਛਿਲ ਛਿਲ ਖਾਂਦੇ ਹਾਂ - ਸ਼ਕਰਕੰਦੀਆਂ ਵਰਗੇ ਮਿੱਠੇ ਆਲੂ।

ਫੇਰ ਚੱਕ 'ਤੇ ਠੰਢੀ ਪੱਤ ਦੀਆਂ ਪਿਓਸੀਆਂ ਬਣਦੀਆਂ ਹਨ - ਨਿੱਕੀਆਂ ਨਿੱਕੀਆਂ ਖੁਰਪੀਆਂ ਨਾਲ ਕੱਟ ਕੱਟ ਖੱਦਰ ਦੀ ਚਾਦਰ 'ਤੇ ਰੱਖੀਆਂ ਜਾਂਦੀਆਂ ਹਨ, ਠੰਢੀਆਂ ਹੋਣ ਨੂੰ - ਜਦੋਂ ਕੋਈ ਪਿਓਸੀ ਕੱਟਦਾ ਹੈ ਗੁੜ ਦੇ ਪਿੰਡੇ 'ਤੇ ਨਿੱਕੀਆਂ ਨਿੱਕੀਆਂ ਤੈਆਂ ਨੁਮਾ ਧਾਰੀਆਂ ਬਣਦੀਆਂ ਬਹੁਤ ਹੀ ਸੁਹਣੀਆਂ ਲਗਦੀਆਂ ਤੇ ਇੰਜ ਹੀ ਚੱਕ ਵਿਚ ਮਲ ਮਲ ਕੇ ਸ਼ੱਕਰ ਬਣਾਉਣੀ - ਰਗੜ ਰਗੜ ਚਿੱਟੀ ਕੱਢਣੀ - ਅਸੀਂ ਚੱਕ ਦੁਆਲੇ ਜੁੜ ਕੇ ਬੈਠੇ ਰਹਿਣਾ ਨਿਆਣਿਆਂ ਨੇ ਮੱਖੀਆਂ ਵਾਂਗ - ਜਿੰਨਾ ਮਰਜ਼ੀ ਖਾਈ ਜਾਓ - ਇੱਥੇ ਕਿਹੜਾ ਕੋਈ ਰੋਕ ਟੋਕ ਹੁੰਦੀ ਹੈ, ਸਗੋਂ ਜਾਣ ਲੱਗੇ ਵੀ ਉਹ ਤਾਂ ਰੁੱਗ ਭਰ ਕੇ ਚਕਾ ਦਿੰਦੇ ਹਨ - ਗਰਮ ਗਰਮ ਗੁੜ, ਘਰ ਨੂੰ ਲਿਜਾਣ ਲਈ।

ਉਂਜ ਸਾਡੇ ਆਂਢ ਗੁਆਂਢ ਸਾਡੇ ਘਰਾਂ ਵਿਚ ਕਦ ਕੀਹਦੀ ਘਲਾੜੀ ਜੁੜਨੀ ਹੈ, ਸਭ ਨੂੰ ਪਤਾ ਹੁੰਦਾ ਹੈ, ਕਿਉਂਕਿ ਇਕ ਦੋ ਦਿਨ ਪਹਿਲਾਂ ਹੀ ਉਨ੍ਹਾਂ ਦੇ ਖੇਤਾਂ ਵਿਚ ਗੰਨੇ ਜੁ ਘੜੇ ਜਾਂਦੇ ਹਨ। ਗੰਨੇ ਘੜਨ ਦਾ ਕੰਮ ਆਮ ਤੌਰ 'ਤੇ ਆਦਮੀ ਹੀ ਕਰਦੇ ਹਨ ਪਰ ਕਦੀ ਕਦੀ ਅਸੀਂ ਕੁੜੀਆਂ ਵੀ ਚਲੀਆਂ ਜਾਂਦੀਆਂ ਹਾਂ ਜਦੋਂ ਆਪਣੇ ਘਰਾਂ ਦੇ ਗੰਨੇ ਘੜਨੇ ਹੁੰਦੇ ਹਨ। 'ਆਗ' ਲੈਣ ਲਈ - ਆਗਾਂ ਦਾ ਕੁਤਰਾ ਕਰ ਡੰਗਰਾਂ ਨੂੰ ਪਾਉਣ ਲਈ ਤੇ ਮੈਂ ਵੀ ਆਪਣੀ ਗਾਂ ਵਾਸਤੇ ਲੈਣ ਚਲੀ ਜਾਂਦੀ ਹਾਂ।

ਮੈਨੂੰ ਹੁਣ ਗੰਨੇ ਘੜਨੇ ਵੀ ਆ ਗਏ ਹਨ। ਕੋਈ ਨਾ ਕੋਈ ਬੰਦਾ ਗੰਨੇ ਵੱਢ ਵੱਢ ਮੂਹਰੇ ਥੱਈਆ ਬਣਾ ਕੇ ਰੱਖ ਦਿੰਦਾ ਹੈ।

ਦਾਤੀ ਨਾਲ ਆਗ ਵੱਢ ਇਕ ਪਾਸੇ ਰੱਖੀ ਜਾਂਦੇ ਦੂਜੇ ਪਾਸੇ ਪੱਤੀ ਲਾਹ ਗੰਨੇ ਘੜ ਘੜ ਅਲੱਗ ਢੇਰੀਆ ਜੇਹੀਆਂ ਬਣਾਈਆਂ ਜਾਂਦੀਆਂ ਹਨ। ਜਦੋਂ ਚੰਗੀ ਭਰੀ ਬਣ ਜਾਂਦੀ ਹੈ ਫੇਰ ਝੂੰਡਾਂ ਦੇ ਰੱਸੇ ਵੱਟ, ਗੰਨਿਆਂ ਨੂੰ ਸੰਵਾਰ ਦੇ ਦੋਹਾਂ ਸਿਰਿਆਂ ਤੋਂ ਬੰਨ੍ਹ ਬੰਨ੍ਹ ਭਰੀਆਂ ਬਣਾ - ਘਲਾੜੀਆਂ ਤੇ ਪਹੁੰਚਾ ਦਿੱਤੀਆਂ ਜਾਂਦੀਆਂ ਹਨ, ਗੱਡਿਆਂ 'ਤੇ ਲੱਦ ਲੱਦ ਕੇ।

ਆਗ ਘਰ ਲਿਆ, ਅਸੀਂ ਕੁਤਰਾ ਕਰਦੇ -ਦੇਬੋ ਹੋਣੀ ਤਾਂ ਕੁਤਰਾ ਵੀ ਕਰ ਲੈਂਦੀਆਂ ਹਨ, ਦੋ ਦੋ ਜਣੀਆਂ ਇਕੱਠੀਆਂ ਲੱਗ ਕੇ ਮਸ਼ੀਨ 'ਤੇ - ਕੁਤਰਾ ਕਰਾਉਣ ਵੇਲੇ ਮੈਂ ਮੂਹਰੇ ਪੱਠੇ ਲਾਈ ਜਾਂਦੀ ਹਾਂ - ਭਾਵੇਂ ਉਹ ਵੱਡੀਆਂ ਹਨ ਮੇਰੇ ਤੋਂ ਪਰ ਮੈਨੂੰ ਉਨ੍ਹਾਂ ਨਾਲ ਆਪਣੀ ਵਿੱਤ ਮੁਤਾਬਕ ਕੰਮ ਕਰਕੇ ਬਹੁਤ ਖੁਸ਼ੀ ਮਿਲਦੀ ਹੈ - ਨਾਲੇ ਕੰਮ ਦਾ ਕੰਮ - ਘਰ ਵਿਚ ਵੱਡੀ ਜੁ ਹਾਂ, ਸਿੰਦਰ ਮੋਹਣ ਤਾਂ ਅਜੇ ਛੋਟੇ ਹਨ। ਅਜਿਹਾ ਇਕ ਵੀ ਕੰਮ ਨਹੀਂ ਕਰ ਸਕਦੇ। ਭਾਪਾ ਜੀ ਸ਼ਿਮਲੇ।

ਵੱਡੀ ਹੋਣ ਕਰਕੇ ਮੈਂ ਆਪਣੇ ਆਪ ਨੂੰ ਹੀ ਪ੍ਰਧਾਨ ਸਮਝਦੀ ਰਹਿੰਦੀ ਹਾਂ - ਆਮ 'ਐਰੇ ਗੈਰੇ ਨੱਥੂ ਖੈਰੇ ਵਾਂਗ' - ਹਰ ਕੰਮ ਵਿਚ।

# ਵਿਸ਼ਵ ਕਬੱਡੀ ਕੱਪ ਲਈ ਤਿਆਰੀਆਂ ਜ਼ੋਰਾਂ ਉੱਤੇ

**ਦਰਸ਼ਕ 17 ਸਤੰਬਰ ਨੂੰ ਹੁੰਮ ਹੁਮਾ ਕੇ ਪਹੁੰਚਣ: ਅਮੋਲਕ ਗਾਖਲ**

ਯੂਨੀਅਨ ਸਿਟੀ/ਬਿਊਰੋ ਨਿਊਜ਼:

ਯੂਨਾਈਟਡ ਸਪੋਰਟਸ ਕਲੱਬ ਵਲੋਂ 17 ਸਤੰਬਰ 2017 ਐਤਵਾਰ ਨੂੰ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ ਵਿਚ ਕਰਵਾਏ ਜਾ ਰਹੇ 13ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਜ਼ੋਰਾਂ ਉੱਤੇ ਹਨ। ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ ਅਤੇ ਉੱਪ ਚੇਅਰਮੈਨ ਇਕਬਾਲ ਸਿੰਘ ਗਾਖਲ ਨੇ ਸਾਂਝੇ ਬਿਆਨ ਵਿਚ ਕਿਹਾ ਕਿ ਕਲੱਬ ਵਲੋਂ ਕੌਮਾਂਤਰੀ ਕਬੱਡੀ ਖਿਡਾਰੀਆਂ ਦੀ ਆਮਦ ਯਕੀਨੀ ਬਣਨਾ ਜਿੱਥੇ ਯੂਨਾਈਟਡ ਸਪੋਰਟਸ ਕਲੱਬ ਦੀ ਅਹਿਮ ਪ੍ਰਾਪਤੀ ਹੈ ਉੱਥੇ ਕਬੱਡੀ ਦੇ ਖੇਤਰ ਵਿਚ ਇਕ ਨਵਾਂ ਇਤਿਹਾਸ ਰਚਣ ਦਾ ਸਿਹਤਮੰਦ ਮਹੌਲ ਬਣਨ 'ਤੇ ਕਲੱਬ ਦੀ ਸਮੁੱਚੀ ਟੀਮ ਫਖਰ ਮਹਿਸੂਸ ਕਰਦੀ ਹੈ। ਉਨ੍ਹਾਂ ਇਹ ਵਾਅਦਾ ਕੀਤਾ ਕਿ ਕੌਮਾਂਤਰੀ ਖਿਡਾਰੀਆਂ ਦੀ ਹਾਜ਼ਰੀ 'ਤੇ ਉਨ੍ਹਾਂ ਦਾ ਮਾਣ ਸਨਮਾਨ ਵੀਂ ਕੀਤਾ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਦਰਸ਼ਕਾਂ ਲਈ ਕਬੱਡੀ ਦਾ ਨਿਵੇਕਲਾ ਜਾਹੋ ਜਲੌਅ ਭਰਪੂਰ ਮਨੋਰੰਜਨ ਵਾਲਾ ਹੋਵੇਗਾ। ਪ੍ਰਬੰਧਕਾਂ ਵਲੋਂ ਦਰਸ਼ਕਾਂ ਦੀ ਸੁੱਖ ਸਹੂਲਤ ਅਤੇ ਖਾਣ ਪੀਣ ਦੀ ਹਰ ਸੁਵਿਧਾ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

ਯੂਨਾਈਟਡ ਸਪੋਰਟਸ ਕਲੱਬ ਦੇ ਅਹੁਦੇਦਾਰਾਂ ਅਤੇ ਸਰਗਰਮ ਸਹਿਯੋਗੀਆਂ ਦੀ ਬੀਤੇ ਦਿਨ ਇੱਥੇ ਰਾਜਾ ਸਵੀਟਸ ਵਿਖੇ ਹੋਈ ਮੀਟਿੰਗ 'ਚ ਜੁਗਰਾਜ ਸਿੰਘ ਸਹੋਤਾ, ਪਲਵਿੰਦਰ ਸਿੰਘ ਗਾਖਲ, ਦੇਬੀ ਸੋਹਲ, ਗੁਲਵਿੰਦਰ ਗਾਖਲ, ਨਰਿੰਦਰ ਸਿੰਘ ਸਹੋਤਾ ਅਤੇ ਐੱਸ ਅਸ਼ੋਕ ਭੌਰਾ ਸਮੇਤ ਕਬੱਡੀ ਕੱਪ ਵਿੱਚ ਭਾਗ ਲੈਣ ਵਾਲੀਆਂ ਚਾਰੇ ਕਲੱਬਾਂ ਬੇ-ਏਰੀਆ ਸਪੋਰਟਸ ਕਲੱਬ, ਪੰਜਾਬ ਸਪੋਰਟਸ ਕਲੱਬ ਸਿਆਟਲ, ਬਾਬਾ ਸੇਵਾ ਦਾਸ ਕਬੱਡੀ ਕਲੱਬ ਨਾਰਥ ਅਮਰੀਕਾ ਅਤੇ ਯੂਨਾਈਟਡ ਸਪੋਰਟਸ ਕਲੱਬ ਯੂ ਐੱਸ ਏ ਦੇ ਨੁਮਾਇੰਦਿਆਂ ਨੇ ਵੀ ਹਾਜ਼ਰੀ ਭਰੀ। ਇਨ੍ਹਾਂ ਕਲੱਬਾਂ ਨੇ ਕਬੱਡੀ ਕੱਪ ਪ੍ਰਤੀ ਉਤਸ਼ਾਹ ਖੁਸ਼ੀ ਜ਼ਾਹਿਰ ਕੀਤੀ । ਬੁਲਾਰਿਆਂ ਨੇ ਕਿਹਾ ਕਿ ਪਹਿਲੀ ਵਾਰ ਹੋਵੇਗਾ ਜਦੋਂ ਸਾਰੀਆਂ ਕਲੱਬਾਂ ਵਲੋਂ ਕੌਮਾਂਤਰੀ ਪ੍ਰਸਿੱਧੀ ਸਾਰੀਆਂ ਕਲੱਬਾਂ ਯੂਨਾਈਟਡ ਸਪੋਰਟਸ ਕਲੱਬ ਦੀ ਸਮੁੱਚੀ ਪ੍ਰਬੰਧਕੀ ਟੀਮ ਨੂੰ ਭਰਪੂਰ ਸਮਰਥਨ ਦੇ ਰਹੀਆਂ ਹਨ। ਕਲੱਬ ਦੇ ਮੁੱਖ ਸਰਪ੍ਰਸਤ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਇਸ ਵਾਰ ਦਰਸ਼ਕਾਂ ਦੇ ਬੈਠਣ 'ਤੇ ਹੋਰ ਸਿਹਤ ਸਹੂਲਤਾਂ ਲਈ ਵੀ ਭਰਪੂਰ ਪ੍ਰਬੰਧ ਕੀਤੇ ਜਾ ਰਹੇ ਹਨ। ਲੰਗਰ ਦਾ ਵੀ ਭਰਵਾਂ ਪ੍ਰਬੰਧ ਕੀਤਾ ਗਿਆ ਹੈ। ਸਮੂਹ ਕਲੱਬਾਂ ਅਤੇ ਯੂਨਾਈਟਡ ਸਪੋਰਟਸ ਕਲੱਬ ਵਲੋਂ 17 ਸਤੰਬਰ ਐਤਵਾਰ ਨੂੰ ਸਾਰੇ ਪੰਜਾਬੀਆਂ ਇਸ ਕਬੱਡੀ ਕੱਪ ਨੂੰ ਨੇੜਿਓਂ ਤੱਕਣ ਲਈ ਪਹੁੰਚਣ ਦੀ ਅਪੀਲ ਕੀਤੀ ਗਈ ਹੈ।

# ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਬੱਚਿਆਂ ਦੇ ਭਾਸ਼ਨ ਮੁਕਾਬਲੇ

**ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ ਨੂੰ ਸਮਰਪਿਤ ਦਿਵਸ ਮਨਾਇਆ**



**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਸੈਂਟਰਲ ਵੈਲੀ ਫਰਿਜ਼ਨੋ ਵਿਖੇ ਗਦਰੀ ਬਾਬਿਆ ਦੀ ਯਾਦ ਨੂੰ ਸਮਰਪਿਤ ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਵੱਲੋਂ ਨਵੀਂ ਪੀੜੀ ਪੀੜੀ ਨੂੰ ਆਪਣੇ ਇਤਿਹਾਸ ਨਾਲ ਜੋੜਨ ਅਤੇ ਭਵਿੱਖ ਵਿੱਚ ਚੰਗੀ ਸੋਚ ਦੇ ਧਾਰਨੀ ਬਣਾਉਣ ਲਈ ਹਰ ਸਾਲ ਦੀ ਤਰ੍ਹਾਂ ਸ਼ਹੀਦ ਸ. ਊਧਮ ਸਿੰਘ ਸੁਨਾਮ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ ਨੂੰ ਸਮਰਪਿਤ ਬੱਚਿਆਂ ਦੇ ਸਾਲਾਨਾ ਭਾਸ਼ਨ ਮੁਕਾਬਲੇ ਕਰਵਾਏ ਗਏ। ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਦੀ ਅਗਵਾਈ ਵਾਲੇ ਭਾਸ਼ਨ ਮੁਕਾਬਲਿਆਂ ਦੀ ਸ਼ੁਰੂਆਤ ਹਰਜਿੰਦਰ ਸਿੰਘ ਢੇਸੀ ਵਲੋਂ ਸਭ ਨੂੰ ਜੀ ਆਇਆਂ ਕਹਿਣ ਨਾਲ ਕੀਤੀ ਗਈ। ਇਸ ਉਪਰੰਤ ਯਮਲਾ ਜੱਟ ਦੇ ਸ਼ਾਗਿਰਦ ਸਥਾਨਿਕ ਗਾਇਕ ਰਾਜ ਬਰਾੜ ਨੇ ਗੀਤਾਂ ਰਾਹੀਂ ਹਾਜ਼ਰੀ ਭਰੀ। ਇਨ੍ਹਾਂ ਭਾਸ਼ਨ ਮੁਕਾਬਲਿਆਂ ਲਈ ਐਲੀਮੈਂਟਰੀ ਸਕੂਲ ਤੋਂ ਕਾਲਜ ਲੈਬਲ ਤੱਕ ਦੇ ਬੱਚਿਆਂ ਨੂੰ ਵੱਖ-ਵੱਖ ਗਰੁੱਪਾਂ ਵਿੱਚ ਵੰਡਿਆ ਗਿਆ ਸੀ ਜਿਨ੍ਹਾਂ ਵਿੱਚ ਵੱਖ-ਵੱਖ ਉਮਰ ਅਤੇ ਵਿਦਿਅਕ ਲੈਵਲ ਦੇ ਬੱਚਿਆਂ ਨੇ ਵੱਧ-ਚੜ ਕੇ ਹਿੱਸਾ ਲਿਆ।

ਗਰੁੱਪ ਏ ਵਿਚੋਂ ਪਹਿਲੇ ਸਥਾਨ ਤੇ ਰਿਹਾ ਇਸ਼ਬੀਰ ਸਿੰਘ, ਦੂਜੇ ਸਥਾਨ ਤੇ ਰਹੇ ਗੁਰਮਨਜੋਤ ਸਿੰਘ ਅਤੇ ਗੁਰਲੀਨ ਕੌਰ ਸਿੱਧੂ ਅਤੇ ਤੀਜੇ ਸਥਾਨ ਤੇ ਰਹੀ ਰਵਨੀਤ ਕੌਰ। ਗਰੁੱਪ ਬੀ ਵਿਚੋਂ ਪਹਿਲੇ ਸਥਾਨ ਤੇ ਰਹੀ ਮਿਸ਼ਲੀਨ ਕੌਰ, ਦੂਜੇ ਸਥਾਨ ਤੇ ਰਿਹਾ ਹਰਕੀਰਤ ਸਿੰਘ ਅਤੇ ਤੀਜੇ ਸਥਾਨ ਤੇ ਰਿਹਾ ਜਸਪ੍ਰੀਤ ਸਿੰਘ। ਗਰੁੱਪ ਸੀ ਵਿਚੋਂ ਪਹਿਲੇ ਸਥਾਨ ਤੇ ਰਹੇ ਤਰਿਪਤਪਾਲ ਸਿੰਘ, ਰੂਬਲ ਸੂਰਜ ਸਿੰਘ, ਦੂਜੇ ਸਥਾਨ ਤੇ ਰਿਹਾ ਸੁਖਬੀਰ ਸਿੰਘ ਮਾਨ ਅਤੇ ਤੀਜੇ ਸਥਾਨ ਤੇ ਰਿਹਾ ਇਕਬਾਲ ਸਿੰਘ ਸਿੱਧੂ। ਗਰੁੱਪ ਡੀ ਵਿਚ ਪਹਿਲਾ ਸਥਾਨ ਦਲਜੀਤ ਸਿੰਘ ਸਰਾਏ, ਦੂਜੇ ਸਥਾਨ ਜਸ਼ਨਪਾਲ ਸਿੰਘ ਮਾਂਗਟ ਅਤੇ ਤੀਜੇ ਸਥਾਨ ਤੇ ਰਹੀ ਹਰਨੀਤ ਕੌਰ। ਗਰੁੱਪ ਏ ਵਿਚੋਂ ਸਪੈਸ਼ਲ ਇਨਾਮ ਬਬਲੀਨ ਕੌਰ ਨੂੰ ਦਿੱਤਾ ਗਿਆ। ਹਿੱਸਾ ਲੈਣ ਵਾਲੇ ਸਭਨਾਂ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਜੇਤੂ ਬੱਚਿਆ ਨੂੰ ਸਪੈਸ਼ਲ ਨਕਦ ਇਨਾਮ ਦਿੱਤੇ ਗਏ। ਇਸ ਦੌਰਾਨ ਖ਼ੁਸ਼ੀ ਦੀ ਗੱਲ ਇਹ ਸੀ ਕਿ ਬੱਚਿਆਂ ਦੀ ਹੌਸਲਾ ਅਫਜ਼ਾਈ ਲਈ ਸਮੂੰਹ ਹਾਜ਼ਰੀਨ ਵੱਲੋਂ ਭਰਵਾ ਹੁੰਗਾਰਾ ਦਿੱਤਾ ਗਿਆ ਅਤੇ ਅਜਿਹੇ ਹੋਰ ਪ੍ਰੋਗਰਾਮ ਕਰਾਉਣ ਦੀ ਪ੍ਰਬੰਧਕਾਂ ਨੂੰ ਅਪੀਲ ਕੀਤੀ ਗਈ। ਇਸ ਬੱਚਿਆ ਦੇ ਮੁਕਾਬਲੇ ਦੌਰਾਨ ਡਾ. ਗੁਰੂਮੇਲ ਸਿੰਘ ਸਿੱਧੂ, ਉਸਤਾਦ ਸ਼ਾਇਰ ਹਰਜਿੰਦਰ ਸਿੰਘ ਕੰਗ, ਕਰਮ ਸਿੰਘ ਮਾਨ ਅਤੇ ਡਾ. ਅਰਜਨ ਸਿੰਘ ਜੋਸ਼ਨ ਨੇ ਬਤੌਰ ਜੱਜ ਸੇਵਾਵਾਂ ਨਿਭਾਈਆਂ। ਅੰਤਲੇ ਪਲਾਂ ਵਿੱਚ ਪ੍ਰਮੁੱਖ ਬੁਲਾਰਿਆ ਦੁਆਰਾ ਆਪਣੇ ਦੇਸ਼ ਪ੍ਰੇਮ ਦੇ ਭਾਵ ਸਾਂਝੇ ਕੀਤੇ। ਸਟੇਜ ਸੰਚਾਲਨ ਹਰਜਿੰਦਰ ਸਿੰਘ ਢੇਸੀ ਨੇ ਬਾਖੂਬੀ ਕੀਤਾ। ਇਸ ਸਮੇਂ ਹਾਜ਼ਰੀਨ ਲਈ ਚਾਹ, ਪਕੌੜਿਆਂ ਦੇ ਲੰਗਰ ਦਾ ਸ਼ਾਨਦਾਰ ਪ੍ਰਬੰਧ ਵੀ ਕੀਤਾ ਗਿਆ ਸੀ।

# ਆਪਣੀ ਪਛਾਣ ਬਾਰੇ ਜਾਗਰੂਕਤਾ ਲਈ ਸਿੱਖਾਂ ਨੇ ਸਿਡਨੀ ਮੈਰਾਥਨ ਦੌੜ 'ਚ ਲਿਆ ਹਿੱਸਾ

**ਸਿਡਨੀ/ਬਿਊਰੋ ਨਿਊਜ਼ :**

ਕਰੀਬ 80,000 ਲੋਕਾਂ ਨੇ ਇੱਥੇ ਤੰਦਰੁਸਤੀ ਨੂੰ ਅਪਣਾਉਣ ਦਾ ਸੁਨੇਹਾ ਦੇਣ ਲਈ ਦੌੜ ਵਿਚ ਭਾਗ ਲਿਆ। ਦੌੜ ਰਾਹੀਂ 950 ਤੋਂ ਵੱਧ ਚੈਰਿਟੀ ਸੰਸਥਾਵਾਂ ਲਈ ਕਰੀਬ 35 ਲੱਖ ਆਸਟਰੇਲਿਆਈ ਡਾਲਰ ਇਕੱਠੇ ਕੀਤੇ ਗਏ। ਇਹ ਸੰਸਥਾਵਾਂ ਬਿਮਾਰ ਤੇ ਲੋੜਵੰਦ ਲੋਕਾਂ ਦੀ ਮਦਦ ਲਈ ਜਾਣੀਆਂ ਜਾਂਦੀਆਂ ਹਨ।

ਪੰਜਾਬੀ ਸਿੱਖ ਵੀ ਦੌੜ ਵਿੱਚ ਸ਼ਾਮਲ ਹੋਏ। ਉਨ੍ਹਾਂ ਨੇ ਇੱਕ ਤਰ੍ਹਾਂ ਨਾਲ ਦੌੜ ਰਾਹੀਂ ਆਪਣੇ ਪਹਿਰਾਵੇ ਤੇ ਪਛਾਣ ਬਾਰੇ ਪੈਂਦੇ ਭੁਲੇਖੇ ਦੂਰ ਕਰਨ ਦਾ ਹੋਕਾ ਵੀ ਦਿੱਤਾ। ਸੁਪਰ ਸਿੱਖ ਸਪੋਰਟਸ ਐਂਡ ਕਲਚਰਲ ਸੰਸਥਾ ਦੇ ਆਗੂ ਗੁਰਪ੍ਰੀਤ ਸਿੰਘ ਬਡਵਾਲ, ਆਸਟਰੇਲੀਅਨ ਸਿੱਖ ਐਸੋਸੀਏਸ਼ਨ ਦੇ ਆਗੂ ਡਾ. ਦਲਜੀਤ ਸਿੰਘ ਬੱਲ, ਸਤਨਾਮ ਸਿੰਘ ਬਾਜਵਾ, ਕੁਲਵਿੰਦਰ ਸਿੰਘ ਬਾਜਵਾ, ਰਣਜੀਤ ਸਿੰਘ ਖੇੜਾ ਤੇ ਹੋਰ ਪੰਜਾਬੀ ਦੌੜਾਕ ਵੀ ਇਸ ਦੌੜ ਵਿਚ ਸ਼ਾਮਲ ਹੋਏ। ਉਨ੍ਹਾਂ ਲੋੜਵੰਦਾਂ ਲਈ ਬਣੀ ਸੰਸਥਾ ਸਿੱਖ ਹੈਲਪਲਾਈਨ ਦੀ ਜਾਣਕਾਰੀ ਸਾਂਝੀ ਕੀਤੀ। ਡਾ. ਬੱਲ ਨੇ ਕਿਹਾ ਕਿ ਦੌੜਨ ਤੋਂ ਬਾਅਦ ਜਦੋਂ ਦਰਸ਼ਕ ਗੈਲਰੀ ਵਿੱਚ ਬੈਠੇ ਇਕ ਆਸਟਰੇਲਿਆਈ ਦੇ ਮੂੰਹੋਂ ਇਹ ਸੁਣਿਆ ਕਿ 'ਵੈਲਡਨ ਮਿਸਟਰ ਸਿੰਘ' ਤਾਂ ਮੇਰੀ ਥਕਾਣ ਉਤਰਨ ਤੋਂ ਇਲਾਵਾ ਆਪਣੀ ਦਸਤਾਰ 'ਤੇ ਹੋਰ ਮਾਣ ਹੋ ਗਿਆ। ਕਰੀਬ 14 ਕਿਲੋਮੀਟਰ ਲੰਮੀ ਇਹ 'ਸਿਟੀ ਟੂ ਸਰਫ' ਦੌੜ ਸਿਡਨੀ ਦੀ ਕੇਂਦਰੀ ਵਪਾਰਕ ਸੜਕ ਤੋਂ ਸ਼ੁਰੂ ਹੋ ਕੇ ਸਮੁੰਦਰ ਕੰਢੇ ਬੌਂਡੀ ਬੀਚ ਵਿਚ ਸਮਾਪਤ ਹੁੰਦੀ ਹੈ। 1971 ਵਿਚ ਸ਼ੁਰੂ ਹੋਈ ਇਹ ਸਾਲਾਨਾ ਦੌੜ ਇਸ ਵਾਰ 47ਵੀਂ ਦੌੜ ਸੀ। ਦੌੜਾਕ ਹੈਰੀ ਸਮਾਰਸ ਨੇ 42 ਮਿੰਟ ਅਤੇ 16 ਸੈਕਿੰਡ ਵਿੱਚ ਫਾਈਨਲ ਲਾਈਨ ਪਾਰ ਕੀਤੀ। ਦੌੜਾਕ ਸਟੀਵ ਮੋਨੇਗੇਟੀ ਨੇ 1991 ਵਿੱਚ 40 ਮਿੰਟ 3 ਸੈਕਿੰਡ ਦੀ ਦੌੜ ਜਿੱਤਣ ਦਾ ਰਿਕਾਰਡ ਕਾਇਮ ਕੀਤਾ ਸੀ ਜੋ ਅਜੇ ਵੀ ਬਰਕਰਾਰ ਹੈ।

# ਜੈਵਲਿਨ ਥਰੋ ਦੇ ਫਾਈਨਲ ਵਿਚ ਪਹੁੰਚਣ ਵਾਲਾ ਪਹਿਲਾ ਸਿੱਖ ਨੌਜਵਾਨ ਦਵਿੰਦਰ ਸਿੰਘ ਕੰਗ

**ਲੰਡਨ/ਬਿਊਰੋ ਨਿਊਜ਼ :**

ਗੁਮਨਾਮ ਖਿਡਾਰੀ ਦਵਿੰਦਰ ਸਿੰਘ ਕੰਗ ਵਿਸ਼ਵ ਚੈਂਪੀਅਨਸ਼ਿਪ ਦੇ ਨੇਜ਼ਾ ਸੁੱਟਣ ਦੇ ਮੁਕਾਬਲੇ ਦੇ ਫਾਈਨਲ ਵਿਚ ਪਹੁੰਚਣ ਵਾਲਾ ਪਹਿਲਾ ਭਾਰਤੀ ਬਣ ਗਿਆ ਹੈ ਜਦੋਂ ਕਿ ਸਟਾਰ ਖਿਡਾਰੀ ਨੀਰਜ ਚੋਪੜਾ ਕੁਆਲੀਫਿਕੇਸ਼ਨ ਗੇੜ ਵਿਚ ਹੀ ਬਾਹਰ ਹੋ ਗਿਆ।

ਵਿਸ਼ਵ ਚੈਂਪੀਅਨਸ਼ਿਪ ਵਿਚ ਪਹਿਲਾਂ ਕੰਗ ਦੀ ਸ਼ਮੂਲੀਅਤ ਪਹਿਲਾਂ ਖ਼ਤਰੇ ਵਿਚ ਪੈ ਗਈ ਸੀ ਜਦੋਂ ਜੂਨ ਵਿਚ ਉਸ ਨੂੰ ਗਾਂਜੇ ਦੀ ਵਰਤੋਂ ਦਾ ਦੋਸ਼ੀ ਪਾਇਆ ਗਿਆ ਸੀ ਪਰ ਕਿਉਂਕਿ ਇਹ ਪਦਾਰਥ ਵਾਡਾ ਦੇ ਜ਼ਾਬਤੇ ਤਹਿਤ ਮੁਅੱਤਲੀ ਦੇ ਦਾਇਰੇ ਵਿੱਚ ਨਹੀਂ ਆਉਂਦਾ, ਇਸ ਲਈ ਉਸ ਨੂੰ ਟੀਮ ਵਿੱਚ ਜਗ੍ਹਾ ਦੇ ਦਿੱਤੀ ਗਈ। ਕੋਈ ਵੀ ਭਾਰਤੀ ਇਸ ਤੋਂ ਪਹਿਲਾਂ ਕਿਸੇ ਵਿਸ਼ਵ ਚੈਂਪੀਅਨਸ਼ਿਪ ਵਿਚ ਪੁਰਸ਼ਾਂ ਦੇ ਨੇਜ਼ਾ ਸੁੱਟਣ ਦੇ ਮੁਕਾਬਲੇ ਦੇ ਫਾਈਨਲ ਵਿਚ ਨਹੀਂ ਪਹੁੰਚ ਸਕਿਆ ਸੀ। ਕੰਗ ਦੇ ਪ੍ਰਦਰਸ਼ਨ ਨਾਲ ਭਾਰਤੀ ਖੇਮੇ ਨੇ ਕੁਝ ਰਾਹਤ ਦੇ ਸਾਹ ਲਏ ਹੋਣੇ ਕਿਉਂਕਿ ਹੁਣ ਤੱਕ ਇਸ ਚੈਂਪੀਅਨਸ਼ਿਪ ਵਿੱਚ ਨਿਰਾਸ਼ਾ ਹੀ ਹੱਥ ਲੱਗੀ ਹੈ।

ਇਸ ਤੋਂ ਪਹਿਲਾਂ ਗਰੁੱਪ 'ਏ' ਕੁਆਲੀਫਿਕੇਸ਼ਨ ਵਿੱਚ ਭਾਰਤ ਦੀ ਸਭ ਤੋਂ ਵੱਡੀ ਤਗਮੇ ਦੀ ਆਸ ਨੀਰਜ ਪ੍ਰਭਾਵਤ ਕਰਨ ਵਿੱਚ ਨਾਕਾਮ ਰਿਹਾ। ਆਪਣੇ ਮੋਢਿਆਂ 'ਤੇ ਦੇਸ਼ ਦੀਆਂ ਆਸਾਂ ਦਾ ਭਾਰ ਲੈ ਕੇ ਉਤਰੇ ਨੀਰਜ ਨੇ ਸਭ ਤੋਂ ਵਧੀਆ 82.26 ਮੀਟਰ ਦਾ ਥ੍ਰੋਅ ਪਹਿਲੀ ਹੀ ਕੋਸ਼ਿਸ਼ ਵਿੱਚ ਸੁੱਟਿਆ। ਜੂਨੀਅਰ ਵਿਸ਼ਵ ਰਿਕਾਰਡਧਾਰਕ ਨੀਰਜ ਦੀ ਦੂਜੀ ਕੋਸ਼ਿਸ਼ ਫਾਊਲ ਰਿਹਾ ਤੇ ਤੀਜੀ ਕੋਸ਼ਿਸ਼ ਵਿੱਚ ਉਹ 80.54 ਮੀਟਰ ਦਾ ਥ੍ਰੋਅ ਹੀ ਲਾ ਸਕਿਆ। ਉੱਥੇ ਹੀ ਕੁਆਲੀਫਿਕੇਸ਼ਨ ਗੇੜ ਵਿੱਚ ਗਰੁੱਪ 'ਬੀ' ਵਿੱਚ ਉਤਰੇ ਦਵਿੰਦਰ ਸਿੰਘ ਕੰਗ ਨੇ ਤੀਜੇ ਤੇ ਆਖ਼ਰੀ ਥ੍ਰੋਅ ਵਿੱਚ 83 ਮੀਟਰ ਦੇ ਕੁਆਲੀਫਿਕੇਸ਼ਨ ਮਾਰਕ ਨੂੰ ਛੂਹ ਲਿਆ। ਉਸ ਨੇ 84.22 ਦਾ ਥ੍ਰੋਆ ਸੁੱਟਿਆ। ਪਹਿਲੇ ਥ੍ਰੋਅ ਵਿੱਚ ਉਸ ਨੇ 82.22 ਦਾ ਫਾਸਲਾ ਨੱਪਿਆ ਸੀ ਜਦੋਂਕਿ ਦੂਜੇ ਵਿਚ 82.14 ਮੀਟਰ ਹੀ ਸੁੱਟ ਸਕਿਆ। ਮੋਢੇ ਦੀ ਸੱਟ ਤੋਂ ਉਭਰ ਕੇ ਆਏ ਪੰਜਾਬ ਦੇ ਇਸ 26 ਸਾਲਾ ਅਥਲੀਟ 'ਤੇ ਆਖ਼ਰੀ ਕੋਸ਼ਿਸ਼ ਵਿੱਚ 83 ਮੀਟਰ ਦਾ ਫਾਸਲਾ ਨੱਪਣ ਦਾ ਦਬਾਅ ਸੀ। ਉਸ ਨੇ ਭਾਰਤੀ ਪ੍ਰਸੰਸਕਾਂ ਨੂੰ ਨਿਰਾਸ਼ ਨਹੀਂ ਕੀਤਾ। ਗਰੁੱਪ 'ਏ' ਤੋਂ ਪੰਜ ਤੇ ਗਰੁੱਪ 'ਬੀ' ਤੋਂ ਅੱਠ ਮਤਲਬ ਕੁੱਲ 13 ਖਿਡਾਰੀਆਂ ਨੇ ਕੁਆਲੀਫਾਈ ਕੀਤਾ। ਕੰਗ ਆਖ਼ਰੀ ਕੁਆਲੀਫਾਇੰਗ ਗੇੜ ਤੋਂ ਬਾਅਦ ਸੱਤਵੇਂ ਸਥਾਨ 'ਤੇ ਰਿਹਾ। ਉਸ ਦਾ ਇਹ ਪ੍ਰਦਰਸ਼ਨ ਇਸ ਵਾਸਤੇ ਵੀ ਸ਼ਲਾਘਾਯੋਗ ਹੈ ਕਿਉਂਕਿ ਮਈ ਵਿੱਚ ਦਿੱਲੀ ਵਿਚ ਇੰਡੀਅਨ ਗ੍ਰਾਂ ਪ੍ਰੀ ਵਿਚ ਉਸ ਦੇ ਮੋਢੇ ਵਿਚ ਸੱਟ ਲੱਗ ਗਈ ਸੀ। ਉਸ ਨੂੰ ਮੋਢੇ 'ਤੇ ਪੱਟੀ ਬੰਨ੍ਹ ਕੇ ਖੇਡਣਾ ਪਿਆ ਸੀ।

ਕੰਗ ਨੇ ਮੁਕਾਬਲੇ ਤੋਂ ਬਾਅਦ ਕਿਹਾ ਜਦੋਂ ਉਸ ਨੂੰ ਪਤਾ ਲੱਗਿਆ ਕਿ ਨੀਰਜ ਨੇ ਕੁਆਲੀਫਾਈ ਨਹੀਂ ਕੀਤਾ ਤਾਂ ਉਹ ਫਾਈਨਲ ਗੇੜ ਲਈ ਕੁਆਲੀਫਾਈ ਕਰਨਾ ਚਾਹੁੰਦਾ ਸੀ। ਉਹ ਦੇਸ਼ ਲਈ ਕੁਝ ਕਰਨਾ ਚਾਹੁੰਦਾ ਸੀ। ਅਜਿਹਾ ਕੁਝ ਜੋ ਕਦੇ ਕਿਸੇ ਭਾਰਤੀ ਨੇ ਨਾ ਕੀਤਾ ਹੋਵੇ ਤੇ ਰੱਬ ਦੀ ਕ੍ਰਿਪਾ ਨਾਲ ਉਹ ਇਹ ਕਰਨ ਵਿੱਚ ਸਫ਼ਲ ਰਿਹਾ। ਉਸ ਨੇ ਕਿਹਾ ਕਿ ਉਸ ਨੂੰ ਮਈ ਵਿੱਚ ਇੰਡੀਅਨ ਗ੍ਰਾਂ ਪ੍ਰੀ ਦੌਰਾਨ ਸੱਟ ਲੱਗੀ ਸੀ ਪਰ ਇਹ ਕੋਈ ਵੱਡੀ ਸਮੱਸਿਆ ਨਹੀਂ ਸੀ। ਟੀਮ ਦੇ ਮਾਲਿਸ਼ ਵਾਲੇ ਅੱਜਕੱਲ੍ਹ ਇਹ ਪੱਟੀ ਬੰਨ੍ਹਦੇ ਹਨ। ਉਹ ਹੁਣ ਪੂਰੀ ਤਰ੍ਹਾਂ ਠੀਕ ਹੈ ਪਰ ਉਸ ਨੂੰ ਆਪਣੇ ਦੋਸਤ ਸ੍ਰੀਲੰਕਾ ਦੇ ਵਾਰੁਨਾ ਰੰਕੋਥ ਪੇਡਿਗੇ ਤੋਂ ਤੀਜੇ ਤੇ ਆਖ਼ਰੀ ਥ੍ਰੋਅ ਤੋਂ ਪਹਿਲਾਂ ਕੁਝ ਸਟ੍ਰੇਚਿੰਗ ਦੀ ਅਪੀਲ ਕਰਨੀ ਪਈ। ਉਸ ਨੇ ਕਿਹਾ ਕਿ ਆਰਾਮ ਮਗਰੋਂ ਸੱਟ ਠੀਕ ਹੋ ਜਾਵੇਗੀ ਤੇ ਉਹ 12 ਅਗਸਤ ਨੂੰ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਕਰੇਗਾ।

ਇਸੇ ਦੌਰਾਨ ਜੂਨੀਅਰ ਵਿਸ਼ਵ ਰਿਕਾਰਡ ਧਾਰਕ ਨੀਰਜ ਚੋਪੜਾ ਨੇ ਕਿਹਾ ਕਿ ਉਸ ਨੇ ਆਪਣੇ ਵੱਲੋਂ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਕੀਤੀ ਪਰ ਨਿਰਾਸ਼ਾ ਹੱਥ ਲੱਗੀ। ਉਸ ਨੇ ਪਹਿਲੇ ਥ੍ਰੋਅ ਵਿੱਚ ਕਾਫੀ ਮਿਹਨਤ ਕੀਤੀ ਪਰ ਕੁਝ ਸੈਂਟੀਮੀਟਰ ਤੋਂ ਰਹਿ ਗਿਆ। ਦੂਜੇ ਥ੍ਰੋਅ ਵਿੱਚ ਦਿੱਕਤ ਸੀ ਤੇ ਤੀਜਾ ਦੂਰ ਰਹਿ ਗਿਆ। ਜੇਕਰ ਕੋਚ ਨਾਲ ਆਉਂਦੇ ਤਾਂ ਚੰਗਾ ਰਹਿੰਦਾ ਪਰ ਇਹ ਉਸ ਦੇ ਹੱਥ ਨਹੀਂ ਸੀ। ਉਸ ਨੂੰ ਪਤਾ ਹੀ ਨਹੀਂ ਲੱਗਾ ਕਿ ਅੱਜ ਕੀ ਹੋ ਗਿਆ।




### ਕੋਚ ਨਾ ਹੋਣ ਕਰਕੇ ਵਿਰੋਧੀ ਖਿਡਾਰੀ ਤੋਂ ਹੀ ਸਿੱਖਣੇ ਪਏ ਗੁਰ

**ਲੰਡਨ:** ਭਾਰਤੀ ਨੇਜ਼ਾ ਸੁੱਟ ਅਥਲੀਟ ਦਵਿੰਦਰ ਸਿੰਘ ਕੰਗ ਨੂੰ ਕੋਚ ਨਾ ਹੋਣ ਕਰਕੇ ਇੱਥੇ ਵਿਸ਼ਵ ਚੈਂਪੀਅਨਸ਼ਿਪ ਦੇ ਕੁਆਲੀਫਿਕੇਸ਼ਨ ਗੇੜ ਦੌਰਾਨ ਸ੍ਰੀਲੰਕਾ ਦੇ 'ਦੋਸਤ' ਤੇ ਵਿਰੋਧੀ ਖਿਡਾਰੀ ਤੋਂ ਗੁਰ ਸਿੱਖਣ ਲਈ ਮਜਬੂਰ ਹੋਣਾ ਪਿਆ। ਮੋਢੇ ਦੀ ਸੱਟ ਨਾਲ ਜੂਝ ਰਹੇ ਕੰਗ ਦੀ ਸ੍ਰੀਲੰਕਾ ਦੇ ਵਰੁਨਾ ਰਨਕੋਟ ਪੈਡਿਗੇ ਨੇ ਮਦਦ ਕੀਤੀ ਜੋ ਖ਼ੁਦ ਉਸੇ ਕੁਆਲੀਫਿਕੇਸ਼ਨ ਗੇੜ ਵਿਚ ਭਾਗ ਲੈ ਰਿਹਾ ਸੀ, ਫਿਰ ਵੀ ਉਸ ਨੇ ਭਾਰਤੀ ਖਿਡਾਰੀ ਨੂੰ ਗੁਰ ਦਿੱਤੇ। ਇਸ ਨਾਲ ਕੰਗ ਤੀਜੇ ਤੇ ਅੰਤਿਮ ਥ੍ਰੋਅ ਵਿਚ 83 ਮੀਟਰ ਦੇ ਕੁਆਲੀਫਿਕੇਸ਼ਨ ਮਾਰਕ ਨੂੰ ਪਾਰ ਕਰਨ ਵਿੱਚ ਸਫਲ ਰਿਹਾ। ਜ਼ਿਕਰਯੋਗ ਹੈ ਕਿ ਨੇਜ਼ਾ ਸੁੱਟਣ ਦੇ ਮੁਕਾਬਲੇ ਵਿਚ ਭਾਰਤ ਵੱਲੋਂ ਕੰਗ, ਨੀਰਜ ਤੇ ਮਹਿਲਾ ਵਰਗ ਵਿਚ ਅਨੂ ਰਾਣੀ ਭਾਗ ਲੈ ਰਹੀ ਹੈ ਪਰ ਉਨ੍ਹਾਂ ਨਾਲ ਕੋਚ ਨਹੀਂ ਹੈ।

## ਦਾਗ਼ੀ ਗੇਂਦਬਾਜ਼ ਸ੍ਰੀਸੰਤ ਮਾਮਲੇ 'ਚ ਹੁਣ ਬੋਰਡ ਬੀਸੀਸੀਆਈ ਕੋਲ ਅਪੀਲ ਕਰੇਗਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਗੇਂਦਬਾਜ਼ ਐਸ. ਸ੍ਰੀਸੰਤ ਨੂੰ ਭਾਰਤੀ ਕ੍ਰਿਕਟ ਬੋਰਡ ਤੋਂ ਫੌਰੀ ਕੋਈ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ ਕਿਉਂਕਿ ਬੋਰਡ ਨੇ ਇਸ ਦਾਗ਼ੀ ਤੇਜ਼ ਗੇਂਦਬਾਜ਼ 'ਤੇ ਲੱਗੀ ਤਾਉਮਰ ਦੀ ਪਾਬੰਦੀ ਹਟਾਉਣ ਖ਼ਿਲਾਫ਼ ਕੇਰਲਾ ਹਾਈ ਕੋਰਟ ਦੇ ਬੈਂਚ ਕੋਲ ਅਪੀਲ ਕਰਨ ਦਾ ਫ਼ੈਸਲਾ ਕੀਤਾ ਹੈ। ਯਾਦ ਰਹੇ ਕਿ ਸਾਲ 2013 ਵਿੱਚ ਆਈਪੀਐਲ ਸਪਾਟ ਫਿਕਸਿੰਗ ਮਾਮਲੇ ਵਿਚ ਕਥਿਤ ਭੂਮਿਕਾ ਲਈ ਬੀਸੀਸੀਆਈ ਨੇ ਗੇਂਦਬਾਜ਼ 'ਤੇ ਤਾਉਮਰ ਲਈ ਪਾਬੰਦੀ ਲਾ ਦਿੱਤੀ ਸੀ। ਲੰਘੇ ਸੋਮਵਾਰ ਨੂੰ ਕੇਰਲਾ ਹਾਈ ਕੋਰਟ ਦੇ ਇਕਹਿਰੇ ਬੈਂਚ ਨੇ ਸ੍ਰੀਸੰਤ 'ਤੇ ਲੱਗੀ ਪਾਬੰਦੀ ਨੂੰ ਹਟਾਉਣ ਲਈ ਕਿਹਾ ਸੀ। ਬੀਸੀਸੀਆਈ ਹਾਲਾਂਕਿ ਇਸ ਗੱਲ 'ਤੇ ਬਜ਼ਿੱਦ ਹੈ ਕਿ ਉਹ ਇਸ ਤੇਜ਼ ਗੇਂਦਬਾਜ਼ ਨੂੰ ਮੈਦਾਨ ਵਿੱਚ ਤੁਰੰਤ ਵਾਪਸੀ ਦੀ ਇਜਾਜ਼ਤ ਅਜੇ ਨਹੀਂ ਦੇਵੇਗਾ। ਬੋਰਡ ਦੇ ਸੀਨੀਅਰ ਅਧਿਕਾਰੀ ਨੇ ਇਸ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਕਿਹਾ, 'ਬੋਰਡ ਦੀ ਕਾਨੂੰਨੀ ਟੀਮ ਨੇ ਕੇਰਲਾ ਹਾਈ ਕੋਰਟ ਦੇ ਹੁਕਮਾਂ ਦਾ ਅਧਿਐਨ ਕੀਤਾ ਹੈ। ਇਹ ਹੁਕਮ ਇਕਹਿਰੇ ਬੈਂਚ ਨੇ ਦਿੱਤੇ ਹਨ ਤੇ ਬੀਸੀਸੀਆਈ ਕੋਲ ਕੇਰਲ ਹਾਈ ਕੋਰਟ ਦੇ ਵੱਡੇ ਬੈਂਚ ਕੋਲ ਅਪੀਲ ਕਰਨ ਦਾ ਅਧਿਕਾਰ ਹੈ। ਲਿਹਾਜ਼ਾ ਅਸੀਂ ਇਸ ਫ਼ੈਸਲੇ ਖ਼ਿਲਾਫ਼ ਅਪੀਲ ਕਰਾਂਗੇ।' ਬੀਸੀਸੀਆਈ ਦੀ ਭ੍ਰਿਸ਼ਟਾਚਾਰ ਦੇ ਮਾਮਲਿਆਂ ਨੂੰ ਉੱਕਾ ਹੀ ਨਾ ਸਹਿਣ ਕਰਨ ਦੀ ਨੀਤੀ ਰਹੀ ਹੈ ਤੇ ਇਹੀ ਵਜ੍ਹਾ ਹੈ ਕਿ ਭਾਰਤ ਵੱਲੋਂ 27 ਟੈਸਟ, 53 ਇਕ ਰੋਜ਼ਾ ਤੇ ਦਸ ਟੀ-20 ਕੌਮਾਂਤਰੀ ਮੁਕਾਬਲੇ ਖੇਡਣ ਵਾਲੇ ਸ੍ਰੀਸੰਤ ਲਈ ਉਸ ਕੋਲ ਕੋਈ ਹਮਦਰਦੀ ਨਹੀਂ।

## ਜਦੋਂ ਅੰਗਰੇਜ਼ਾਂ ਦੀਆਂ ਕੱਢੀਆਂ ਨਹਿਰਾਂ ਖ਼ੂਨ ਨਾਲ ਰੰਗੀਆਂ...

### *ਉਜਾੜਾ ਅਤੇ ਵਸੇਬਾ*

ਵੰਡ ਦੇ ਮੁੱਢਲੇ ਸਾਲਾਂ ਵਿੱਚ ਇਸ ਦੇ ਬਿਰਤਾਂਤ ਨੂੰ ਲੇਖਕਾਂ ਨੇ ਜ਼ਿਆਦਾ ਗਲਪ ਦੇ ਰੂਪ ਵਿੱਚ ਸਿਰਜਿਆ। ਔਰਤ ਉਪਰ ਢਾਹੀ ਵਹਿਸ਼ਤ ਤੇ ਇਸ ਵਹਿਸ਼ਤ ਤੋਂ ਬਾਅਦ ਵੀ ਔਰਤ ਦੀ ਜਿਊਣ ਦੀ ਤਾਂਘ, ਪਰ ਉਸ ਦਾ ਇਸ ਗਹਿਰੇ ਦੁਖਾਂਤਕ ਅਨੁਭਵ ਨੂੰ ਸੀਨੇ ਦੀ ਗਹਿਰਾਈ ਵਿੱਚ ਲੁਕਾ ਕੇ ਜਿਊਣਾ, ਇਸ ਤਕਲੀਫ਼ਦੇਹ ਪਹਿਲੂ ਨੇ ਕਈ ਰਚਨਾਵਾਂ ਤੇ ਫਿਲਮਾਂ ਨੂੰ ਜਨਮ ਦਿੱਤਾ। ਸਆਦਤ ਹਸਨ ਮੰਟੋ ਦੀ ਕਹਾਣੀ 'ਖੋਲ੍ਹ ਦੋ' ਦੀ ਪਾਤਰ ਸਕੀਨਾ ਮਹੀਨਿਆਂ ਤੱਕ ਸਮੂਹਕ ਜਬਰ-ਜਨਾਹ ਦੀ ਸ਼ਿਕਾਰ ਹੁੰਦੀ ਅੱਧਮੋਈ ਹੋ ਜਾਂਦੀ ਹੈ। ਬੇਹੋਸ਼ੀ ਦੇ ਆਲਮ ਵਿੱਚ ਉਸ ਨੂੰ ਇੱਕੋ ਆਵਾਜ਼ ਸੁਣਦੀ ਹੈ, ਖੋਲ੍ਹ ਦੋ। ਉਸ ਦਾ ਬੇਹੋਸ਼ੀ ਵਿੱਚ ਆਪਣਾ ਅਜ਼ਾਰਬੰਦ ਖੋਲ੍ਹ ਦੇਣਾ ਤੇ ਉਸ ਦੇ ਬੁੱਢੇ ਬਾਪ ਦਾ ਖ਼ੁਸ਼ੀ ਵਿੱਚ ਕੂਕਣਾ, "ਜ਼ਿੰਦਾ ਹੈ, ਜ਼ਿੰਦਾ ਹੈ, ਮੇਰੀ ਬੱਚੀ ਜ਼ਿੰਦਾ ਹੈ।" ਹੈਵਾਨੀਅਤ ਦੀ ਮਾਰ ਤੇ ਜੀਵਨ ਦੀ ਤਾਂਘ ਤੇ ਬੁੱਢੇ ਬਾਪ ਦੀ ਆਪਣੀ ਧੀ ਲਈ ਪਿਆਰ ਦੀ ਪ੍ਰਬਲਤਾ ਅਜਿਹੇ ਦਿਲ ਹਲੂਣਵੇਂ ਬਿਰਤਾਂਤ ਸੰਸਾਰ ਸਾਹਿਤ ਵਿੱਚ ਕਿੰਨੇ ਕੁ ਮਿਲਣਗੇ ?

ਕਹਾਣੀਕਾਰ ਕੁਲਵੰਤ ਸਿਘ ਵਿਰਕ ਦੀ ਕਹਾਣੀ 'ਖੱਬਲ' ਦੀ ਉਹ ਉਧਾਲੀ ਹੋਈ ਸਿੱਖ ਔਰਤ ਜੋ ਤਰਲਾ ਕਰਦੀ ਹੈ ਕਿ ਉਸ ਦੀ ਗਿਆਰਾਂ ਸਾਲਾਂ ਦੀ ਨਣਦ ਨੂੰ ਤਲਾਸ਼ ਕਰ ਕੇ ਉਸ ਕੋਲ ਸੌਂਪ ਦਿੱਤਾ ਜਾਵੇ। ਉਹ ਉਸ ਦਾ ਵਿਆਹ ਕਰੇਗੀ ਤੇ ਉਸ ਦੀਆਂ ਰਿਸ਼ਤੇਦਾਰੀਆਂ ਬਣਨਗੀਆਂ। ਸਭ ਕੁਝ ਗੁਆ ਕੇ, ਇਕ ਕੱਚੇ ਕੋਠੇ ਵਿੱਚ ਬੁਖ਼ਾਰ ਨਾਲ ਉਂਘਦੀ ਔਰਤ ਦੇ ਮੂੰਹੋਂ ਰਿਸ਼ਤਿਆਂ ਨੂੰ ਮੁੜ ਜ਼ਿੰਦਾ ਕਰਨ ਦੀ ਇਹ ਤਾਂਘ ਵਿਰਕ ਨੂੰ ਖੱਬਲ ਦੀ ਯਾਦ ਦਿਵਾਉਂਦੀ ਹੈ, ਪਰ ਵੰਡ ਦਾ ਇਹ ਸੰਤਾਪ ਜਰ ਗਈਆਂ ਔਰਤਾਂ ਨੂੰ ਪੰਜਾਹ ਸਾਲ ਬਾਅਦ ਦੁਬਾਰਾ ਇਸ ਸੰਤਾਪ ਵਿੱਚੋਂ ਲੰਘਣਾ ਪੈਂਦਾ ਹੈ ਜਦੋਂ ਉਨ੍ਹਾਂ ਦੇ ਪੁੱਤਰਾਂ ਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਮਾਂ, ਮਾਂ ਨਹੀਂ ਕੋਈ ਹਿੰਦੂ, ਸਿੱਖ ਜਾਂ ਮੁਸਲਮਾਨ ਹੈ। ਅਜਿਹੀ ਸੂਰਤ ਵਿੱਚ ਖ਼ੁਦਕੁਸ਼ੀ ਕਰ ਜਾਣ ਵਾਲੀ ਇਕ ਸਿੱਖ ਮਾਂ ਦੀ ਕਹਾਣੀ 'ਖਾਮੋਸ਼ ਪਾਣੀ' ਨਾਂ ਦੀ ਫਿਲਮ ਵਿੱਚ ਬਿਆਨ ਕੀਤੀ ਗਈ।

ਵੰਡ ਵੇਲੇ ਸਭ ਕੁਝ ਅਜੀਬ ਤਰੀਕੇ ਨਾਲ ਉਲਟ-ਪੁਲਟ ਹੋ ਗਿਆ ਸੀ ਤੇ ਇਸ ਖਿੱਤੇ ਵਿੱਚ ਮਨੁੱਖੀ ਸੱਭਿਅਤਾ ਦੀ ਬੁਨਿਆਦ ਹਿੱਲ ਗਈ। ਔਰਤਾਂ ਦੀ ਬਰਾਮਦਗੀ ਕਰਵਾਉਣ ਪਾਕਿਸਤਾਨ ਗਏ ਕੁਲਵੰਤ ਸਿੰਘ ਵਿਰਕ ਨੂੰ ਥਾਣਿਆਂ ਵਿੱਚ ਪਏ ਪੰਘੂੜੇ, ਤਸਵੀਰਾਂ, ਸੋਫੇ ਤੇ ਭਾਂਡੇ ਕੁਥਾਵੇਂ ਪਏ ਜਾਪਦੇ ਹਨ। ਕਦੇ ਇਨ੍ਹਾਂ ਦੀ ਥਾਂ ਰਸੋਈਆਂ ਤੇ ਬੈਠਕਾਂ ਵਿੱਚ ਹੁੰਦੀ ਸੀ। ਨਾ ਸਿਰਫ਼ ਮਨੁੱਖ ਅਤੇ ਚੀਜ਼ਾਂ ਹੀ ਆਪਣੇ ਥਾਓਂ ਹਿੱਲੀਆਂ, ਸਗੋਂ ਸਮਾਜ ਵਿੱਚ ਠੀਕ-ਗਲਤ ਦੀ ਸਮਝ ਵੀ ਸਿਰ ਪਰਨੇ ਖੜ੍ਹੀ ਹੋ ਗਈ ਸੀ। ਕਤਲ ਅਤੇ ਲੁੱਟ ਸਹਿਜ ਭਾਵੀ ਕਰਮ ਬਣ ਗਏ ਸਨ ਤੇ ਇਨਸਾਨੀਅਤ ਦੀ ਆਵਾਜ਼ ਨੂੰ ਬੜੀ ਨਾ ਰੱਖੀ, ਬੜੀ ਗ਼ੈਰ ਕੁਦਰਤੀ ਸਮਝਿਆ ਜਾ ਰਿਹਾ ਸੀ। ਪਤਵੰਤੇ ਲੋਕ ਕਾਤਲ ਬਣ ਗਏ ਸਨ ਤੇ ਚੋਰ, ਡਾਕੂ, ਪਾਗਲ ਤੇ ਝੱਲੇ ਲੋਕਾਂ ਵਿੱਚ ਇਨਸਾਨੀਅਤ ਜਾਗ ਪਈ ਸੀ। 'ਟਰੇਨ ਟੂ ਪਾਕਿਸਤਾਨ' ਦਾ ਮੁਜਰਿਮ ਕਿਰਦਾਰ ਜੱਗਾ ਪਾਕਿਸਤਾਨ ਨੂੰ ਜਾਣ ਵਾਲੀ ਗੱਡੀ ਨੂੰ ਬਚਾਉਣ ਦੇ ਯਤਨ ਵਿੱਚ ਪੁਲ ਉਪਰ ਕੱਟ ਕੇ ਮਾਰਿਆ ਜਾਂਦਾ ਹੈ। 'ਟੋਭਾ ਟੇਕ ਸਿੰਘ' ਵਿੱਚ ਦੇਸ਼ ਇਕ ਪਾਗਲਖਾਨਾ ਬਣ ਗਿਆ ਜਾਪਦਾ ਹੈ। ਜਿਸ ਵੇਲੇ ਹੋਸ਼ਮੰਦ ਲੋਕ ਰਾਵਲਪਿੰਡੀ ਵਿੱਚ ਨਿਕਾਸੀ ਲਈ ਆਏ ਡੈਕੋਟਾ ਜਹਾਜ਼ ਵਿੱਚ ਇਕ ਸੀਟ ਛੱਡਣ ਲਈ ਤਿਆਰ ਨਹੀਂ ਸਨ ਤਾਂ ਵਿਆਹੀ ਹੋਈ ਕਾਂਤਾ ਨੂੰ ਹਿੰਦੋਸਤਾਨ ਭੇਜਣ ਲਈ ਇਕ ਵਿਧਵਾ ਮਾਂ ਦਾ ਵਿਕਲਾਂਗ ਪੁੱਤਰ ਬਸੰਤ ਝੱਲਾ ਆਖਦਾ ਹੈ, "ਮੈਂ ਦੇ ਸਾਂ ਆਪਣਾ ਟਿਕਟ, ਕਾਂਤਾ ਮੇਰੇ ਟਿਕਟ ਤੇ ਜਾਸੀ।" ਉਹ ਆਪ ਉਥੇ ਰਹਿ ਕੇ ਮਾਰਿਆ ਜਾਂਦਾ ਹੈ। ਮਹਿੰਦਰ ਸਿੰਘ ਸਰਨਾ ਦੀਆਂ ਬਹੁਤ ਸਾਰੀਆਂ ਲਿਖਤਾਂ ਵੰਡ ਦੇ ਬਹੁਤ ਸੂਖਮ ਬਿਰਤਾਂਤ ਦਾ ਸਰੋਤ ਹਨ।

ਸਆਦਤ ਹਸਨ ਮੰਟੋ, ਰਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ, ਅੰਮ੍ਰਿਤਾ ਪ੍ਰੀਤਮ, ਨਾਨਕ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਚਮਨ ਨਾਹਲ, ਮਹਿੰਦਰ ਸਿੰਘ ਸਰਨਾ, ਕਰਤਾਰ ਸਿੰਘ ਦੁੱਗਲ, ਭੀਸ਼ਮ ਸਾਹਨੀ, ਮੋਹਨ ਕਾਹਲੋਂ, ਸੁਖਵੰਤ ਕੌਰ ਮਾਨ ਨੇ ਵੰਡ ਬਾਰੇ ਇਕ ਤੋਂ ਵੱਧ ਵਾਰ ਲਿਖਿਆ। ਵੰਡ ਦੀਆਂ ਪੰਜਾਬੀ ਕਹਾਣੀਆਂ ਦਾ ਪਹਿਲਾ ਵੱਡਾ ਸੰਗ੍ਰਹਿ ਅੰਨਾ ਸ਼ੇਕਲੂਤਸਕਾ ਨੇ 'ਸੰਤਾਲੀਨਾਮਾ' ਦੇ ਨਾਮ ਹੇਠ ਛਾਪਿਆ। ਅਮਰਜੀਤ ਚੰਦਨ ਦੁਆਰਾ ਸੰਪਾਦਤ 'ਸੰਤਾਲੀ ਦੀ ਕਵਿਤਾ' ਦਾ ਸੰਗ੍ਰਹਿ ਛਪਾਈ ਅਧੀਨ ਹੈ। ਫ਼ੈਜ਼ ਅਹਿਮਦ ਫ਼ੈਜ਼ (ਯਿਹ ਦਾਗ ਦਾਗ ਉਜਾਲਾ), ਅੰਮ੍ਰਿਤਾ ਪ੍ਰੀਤਮ (ਅੱਜ ਆਖਾਂ ਵਾਰਸ ਸ਼ਾਹ ਨੂੰ), ਉਸਤਾਦ ਦਾਮਨ (ਲਾਲੀ ਅੱਖਾਂ ਦੀ ਇਹੋ ਪਈ ਦੱਸਦੀ ਏ) ਤੇ ਇਬਨੇ ਇੰਸ਼ਾ (ਇੰਸ਼ਾ ਜੀ ਉਠੋ ਅਬ ਕੂਚ ਕਰੋ) ਵੰਡ ਦੀ ਕਵਿਤਾ ਦਾ ਹਾਸਲ ਹਨ। 'ਗਰਮ ਹਵਾ', 'ਔਰ ਇਨਸਾਨ ਮਰ ਗਿਆ', 'ਕਰਤਾਰ ਸਿੰਘ', 'ਪਿੰਜਰ', 'ਸ਼ਹੀਦ-ਏ-ਮੁਹੱਬਤ', 'ਟਰੇਨ ਟੂ ਪਾਕਿਸਤਾਨ', 'ਖਾਮੋਸ਼ ਪਾਣੀ', 'ਬੇਗਮ ਜਾਨ' ਤੇ ਗੁਰਿੰਦਰ ਚੱਢਾ ਦੀ 'ਪਾਰਟੀਸ਼ਨ 1947' ਹਾਊਸ ਨਾਲ ਸਿਨੇਮਾ ਵੰਡ ਦੇ ਥੀਮ ਵੱਲ ਵਾਰ-ਵਾਰ ਪਰਤਦਾ ਹੈ। 'ਤਮਸ' ਇਸ ਦਾ ਸਭ ਤੋਂ ਚਰਚਿਤ ਟੀ.ਵੀ. ਸੀਰੀਅਲ ਰਿਹਾ ਹੈ। ਪ੍ਰਾਣ ਨਾਥ ਮਾਗੋ ਤੇ ਸਤੀਸ਼ ਗੁਜਰਾਲ ਨੇ ਵੰਡ ਬਾਰੇ ਦਿਲ ਹਲੂਣਵੇਂ ਚਿੱਤਰ ਬਣਾਏ ਹਨ। ਸੁਨੀਲ ਜਾਨਾ ਵੰਡ ਦਾ ਸਭ ਤੋਂ ਨੇੜੇ ਦਾ ਗਵਾਹ ਫੋਟੋਗ੍ਰਾਫ਼ਰ ਹੈ।

### ਬਰਤਾਨੀਆ ਦਾ ਬੀਜਿਆ ਭਾਰਤ-ਪਾਕਿ ਨੇ ਵੱਢਿਆ

ਵੰਡ ਪਿਛਲੇ ਅਸਲ ਕਾਰਨ ਹਾਲੇ ਤੱਕ ਸਪਸ਼ਟ ਨਹੀਂ ਹੋਏ। ਅੰਗਰੇਜ਼ਾਂ ਦੀ 'ਵੰਡੋ ਤੇ ਨਿਕਲੋ' ਦੀ ਨੀਤੀ, ਨਹਿਰੂ-ਜਿਨਾਹ ਦੀ ਸੱਤਾ ਲਈ ਬੇਸਬਰੀ, ਦੋ ਕੌਮਾਂ ਦਾ ਸਿਧਾਂਤ ਅਤੇ ਪਤਾ ਨਹੀਂ ਕਿਹੜੀਆਂ ਕਿਹੜੀਆਂ ਵਿਆਖਿਆਵਾਂ ਦੇ ਆਧਾਰ 'ਤੇ ਇਸ ਤ੍ਰਾਸਦੀ ਦਾ ਭੇਤ ਖੋਲ੍ਹਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਲਾਰਡ ਮਾਊਂਟਬੈਟਨ ਨੇ ਸੱਤਾ-ਬਦਲੀ ਦੀ ਤਰੀਕ ਇੱਕ ਸਾਲ ਅਗੇਤੀ ਕਿਉਂ ਮਿੱਥੀ, ਇਸ ਦਾ ਹਾਲੇ ਤੱਕ ਕੋਈ ਜਵਾਬ ਨਹੀਂ ਮਿਲਿਆ। ਵੱਖਰੇ ਦੇਸ਼ ਦੀ ਮੰਗ 1940 ਵਿੱਚ ਰੱਖੀ ਜਾਵੇ ਤੇ ਸੱਤ ਸਾਲ ਬਾਅਦ ਇਹ ਹਕੀਕਤ ਬਣ ਜਾਵੇ, ਅਜਿਹਾ ਇਤਿਹਾਸ ਵਿੱਚ ਘੱਟ-ਵੱਧ ਹੀ ਵਾਪਰਦਾ ਹੈ।

'ਵੰਡ ਦੀ ਅਸਲ ਕਹਾਣੀ' ਲਿਖਣ ਵਾਲੇ ਨਰਿੰਦਰ ਸਿੰਘ ਸਰੀਲਾ ਵੱਲੋਂ ਬਰਤਾਨੀਆ ਵਿੱਚ ਫਰੋਲੀਆਂ ਕੁਝ ਗੁਪਤ ਫਾਈਲਾਂ ਮੁਤਾਬਕ ਭਾਰਤ-ਪਾਕਿ ਵੰਡ ਦੀ ਅਸਲ ਸਕੀਮ ਤਤਕਾਲੀ ਬਰਤਾਨਵੀ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਨੇ 1945 ਵਿੱਚ ਬਣਾ ਦਿੱਤੀ ਸੀ। ਉਹ ਮਹਿਸੂਸ ਕਰਦਾ ਸੀ ਕਿ ਬਿਨਾਂ ਵੰਡਿਆਂ ਭਾਰਤ ਨੂੰ ਆਜ਼ਾਦ ਕਰ ਦੇਣ ਦਾ ਮਤਲਬ ਇਹ ਖਿੱਤਾ ਰੂਸੀ ਆਗੂ ਸਟਾਲਿਨ ਅੱਗੇ ਪਲੇਟ ਵਿੱਚ ਰੱਖ ਕੇ ਪਰੋਸਣਾ ਹੋਵੇਗਾ। ਬਰਤਾਨੀਆ ਨੂੰ ਰੂਸ ਦਾ ਡਰ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੋਂ ਸੀ। ਇਸ ਸਾਰੇ ਵਰਤਾਰੇ ਨੂੰ 'ਗ੍ਰੇਟ ਗੇਮ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਰੁਡਯਾਰਡ ਕਿਪਲਿੰਗ ਦਾ ਮਸ਼ਹੂਰ ਨਾਵਲ 'ਕਿਮ' ਇਸੇ ਦੌਰ ਦੀ ਕਹਾਣੀ ਹੈ। ਬਰਤਾਨੀਆ, ਕਰਾਚੀ ਦੀ ਬੰਦਰਗਾਹ ਉਪਰ ਰੂਸੀ ਪ੍ਰਭਾਵ ਨੂੰ ਰੋਕਣਾ ਚਾਹੁੰਦਾ ਸੀ। ਉਹ ਪਾਕਿਸਤਾਨ ਦਾ ਨਿਰਮਾਣ ਕਰ ਕੇ ਇਸ ਨੂੰ ਬਰਤਾਨਵੀ-ਅਮਰੀਕੀ ਨਵ-ਬਸਤੀ ਬਣਾ ਦੇਣਾ ਚਾਹੁੰਦਾ ਸੀ। ਵੰਡ ਸਬੰਧੀ ਮਾਊਂਟਬੈਟਨ, ਨਹਿਰੂ, ਜਿਨਾਹ, ਮਾਸਟਰ ਤਾਰਾ ਸਿੰਘ ਭੱਜ-ਨੱਠ ਕਰ ਰਹੇ ਸਨ ਤੇ ਖ਼ੁਦ ਨੂੰ 'ਕਰਤਾ' ਸਮਝ ਰਹੇ ਸਨ ਪਰ ਇਸ ਤ੍ਰਾਸਦੀ ਦੀ ਪਟਕਥਾ ਤਾਂ ਵਿੰਸਟਨ ਚਰਚਿਲ ਦੋ ਸਾਲ ਪਹਿਲਾਂ ਹੀ ਲਿਖ ਗਿਆ ਸੀ।

ਪਾਕਿਸਤਾਨ ਬਣਾਉਣ ਵੇਲੇ ਸਥਾਨਕ ਲੀਡਰਸ਼ਿਪ ਇਸ ਸਵਾਲ ਤੋਂ ਵੀ ਅਣਜਾਣ ਸੀ ਕਿ ਮੁਸਲਿਮ ਬਹੁਗਿਣਤੀ ਰਾਜਾਂ ਨੂੰ ਇਕੱਠਾ ਕਰ ਕੇ ਬਣਾਇਆ ਇਹ ਖਿੱਤਾ ਆਉਣ ਵਾਲੇ ਸਮੇਂ ਵਿੱਚ ਇਲਾਕਾਈ ਸੁਰੱਖਿਆ ਪੱਖੋਂ ਕੀ ਭੂਮਿਕਾ ਨਿਭਾਵੇਗਾ ? ਅਗਸਤ 1947 ਵਿੱਚ ਜਿਹੜਾ ਪਾਕਿਸਤਾਨ ਬਣਿਆ, ਉਸ ਦੀ ਭੂਗੋਲਿਕ ਰਚਨਾ ਦੁਨੀਆ ਦੇ ਬਾਕੀ ਦੇਸ਼ਾਂ ਨਾਲੋਂ ਵਿਕੋਲਿਤਰੀ ਸੀ। ਇਕ ਦੇਸ਼ ਦੇ ਇਲਾਕਾਈ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ। ਪੱਛਮੀ ਪਾਕਿਸਤਾਨ ਅਤੇ ਪੂਰਬੀ ਪਾਕਿਸਤਾਨ ਦੋਹਵੇਂ ਇੱਕ ਦੂਜੇ ਤੋਂ ਇੱਕ ਹਜ਼ਾਰ ਮੀਲ ਦੀ ਦੂਰੀ 'ਤੇ ਸਨ। ਇਹ ਦੂਰੀ ਭੂਗੋਲਿਕ ਹੀ ਨਹੀਂ, ਨਸਲੀ, ਸਭਿਆਚਾਰਕ, ਆਰਥਕ ਤੇ ਭਾਸ਼ਾਈ ਵੀ ਸੀ। ਪੂਰਬੀ ਪਾਕਿਸਤਾਨ, ਪੱਛਮੀ ਪਾਕਿਸਤਾਨ ਵੱਲੋਂ 'ਆਰਥਿਕ ਸ਼ੋਸ਼ਣ' ਦਾ ਸ਼ਿਕਾਰ ਹੋ ਰਿਹਾ ਸੀ। ਪੂਰਬੀ ਪਾਕਿਸਤਾਨ ਦੀ ਕਪਾਹ ਦੀ ਬਰਾਮਦ ਵਿੱਚੋਂ ਹੁੰਦੀ ਕਮਾਈ ਵਿਦੇਸ਼ੀ ਪੂੰਜੀ ਨੂੰ ਪੱਛਮੀ ਪਾਕਿਸਤਾਨ 'ਹੜੱਪ' ਕਰ ਲੈਂਦਾ ਸੀ। ਪਾਕਿਸਤਾਨੀ ਫ਼ੌਜ ਮੁੱਖ ਤੌਰ 'ਤੇ ਪੰਜਾਬ ਨਾਲ ਹੀ ਸਬੰਧਤ ਸੀ। ਪਾਕਿਸਤਾਨ ਬਣ ਤਾਂ ਗਿਆ ਪਰ ਪੱਛਮ-ਪੂਰਬ ਦਾ ਰੇੜਕਾ ਇਸ ਨੂੰ ਕਮਜ਼ੋਰ ਕਰਦਾ ਗਿਆ। 1971 ਦੀ ਜੰਗ ਤੋਂ ਬਾਅਦ ਪੂਰਬੀ ਪਾਕਿਸਤਾਨ ਇੱਕ ਆਜ਼ਾਦ ਦੇਸ਼ 'ਬੰਗਲਾਦੇਸ਼' ਬਣ ਗਿਆ, ਜਿਸ ਨੇ ਦੋ ਕੌਮਾਂ ਦੇ ਸਿਧਾਂਤ 'ਤੇ ਡੂੰਘੀ ਸੱਟ ਮਾਰੀ ਤੇ ਪਾਕਿਸਤਾਨ ਦੀ ਕੌਮੀ ਚੇਤਨਾ ਵਿੱਚ ਭਾਰਤ ਪ੍ਰਤੀ ਨਫ਼ਰਤ ਦੀ ਜੜ੍ਹ ਹੋਰ ਡੂੰਘੀ ਕਰ ਦਿੱਤੀ।

ਪਾਕਿਸਤਾਨ ਨੂੰ ਭੂਗੋਲਿਕ ਰਾਜਨੀਤੀ ਪੱਖੋਂ ਕਈ ਕਮਜ਼ੋਰੀਆਂ ਵੀ ਵਿਰਾਸਤ ਵਿੱਚ ਮਿਲੀਆਂ। ਲਾਹੌਰ ਤੋਂ ਖ਼ੈਬਰ ਤੱਕ ਪਾਕਿਸਤਾਨ ਕੋਲ ਰਣਨੀਤਕ ਪੱਖੋਂ ਜ਼ਰੂਰੀ ਡੂੰਘੇ ਇਲਾਕੇ ਦੀ ਵੀ ਕਮੀ ਹੈ ਤੇ ਕਬਜ਼ੇ ਵਾਲੇ ਕਸ਼ਮੀਰ ਦੀ ਅਣਹੋਂਦ ਵਿੱਚ ਉਸ ਕੋਲ ਰਣਨੀਤਕ ਪੱਖੋਂ ਲੋੜੀਂਦੀ ਉਚਾਈ ਵੀ ਨਹੀਂ ਹੈ। ਅਜਿਹੇ ਵਿੱਚ ਪਾਕਿਸਤਾਨ ਵਿੱਚ ਸੁਰੱਖਿਆ ਦੀ ਸਥਾਈ ਭਾਵਨਾ ਕਦੇ ਵਿਕਸਤ ਨਹੀਂ ਹੋ ਸਕਦੀ। ਸ਼ੀਤ ਜੰਗ ਅਤੇ ਰੂਸ ਦੇ ਅਫ਼ਗਾਨ ਹਮਲੇ (1978) ਤੋਂ ਬਾਅਦ ਪਾਕਿਸਤਾਨ ਨੇ ਅਮਰੀਕਾ ਲਈ ਇੱਕ ਫ਼ਰੰਟ ਲਾਈਨ ਸਟੇਟ ਦੀ ਭੂਮਿਕਾ ਅਪਣਾ ਲੈਣ ਦੀ ਕਾਹਲੀ ਕੀਤੀ। ਇਸ ਤਹਿਤ ਸਾਊਦੀ ਧਨ ਅਤੇ ਵਹਾਬੀ ਇਸਲਾਮ ਪਾਕਿਸਤਾਨ ਵਿੱਚ ਆਪਣਾ ਪ੍ਰਭਾਵ ਵਧਾਉਣ ਲੱਗੇ। ਅੱਜ ਪਾਕਿਸਤਾਨ ਦੁਨੀਆ ਦੇ ਸਭ ਤੋਂ ਵੱਧ ਦਹਿਸ਼ਤਗਰਦੀ ਪ੍ਰਭਾਵਤ ਦੇਸ਼ਾਂ ਵਿਚੋਂ ਇੱਕ ਹੈ।

ਵੰਡ ਦਾ ਭਾਰਤ ਨੂੰ ਸੁਰੱਖਿਆ ਪੱਖੋਂ ਇਹ ਫਾਇਦਾ ਹੋਇਆ ਕਿ ਉਹ ਸਰਹੱਦੀ ਸੂਬੇ ਦੀ ਇਤਿਹਾਸਕ ਸਮੱਸਿਆ ਤੋਂ ਮੁਕਤ ਹੋ ਗਿਆ। ਭਾਰਤ ਦੀ ਪੱਛਮੀ ਸਰਹੱਦ ਕਸ਼ਮੀਰ ਨੂੰ ਛੱਡ ਕੇ ਮੈਦਾਨੀ ਹੈ। ਸ਼ੁਰੂ-ਸ਼ੁਰੂ ਵਿੱਚ ਰੈਡਕਲਿਫ ਰੇਖਾ (ਸਰਹੱਦ) ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਪੰਜਾਬ ਆਰਮਡ ਪੁਲੀਸ ਦੀ ਰਹੀ ਤੇ ਪੰਜਾਬ ਸਰਕਾਰ ਦੇਸ਼ ਦੀ ਸਰਹੱਦ ਦੀ ਰਾਖੀ ਦਾ ਖਰਚਾ ਵੀ ਚੁੱਕਦੀ ਰਹੀ। ਇਸ ਸਰਹੱਦ ਦਾ ਨੁਕਸਾਨ ਪੰਜਾਬ ਨੂੰ ਹੋਇਆ ਕਿਉਂਕਿ ਇੱਥੇ ਤਸਕਰੀ ਨੇ ਪੈਰ ਪੱਕੇ ਕਰ ਲਏ। ਪਹਿਲਾਂ ਸੋਨਾ, ਫੇਰ ਹਥਿਆਰ ਤੇ ਅੱਜ ਦੇ ਦੌਰ ਵਿੱਚ ਨਸ਼ਿਆਂ ਦੀ ਤਸਕਰੀ ਨੇ ਪੰਜਾਬ ਨੂੰ ਪ੍ਰਭਾਵਤ ਕੀਤਾ। ਹਿੰਦ-ਪਾਕ ਵੰਡ ਇੱਕ ਗੁੰਝਲਦਾਰ ਘਟਨਾ ਹੈ ਤੇ ਇਸ ਦੇ ਚਿਰ-ਸਥਾਈ ਪ੍ਰਭਾਵ ਰਹਿਣਗੇ।

### ਮਾਲੇਰਕੋਟਲਾ 'ਚ ਭਾਵੇਂ ਅਮਨ-ਅਮਾਨ ਰਿਹਾ ਪਰ ਵੰਡ ਨੇ ਆਪਣਿਆਂ ਨੂੰ ਦੂਰ ਕੀਤਾ

ਨਵੀਂ ਆਬਾਦੀ ਦੇ ਲਾਹੌਰ ਦੀ ਧੀ ਬੁਸ਼ਰਾ ਮਲਿਕ ਨਾਲ ਵਿਆਹੇ ਮੁਹੰਮਦ ਮਹਿਮੂਦ ਨੇ ਦੱਸਿਆ ਕਿ ਇਨ੍ਹਾਂ ਜੰਗਾਂ ਤੋਂ ਬਾਅਦ ਦੋਵੇਂ ਮੁਲਕਾਂ ਵਿੱਚ ਪੈਦਾ ਹੋਏ ਕੁੜੱਤਣ ਭਰੇ ਸਬੰਧਾਂ ਕਾਰਨ ਦੋਵੇਂ ਦੇਸ਼ਾਂ ਨੇ ਵੀਜ਼ਾ ਪ੍ਰਣਾਲੀ ਸਖ਼ਤ ਕਰ ਦਿੱਤੀ, ਜਿਸ ਕਾਰਨ ਇਕ-ਦੂਜੇ ਮੁਲਕ ਵਿੱਚ ਰਿਸ਼ਤੇ ਕਰਨ ਦੇ ਸਿਲਸਿਲੇ ਵਿੱਚ ਖੜੋਤ ਆਉਣ ਲੱਗੀ। ਚੜ੍ਹਦੇ ਪੰਜਾਬ ਦੇ ਅੱਸੀਵਿਆਂ ਦੇ ਹਾਲਾਤ ਕਾਰਨ ਲਹਿੰਦੇ ਪੰਜਾਬ ਦੇ ਲੋਕਾਂ ਨੂੰ ਮਾਲੇਰਕੋਟਲਾ ਦਾ ਸਿੱਧਾ ਵੀਜ਼ਾ ਮਿਲਣਾ ਬੰਦ ਹੋ ਗਿਆ ਸੀ ਤੇ ਇਕ ਦੂਜੇ ਦੇ ਦੁੱਖ-ਸੁੱਖ ਵਿੱਚ ਸਮੇਂ ਸਿਰ ਪੁੱਜਣ ਵਿੱਚ ਦਿੱਕਤ ਆਉਣ ਲੱਗੀ ਸੀ। ਉਦੋਂ ਵੀਜ਼ਾ ਦਿੱਲੀ ਦਾ ਮਿਲਦਾ ਸੀ ਤੇ ਇਕ ਪ੍ਰਕਿਰਿਆ ਪੂਰੀ ਕਰ ਕੇ ਦਿੱਲੀ ਤੋਂ ਮਾਲੇਰਕੋਟਲਾ ਆਉਣਾ ਪੈਂਦਾ ਸੀ। ਹੁਣ ਵੀਜ਼ਾ ਭਾਵੇਂ ਮਾਲੇਰਕੋਟਲਾ ਦਾ ਮਿਲ ਜਾਂਦਾ ਹੈ ਪਰ ਇੱਥੇ ਆਇਆ ਪਾਕਿਸਤਾਨੀ ਬਗ਼ੈਰ ਪ੍ਰਸ਼ਾਸਨਿਕ ਪ੍ਰਵਾਨਗੀ ਤੋਂ ਮਾਲੇਰਕੋਟਲਾ ਤੋਂ ਬਾਹਰ ਨਹੀਂ ਜਾ ਸਕਦਾ। ਹੁਣ ਮੁਸਲਿਮ ਭਾਈਚਾਰੇ ਦੇ ਇਕ ਹਿੱਸੇ ਵਿੱਚ ਆਪਣੇ ਪੁੱਤ-ਧੀਆਂ ਦੇ ਰਿਸ਼ਤੇ ਉੱਤਰ ਪ੍ਰਦੇਸ਼, ਬਿਹਾਰ, ਦਿੱਲੀ ਤੇ ਰਾਜਸਥਾਨ ਵਿੱਚ ਕਰਨ ਦਾ ਰੁਝਾਨ ਸ਼ੁਰੂ ਹੋ ਗਿਆ ਹੈ। ਸ਼ਾਇਰਾ ਡਾ. ਰੁਬੀਨਾ ਸ਼ਬਨ ਤੇ ਡਾ. ਮੁਹੰਮਦ ਇਕਬਾਲ ਨੇ ਦਾਅਵਾ ਕੀਤਾ ਕਿ ਜੇ ਦੋਵੇਂ ਮੁਲਕ ਵੀਜ਼ਾ ਪ੍ਰਣਾਲੀ ਤੇ ਨਾਗਰਿਕਤਾ ਦੇਣ ਦੀ ਵਿਧੀ ਸੁਖਾਲੀ ਕਰ ਦੇਣ ਤਾਂ ਦੋਵੇਂ ਮੁਲਕਾਂ ਵਿੱਚ ਮੁੜ ਰਿਸ਼ਤੇ ਕਰਨ ਦੇ ਰੁਝਾਨ ਵਿੱਚ ਤੇਜ਼ੀ ਆ ਸਕਦੀ ਹੈ।

ਵੰਡ ਸਮੇਂ ਮਾਲੇਰਕੋਟਲਾ ਵਿੱਚ ਰਹਿ ਗਿਆ ਮੁਸਲਿਮ ਭਾਈਚਾਰਾ ਹਰ ਖੇਤਰ ਵਿੱਚ ਦੂਜੇ ਭਾਈਚਾਰਿਆ ਵਾਂਗ ਤਰੱਕੀ ਕਰ ਰਿਹਾ ਹੈ ਤੇ ਧਾਰਮਿਕ/ਸਮਾਜਿਕ ਸਹਿਹੋਂਦ 'ਤੇ ਪਹਿਰਾ ਦੇ ਰਿਹਾ ਹੈ। ਇਹ ਸ਼ਹਿਰ ਵੰਡ ਤੋਂ ਪਹਿਲਾਂ ਵਾਲੇ ਸਾਂਝੇ ਪੰਜਾਬ ਦੀ ਸਾਂਝੀ ਤਹਿਜ਼ੀਬ ਦਾ ਨਮੂਨਾ ਪੇਸ਼ ਕਰਦਾ ਹੈ, ਪਰ ਸ਼ਹਿਰ ਦਾ ਇਕ ਅਹਿਮ ਤੇ ਉਦਾਸ ਕਰਨ ਵਾਲਾ ਪੱਖ ਇਹ ਹੈ ਕਿ ਹਾਅ ਦਾ ਨਾਅਰਾ ਮਾਰਨ ਵਾਲੇ ਨਵਾਬ ਸ਼ੇਰ ਮੁਹੰਮਦ ਖ਼ਾਂ ਦੀ ਅੱਠਵੀਂ ਪੁਸ਼ਤ ਤੇ ਰਿਆਸਤ ਦੇ ਆਖ਼ਰੀ ਨਵਾਬ ਮਰਹੂਮ ਇਫ਼ਤਖਾਰ ਅਲੀ ਖਾਂ ਦੀ ਤੀਜੀ ਬੇਗ਼ਮ ਮੁਨੱਵਰ-ਉਨ-ਨਿਸਾ (95) ਨਵਾਬੀ ਦੌਰ ਦੀ 'ਮੁਬਾਰਕ ਮੰਜ਼ਿਲ' ਦੀ ਹੁਣ ਖ਼ਸਤਾ ਹਾਲਤ ਇਮਾਰਤ ਵਿੱਚ ਸੰਕੋਚਵੀਂ ਤੇ ਗੁੰਮਨਾਮੀ ਦੀ ਜ਼ਿੰਦਗੀ ਬਸਰ ਕਰ ਰਹੀ ਹੈ। ਬੇਗ਼ਮ ਸਾਹਿਬਾ ਦਾ ਕਹਿਣਾ ਹੈ ਕਿ ਦੋਵੇਂ ਮੁਲਕਾਂ ਦੇ ਸਬੰਧ ਸੁਖਾਵੇਂ ਰਹਿਣ ਤੇ ਆਪਸੀ ਵਪਾਰ ਤੇ ਆਉਣ-ਜਾਣ ਦਾ ਸਿਲਸਿਲਾ ਬੇਰੋਕ ਜਾਰੀ ਰਹੇ।

### ਸਿਆਸਤ ਨੇ 'ਪਾਰਟੀਸ਼ਨ ਮਿਊਜ਼ੀਅਮ' ਦੇ ਉਦਘਾਟਨ ਨੂੰ ਵੀ ਵੰਡਿਆ

ਬਣਾ ਕੇ ਪਿਛਲੀ ਸਰਕਾਰ ਨੇ ਕੋਈ ਚੰਗਾ ਕੰਮ ਨਹੀਂ ਕੀਤਾ। ਉਨ੍ਹਾਂ ਮੁੱਖ ਮੰਤਰੀ ਨੂੰ ਸੁਝਾਅ ਦਿੱਤਾ ਕਿ ਉਹ 17 ਅਗਸਤ ਨੂੰ ਜੇ ਅੰਮ੍ਰਿਤਸਰ ਆਉਣ ਤਾਂ 'ਪਾਰਟੀਸ਼ਨ ਮਿਊਜ਼ੀਅਮ' ਦੇ ਉਦਘਾਟਨ ਦੀ ਬਜਾਇ ਇੱਥੇ ਸ਼ਹੀਦ ਮਦਨ ਲਾਲ ਢੀਂਗਰਾ ਦੇ ਸ਼ਹੀਦੀ ਦਿਵਸ ਸਮਾਗਮ ਵਿੱਚ ਸ਼ਾਮਲ ਹੋਣ।

ਦੂਜੇ ਪਾਸੇ ਅਜਾਇਬਘਰ ਦੇ ਪ੍ਰਬੰਧਕਾਂ ਵਿੱਚ ਸ਼ਾਮਲ ਕਿਸ਼ਵਰ ਦੇਸਾਈ ਨੇ ਆਖਿਆ ਕਿ ਜਦੋਂ ਪਹਿਲੀ ਵਾਰ ਇਸ ਦਾ ਉਦਘਾਟਨ ਕੀਤਾ ਗਿਆ ਸੀ, ਉਸ ਵੇਲੇ ਇਹ ਉਸਾਰੀ ਅਧੀਨ ਸੀ। ਉਸ ਵੇਲੇ ਸਿਰਫ਼ ਤਿੰਨ ਗੈਲਰੀਆਂ ਬਣਾਈਆਂ ਗਈਆਂ ਸਨ। ਹੁਣ ਇਸ ਅਜਾਇਬਘਰ ਦੀਆਂ 13 ਗੈਲਰੀਆਂ ਬਣ ਗਈਆਂ ਹਨ ਅਤੇ ਅਜਾਇਬਘਰ ਮੁਕੰਮਲ ਹੋ ਗਿਆ ਹੈ। ਇਸ ਕਰ ਕੇ ਉਦਘਾਟਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਇਤਰਾਜ਼ ਜਾਇਜ਼ ਨਹੀਂ ਹੈ। ਉਂਜ ਵੀ ਭਵਿੱਖ ਵਿੱਚ ਇਸ ਅਜਾਇਬਘਰ ਦੇ ਵਿਸਥਾਰ ਦੀ ਸੰਭਾਵਨਾ ਹੈ।

### ਗੁਰਦੁਆਰਾ ਛੋਟਾ ਘੱਲੂਘਾਰਾ ਪ੍ਰਬੰਧਕ ਕਮੇਟੀ ਮੈਂਬਰ ਵੱਲੋਂ ਕੀਤੀ ਬਦਇਖ਼ਲਾਕੀ ਦਾ ਮੁੱਦਾ ਭਖਿਆ

ਸਾਰੇ ਮਾਮਲੇ ਦੀ ਦੋਵਾਂ ਧਿਰਾਂ ਦੀ ਲਿਖਤੀ ਰਿਪੋਰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਨੂੰ ਬਿਨਾਂ ਕਿਸੇ ਪੱਖ ਪਾਤ ਦੇ ਸੌਂਪ ਦਿੱਤੀ ਹੈ। ਕਮੇਟੀ ਵੱਲੋਂ ਇਸ ਮਾਮਲੇ ਨੂੰ ਘੋਖਣ ਤੋਂ ਬਾਅਦ ਜੋ ਵੀ ਹੁਕਮ ਜਾਰੀ ਹੋਵੇਗਾ ਉਹ ਅਗਲੇ ਐਤਵਾਰ ਸੰਗਤ ਦੀ ਹਾਜ਼ਰੀ ਵਿੱਚ ਅਖੰਡ ਪਾਠਾਂ ਦੀ ਲੜੀ ਦੇ ਭੋਗ ਪੈਣ ਉਪਰੰਤ ਦੱਸ ਦਿੱਤਾ ਜਾਵੇਗਾ। ਜੇਕਰ ਦੋਵਾਂ ਧਿਰਾਂ ਦੇ ਆਗੂ ਆਪਣਾ ਪੱਖ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਅਕਾਲ ਤਖ਼ਤ ਦੇ ਜਥੇਦਾਰ ਅੱਗੇ ਸਿੱਧੇ ਰੂਪ ਵਿੱਚ ਵੀ ਰੱਖਣਾ ਚਾਹੁੰਦੇ ਹਨ ਤਾਂ ਉਹ ਉਨ੍ਹਾਂ ਦੇ ਨਾਲ ਜਾ ਸਕਦੇ ਹਨ।

ਮੌਕੇ ਉੱਤੇ ਹਾਜ਼ਰ ਗੁਰਦੁਆਰਾ ਛੋਟਾ ਘੱਲੂਘਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਾਸਟਰ ਜੌਹਰ ਸਿੰਘ ਨੇ ਕਿਹਾ ਕਿ ਕੁੱਝ ਰਾਜਨੀਤਿਕ ਲੋਕਾਂ ਵੱਲੋਂ ਗੁਰਦੁਆਰੇ ਦੇ ਦੀਵਾਨ ਹਾਲ ਵਿਖੇ ਪ੍ਰੋਗਰਾਮ ਕਰ ਕੇ ਸੰਗਤ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਬਹੁਤ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਘਟਨਾ ਦੇ ਦੋਸ਼ੀ ਮੈਂਬਰ ਨੂੰ ਕਮੇਟੀ ਵਿਚੋਂ ਬਰਖ਼ਾਸਤ ਕਰ ਦਿੱਤਾ ਗਿਆ ਅਤੇ ਇਹ ਮਾਮਲਾ ਪੁਲੀਸ ਕੋਲ ਦਰਜ ਹੋ ਚੁੱਕਾ ਹੈ।

### ਸੱਤਰ ਸਾਲ ਬਾਅਦ: ਨਕਸ਼ ਭਾਰਤ ਦੇ, ਅਕਸ ਪਾਕਿਸਤਾਨ ਦਾ

ਇਸ ਨੂੰ ਬਿਲਕੁਲ ਆਮ ਵਰਤਾਰਾ ਮੰਨਿਆ ਜਾ ਰਿਹਾ ਹੈ। ਸੱਤਰ ਵਰ੍ਹਿਆਂ ਬਾਅਦ, ਦੇਸ਼ ਵੰਡ ਦੇ ਸਭ ਤੋਂ ਵੱਧ ਗੁੰਝਲਦਾਰ ਵਿਰਸੇ ਕਸ਼ਮੀਰ ਦਾ ਮਸਲਾ ਹਾਲੇ ਤੱਕ ਅਣਸੁਲਝਿਆ ਪਿਆ ਹੈ। ਪਾਕਿਸਤਾਨ ਅਤੇ ਭਾਰਤ ਦੋਵਾਂ ਨੂੰ ਇਸ ਦਾ ਵਿੱਤੀ, ਸਿਆਸੀ ਤੇ ਰੂਹਾਨੀ ਤੌਰ 'ਤੇ ਨੁਕਸਾਨ ਹੋ ਰਿਹਾ ਹੈ। ਇਨ੍ਹਾਂ ਸਾਰੇ ਵਰ੍ਹਿਆਂ ਦੌਰਾਨ, ਅਸੀਂ ਖ਼ੁਦ ਨੂੰ ਇਹ ਯਕੀਨ ਕਰਨ ਲਾ ਲਿਆ ਹੈ ਕਿ ਪਾਕਿਸਤਾਨ ਦੇ ਸ੍ਰੇਸ਼ਠ ਵਰਗ ਲਈ ਕਸ਼ਮੀਰ ਵਿਵਾਦ ਮਹਿਜ਼ ਸ਼ੋਸ਼ੇਬਾਜ਼ੀ ਦਾ ਸ਼ੱਕੀ ਮੰਚ ਹੈ ਤੇ ਉਹ ਇਸ ਮੁੱਦੇ ਨੂੰ ਛੱਡਣਾ ਨਹੀਂ ਚਾਹੁੰਦੇ; ਉਵੇਂ ਹੀ ਅਸੀਂ ਵੀ ਆਪਣੇ ਤਣਾਅਪੂਰਨ ਤੇ ਭੁਰਭੁਰੇ ਰਾਸ਼ਟਰਵਾਦ ਦੇ ਵਿਸ਼ੇ ਤੇ ਆਕਾਰ-ਪ੍ਰਕਾਰ ਨੂੰ ਮੁੜ-ਪਰਿਭਾਸ਼ਿਤ ਕਰਨ ਵਿੱਚ ਆਪਣੀ ਮਦਦ ਲਈ ਕਸ਼ਮੀਰ ਸਮੱਸਿਆ ਨੂੰ ਵਰਤ ਕੇ ਸੰਤੁਸ਼ਟ ਹੋ ਰਹੇ ਹਾਂ। ਮਾੜੀ ਗੱਲ ਇਹ ਹੈ ਕਿ ਕਸ਼ਮੀਰ ਲਗਾਤਾਰ ਸਾਡੀਆਂ ਸਮੂਹਿਕ ਸੂਖਮ ਭਾਵਨਾਵਾਂ ਲਈ ਮਹਿੰਗਾ ਪੈ ਰਿਹਾ ਹੈ। ਇੱਕ ਰਾਸ਼ਟਰ ਵਜੋਂ ਅਸੀਂ ਦੇਸ਼ ਤੇ ਵਿਦੇਸ਼ ਵਿੱਚ ਆਪਸੀ ਮੱਤਭੇਦ ਹੱਲ ਕਰਨ ਲਈ ਹਿੰਸਾ ਤੇ ਦਬਾਅ ਦੀ ਰਣਨੀਤੀ ਵਿੱਚ ਸੁਵਿਧਾ ਮਹਿਸੂਸ ਕਰ ਰਹੇ ਹਾਂ। ਸੱਤਰ ਵਰ੍ਹੇ ਪਹਿਲਾਂ ਅਸੀਂ ਪਾਕਿਸਤਾਨ ਤੋਂ ਵੱਖ ਹੋਣ ਲਈ ਦ੍ਰਿੜ ਸਾਂ; ਹੁਣ 70 ਵਰ੍ਹਿਆਂ ਬਾਅਦ ਅਸੀਂ ਬਿਨਾਂ ਕਿਸੇ ਮਾੜੀ ਮਨਸ਼ਾ ਦੇ ਪਾਕਿਸਤਾਨ ਵਰਗੇ ਬਣਨਾ ਚਾਹ ਰਹੇ ਹਾਂ। ਜਵਾਹਰਲਾਲ ਨਹਿਰੂ ਅਤੇ ਉਨ੍ਹਾਂ ਦੀ ਆਰੰਭਲੀ ਵਿਰਾਸਤ ਤੋਂ ਸਾਡੇ ਦੂਰ ਜਾਣ ਦੀ ਕਾਹਲ 'ਤੇ ਮੁਹੰਮਦ ਅਲੀ ਜਿਨਾਹ ਜ਼ਰੂਰ ਹੀ ਮੁਸਕਰਾ ਰਿਹਾ ਹੋਵੇਗਾ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

Office for Lease in Union City, CA



Nice clean office
1200 to 1500 Sq feet in the business area of Union City.
Best for Trucking company if extra warehouse needed.
Call at:
510-875-3279

## ਵਾਈਟ ਨੈਸ਼ਨਲਿਸਟ ਰੈਲੀ ਨੇ ਵਰਜੀਨੀਆ ਨੂੰ ਹਿਲਾਇਆ

ਜਾਣਕਾਰੀ ਅਨੁਸਾਰ ਆਪਣੇ ਆਪ ਨੂੰ ਸਰਵੋਤਮ ਮੰਨਣ ਵਾਲੇ ਗੋਰਿਆਂ ਦੇ ਇਕ ਸਮੂਹ ਨੇ ਵਰਜੀਨੀਆ ਤੋਂ 250 ਕਿਲੋਮੀਟਰ ਦੂਰ ਸ਼ਾਰਲੈੱਟਸਵਿਲੇ ਸ਼ਹਿਰ ਦੇ ਪਾਰਕ ਵਿਚੋਂ ਕੌਨਫੈਡਰੇਟ ਜਨਰਲ ਰੋਬਰਟ ਈ.ਲੀ ਦੇ ਬੁੱਤ ਨੂੰ ਹਟਾਉਣ ਤੋਂ ਰੋਕਣ ਲਈ 'ਯੁਨਾਈਟ ਦਾ ਰਾਈਟ' ਨਾਂ ਹੇਠ ਰੈਲੀ ਵਿਓਂਤੀ ਸੀ, ਪਰ ਰੈਲੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਹਿੰਸਾਂ ਭੜਕ ਗਈ। 'ਦਿ ਵਾਸ਼ਿੰਗਟਨ ਪੋਸਟ' ਦੀ ਖ਼ਬਰ ਅਨੁਸਾਰ ਹਿੰਸਾ ਉਦੋਂ ਭੜਕੀ ਜਦੋਂ ਇਕ ਕਾਰ ਭੀੜ ਵਿਚ ਵੜ ਗਈ। ਇਸ ਕਾਰਨ ਕਈ ਲੋਕਾਂ ਨੂੰ ਸੱਟਾਂ ਲੱਗੀਆਂ। ਇਸ ਦੌਰਾਨ ਪ੍ਰਦਰਸ਼ਨ ਵਾਲੀ ਥਾਂ ਨੇੜੇ ਹੈਲੀਕਾਪਟਰ ਡਿੱਗਣ ਨਾਲ ਦੋ ਪੁਲੀਸ ਅਧਿਕਾਰੀਆਂ ਦੀ ਮੌਤ ਹੋ ਗਈ। ਸਥਾਨਕ ਮੀਡੀਆ ਮੁਤਾਬਕ ਪ੍ਰਦਰਸ਼ਨਕਾਰੀਆਂ ਨੇ ਵਿਰੋਧੀ ਖੇਮੇ 'ਤੇ ਬੋਤਲਾਂ ਵੀ ਸੁੱਟੀਆਂ। ਝੜਪ ਤੋਂ ਫ਼ੌਰੀ ਮਗਰੋਂ ਅਧਿਕਾਰੀਆਂ ਨੇ ਐਮਰਜੰਸੀ ਦਾ ਐਲਾਨ ਕਰਦਿਆਂ ਪੁਲੀਸ ਤੇ ਸਲਾਮੀ ਦਸਤੇ ਤਾਇਨਾਤ ਕਰ ਦਿੱਤੇ।

ਨਿਊ ਜਰਸੀ ਵਿੱਚ ਗਰਮੀਆਂ ਦੀਆਂ ਛੁੱਟੀਆਂ ਕੱਟ ਰਹੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ, 'ਅਸੀਂ ਨਫ਼ਰਤ, ਤੁਅੱਸਬ ਤੇ ਹਿੰਸਾ ਦੀ ਇਸ ਘਟਨਾ ਦੀ ਸਖ਼ਤ ਨਿਖੇਧੀ ਕਰਦੇ ਹਾਂ।' ਟਰੰਪ ਨੇ ਕਿਹਾ, 'ਸਾਡੇ ਮੁਲਕ ਵਿੱਚ ਇਹ ਲੰਮੇ ਸਮੇਂ ਤੋਂ ਚੱਲ ਰਿਹੈ, ਇਹ ਡੋਨਲਡ ਟਰੰਪ ਜਾਂ ਬਰਾਕ ਓਬਾਮਾ ਦੇ ਸਮੇਂ ਤੋਂ ਨਹੀਂ ਬਲਕਿ ਲੰਮੇ ਸਮੇਂ ਤੋਂ ਜਾਰੀ ਹੈ। ਅਮਰੀਕਾ ਵਿੱਚ ਇਸ ਲਈ ਕੋਈ ਥਾਂ ਨਹੀਂ। ਅਮਨ ਤੇ ਕਾਨੂੰਨ ਦੀ ਬਹਾਲੀ ਤੇ ਬੇਕਸੂਰਾਂ ਦੀ ਜ਼ਿੰਦਗੀ ਬਚਾਉਣਾ ਅਹਿਮ ਹੈ।' ਇਸ ਦੌਰਾਨ ਭਾਰਤੀ ਮੂਲ ਦੀ ਅਮਰੀਕੀ ਵਨੀਤਾ ਗੁਪਤਾ, ਜੋ ਕਿ ਸ਼ਹਿਰੀ ਤੇ ਮਨੁੱਖੀ ਹੱਕਾਂ ਬਾਰੇ ਲੀਡਰਸ਼ਿਪ ਕਾਨਫਰੰਸ ਦੀ ਮੁਖੀ ਤੇ ਸੀਈਓ ਵੀ ਹੈ, ਨੇ ਇਸ ਘਟਨਾ ਦੀ ਐਫਬੀਆਈ ਕੋਲੋਂ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ। ਉਧਰ ਡੈਮੋਕਰੈਟਿਕ ਨੈਸ਼ਨਲ ਕਮੇਟੀ ਦੇ ਚੇਅਰਮੈਨ ਟੌਮ ਪੈਰੇਜ਼ ਨੇ ਕਿਹਾ ਕਿ ਤੁਅੱਸਬੀਆਂ ਲਈ ਅਮਰੀਕਾ ਵਿਚ ਕੋਈ ਥਾਂ ਨਹੀਂ। ਵਿਲੇ ਵਿੱਚ ਨਸਲਪ੍ਰਸਤੀ ਦਾ ਕੀਤਾ ਗਿਆ ਮੁਜ਼ਾਹਰਾ ਜਮਹੂਰੀਅਤ 'ਤੇ ਹਮਲਾ ਅਤੇ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲਾ ਹੈ। ਸ਼ਾਰਟਲੈੱਟਸਵਿਲੇ ਦੇ ਮੇਅਰ ਮਾਈਕ ਸਿੰਗਰ ਨੇ ਘਟਨਾ 'ਤੇ ਸ਼ੋਕ ਜਤਾਇਆ ਹੈ।

ਰਿਪਬਲਿਕਨਾਂ ਤੇ ਡੈਮੋਕਰੈਟਾਂ ਵਲੋਂ ਘਟਨਾ ਦੀ ਨਿਖੇਧੀ :

ਅਮਰੀਕਾ ਦੇ ਸੂਬੇ ਵਰਜੀਨੀਆ ਵਿਖੇ ਗੋਰਿਆਂ ਨੂੰ ਸਰਵੋਤਮ ਮੰਨਣ ਵਾਲਿਆਂ ਵੱਲੋਂ ਕੀਤੇ ਖ਼ੂਨ-ਖ਼ਰਾਬੇ ਦਾ ਖੁੱਲ੍ਹ ਕੇ ਵਿਰੋਧ ਨਾ ਕਰਨ ਲਈ ਅਮਰੀਕੀ ਸਦਰ ਡੋਨਲਡ ਟਰੰਪ ਦੀ ਦੋਵਾਂ ਰਿਪਬਲਿਕਨਾਂ ਤੇ ਡੈਮੋਕ੍ਰੇਟਾਂ ਵੱਲੋਂ ਜ਼ੋਰਦਾਰ ਨਿਖੇਧੀ ਕੀਤੀ ਜਾ ਰਹੀ ਹੈ। ਟਰੰਪ ਨੇ ਬੀਤੇ ਦਿਨ ਇਸ ਹਿੰਸਾ ਨੂੰ 'ਵੱਖ-ਵੱਖ ਧਿਰਾਂ ਵੱਲੋਂ ਕੀਤੀ' ਕਰਾਰ ਦਿੰਦਿਆਂ ਇਸ ਦੀ ਨਿਖੇਧੀ ਕੀਤੀ ਸੀ ਪਰ ਉਨ੍ਹਾਂ ਧੁਰ-ਸੱਜੇਪੱਖੀ ਗਰੁੱਪਾਂ ਬਾਰੇ ਚੁੱਪ ਵੱਟੀ ਰੱਖੀ ਸੀ। ਉਂਜ ਵ੍ਹਾਈਟ ਹਾਊਸ ਨੇ ਦਾਅਵਾ ਕੀਤਾ ਹੈ ਕਿ ਇਸ ਨਿਖੇਧੀ ਵਿੱਚ ਸੱਜੇਪੱਖੀ ਗੋਰਿਆਂ ਦੀ ਨਿਖੇਧੀ ਵੀ ਸ਼ਾਮਲ ਹੈ। ਘਟਨਾ ਵਿੱਚ ਇਕ ਗੋਰੇ ਇੰਤਹਾਪਸੰਦ ਵੱਲੋਂ ਵਿਰੋਧੀ ਰੈਲੀ ਉਤੇ ਗੱਡੀ ਚੜ੍ਹਾ ਦੇਣ ਕਾਰਨ ਇਕ ਔਰਤ ਦੀ ਮੌਤ ਤੇ 19 ਜਣੇ ਜ਼ਖ਼ਮੀ ਹੋ ਗਏ ਸਨ। ਰੈਲੀ ਉਤੇ ਨਜ਼ਰ ਰੱਖ ਰਹੇ ਪੁਲੀਸ ਮੁਲਾਜ਼ਮਾਂ ਦਾ ਹੈਲੀਕਾਪਟਰ ਹਾਦਸਾਗ੍ਰਸਤ ਹੋ ਜਾਣ ਕਾਰਨ ਦੋ ਪੁਲੀਸ ਮੁਲਾਜ਼ਮ ਵੀ ਮਾਰੇ ਗਏ।

ਸ੍ਰੀ ਟਰੰਪ ਨੂੰ ਭੰਡਦਿਆਂ ਵਰਜੀਨੀਆ ਦੇ ਡੈਮੋਕ੍ਰੇਟ ਗਵਰਨਰ ਟੈਰੀ ਮੈਕਾਲਿਫ਼ ਨੇ ਕਿਹਾ, "ਮੈਂ ਰਾਸ਼ਟਰਪਤੀ ਨੂੰ ਆਖਦਾ ਹਾਂ ਕਿ ਉਹ ਸਾਹਮਣੇ ਆਉਣ।' ਇਨ੍ਹਾਂ ਗੋਰਿਆਂ ਦੀ ਸਰਬੋਤਮਤਾਵਾਦੀਆਂ, ਇਨ੍ਹਾਂ ਨੌ-ਨਾਜ਼ੀਵਾਦੀਆਂ, ਇਨ੍ਹਾਂ ਕੂ ਕਲੱਕਸ ਕਲੈਨ ਦੇ ਮੈਂਬਰਾਂ ਨੂੰ ਦੱਸ ਦਿਉ, ਕਿ ਇਹ ਇਥੋਂ ਦਫ਼ਾ ਹੋ ਜਾਣ।"

### ਭਾਰਤੀ ਵੀ ਦਹਿਸ਼ਤ ਵਿਚ :

ਸੱਜੇਪੱਖੀ ਗੋਰਿਆਂ ਦੀ ਹਿੰਸਕ ਰੈਲੀ ਕਾਰਨ ਵਰਜੀਨੀਆ ਵਾਸੀਆਂ ਵਿੱਚ ਭਾਰੀ ਦਹਿਸ਼ਤ ਪਾਈ ਜਾ ਰਹੀ ਹੈ। ਇਸ ਅਮਰੀਕੀ ਸੂਬੇ ਵਿੱਚ ਵੱਡੀ ਗਿਣਤੀ ਭਾਰਤੀ-ਅਮਰੀਕੀਆਂ ਦੀ ਵੀ ਹੈ, ਉਂਜ ਭਾਰਤੀ ਭਾਈਚਾਰੇ ਵਿਚੋਂ ਕਿਸੇ ਦੇ ਜ਼ਖ਼ਮੀ ਹੋਣ ਦੀ ਖ਼ਬਰ ਨਹੀਂ ਹੈ। ਵਰਜੀਨੀਆ ਯੂਨੀਵਰਸਿਟੀ ਦੇ ਬਿਜ਼ਨਸ ਐਡਮਿਨਿਸਟਰੇਸ਼ਨ ਦੇ ਪ੍ਰੋਫੈਸਰ ਤੇ 20 ਸਾਲਾਂ ਤੋਂ ਇਥੇ ਰਹਿ ਰਹੇ ਸ਼ੰਕਰਨ ਵੈਂਕਟਰਮਨ ਦਾ ਕਹਿਣਾ ਸੀ, "ਸਾਡੇ ਲਈ ਇਹ ਮੰਨਣਾ ਹਾਲੇ ਵੀ ਮੁਸ਼ਕਲ ਹੈ ਕਿ ਇਥੇ ਐਡੀ ਵੱਡੀ ਘਟਨਾ ਵਾਪਰੀ ਹੈ। ਇਹ ਸ਼ਹਿਰ ਅਜਿਹਾ ਨਹੀਂ ਹੈ।" ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਧੀ ਦੀ ਇਕ ਸਹੇਲੀ ਵਿਰੋਧੀ ਮੁਜ਼ਾਹਰੇ ਵਿੱਚ ਗਈ ਸੀ, ਜੋ ਟੁੱਟੀ ਲੱਤ ਨਾਲ ਪਰਤੀ ਹੈ। ਘਟਨਾ ਤੋਂ ਬਾਅਦ ਰੈਲੀ ਤੋਂ ਪਰਤੇ ਲੋਕ ਸ਼ਾਂਤ ਹਨ ਪਰ ਤਣਾਅ ਬਣਿਆ ਹੋਇਆ ਹੈ। ਅਜਿਹੇ ਲੋਕਾਂ ਵਿਚ ਵੱਡੀ ਗਿਣਤੀ ਵਿਚ ਭਾਰਤੀ ਮੂਲ ਦੇ ਲੋਕ ਹਨ ਜੋ ਇੱਥੇ ਨੌਕਰੀ ਜਾਂ ਕਾਰੋਬਾਰ ਦੇ ਸਿਲਸਿਲੇ ਵਿਚ ਰਹਿ ਰਹੇ ਹਨ। ਇਹੀ ਨਹੀਂ ਪੂਰੇ ਵਰਜੀਨੀਆ ਸੂਬੇ ਵਿਚ ਭਾਰਤੀਆਂ ਦੀ ਗਿਣਤੀ ਕਾਫ਼ੀ ਹੈ ਅਤੇ ਸਿਆਸਤ ਵਿਚ ਉਨ੍ਹਾਂ ਦਾ ਖ਼ਾਸ ਦਖ਼ਲ ਹੈ।

### ਟਰੂਡੋ ਬੋਲੇ-ਕੈਨੇਡਾ ਵੀ ਨਸਲਵਾਦ ਤੋਂ ਮੁਕਤ ਨਹੀਂ :

**ਓਟਵਾ :** ਵਰਜੀਨੀਆ ਸੂਬੇ ਵਿਚ ਵਾਪਰੀ ਘਟਨਾ ਦੀ ਕੈਨੇਡੀਅਨ ਸਿਆਸਤਦਾਨਾਂ ਵਲੋਂ ਵੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਜਾ ਰਹੀ ਹੈ।

ਇਸ ਘਟਨਾ ਦੀ ਨਿਖੇਧੀ ਕਰਦਿਆਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ 'ਕੈਨੇਡਾ ਵੀ ਨਸਲਵਾਦ ਤੋਂ ਮੁਕਤ ਨਹੀਂ ਹੈ।' ਟਰੂਡੋ ਨੇ ਕੈਨੇਡਾ ਵਲੋਂ ਹਰ ਤਰ੍ਹਾਂ ਦੀ ਮਦਦ ਦੀ ਪੇਸ਼ਕਸ਼ ਕੀਤੀ ਹੈ। ਟਰੂਡੋ ਨੇ ਆਪਣੇ ਟਵੀਟ ਵਿਚ ਕਿਹਾ, "ਅਸੀਂ ਜਾਣਦੇ ਹਾਂ ਕਿ ਕੈਨੇਡਾ ਵੀ ਨਸਲਵਾਦ ਤੇ ਨਫਰਤੀ ਹਿੰਸਾ ਤੋਂ ਬਚਿਆ ਨਹੀਂ ਹੈ। ਅਸੀਂ ਇਸ ਘਟਨਾ ਦੀ ਨਿਖੇਧੀ ਕਰਦੇ ਹਾਂ ਤੇ ਚਾਰਲੋਟਸ਼ਵਿਲ ਦੇ ਪੀੜਤਾਂ ਨਾਲ ਹਮਦਰਦੀ ਰੱਖਦੇ ਹੋਏ ਹਰ ਮਦਦ ਲਈ ਤਿਆਰ ਹਾਂ।" ਓਂਟਾਰੀਓ ਦੀ ਪ੍ਰੀਮੀਅਰ ਕੈਥਲਿਨ ਵਿੰਨ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਨਫਰਤ ਦੀ ਕੋਈ ਸਰਹੱਦ ਨਹੀਂ ਹੁੰਦੀ ਤੇ ਸਾਨੂੰ ਇਸ ਦੇ ਫੈਲਾਅ ਤੋਂ ਚੌਕਸ ਰਹਿਣਾ ਚਾਹੀਦਾ ਹੈ।

## ਵੰਡ ਦੇ ਗੁੱਝੇ ਭੇਤ ਖੋਲ੍ਹੇਗੀ ਗੁਰਿੰਦਰ ਚੱਢਾ ਦੀ ਫ਼ਿਲਮ 'ਪਾਰਟੀਸ਼ਨ 1947'

ਲਈ ਉਨ੍ਹਾਂ ਇਹ ਫ਼ਿਲਮ ਤਿਆਰ ਕੀਤੀ ਹੈ। ਉਨ੍ਹਾਂ ਦੀ ਦਾਦੀ ਜੇਹਲਮ ਦੇ ਇਲਾਕੇ ਨਾਲ ਸਬੰਧਤ ਸੀ। ਵੰਡ ਵੇਲੇ ਜਦੋਂ ਉਨ੍ਹਾਂ ਦਾ ਪਰਿਵਾਰ ਘਰ-ਬਾਰ ਛੱਡ ਕੇ ਭਾਰਤ ਆਇਆ ਤਾਂ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦੱਸਿਆ ਕਿ ਉਹ ਆਪਣੇ ਬਜ਼ੁਰਗਾਂ ਦਾ ਘਰ ਲੱਭਣ ਪਾਕਿਸਤਾਨ ਦੇ ਉਸ ਇਲਾਕੇ ਵਿੱਚ ਗਈ ਸੀ ਪਰ ਕੁਝ ਪਤਾ ਨਹੀਂ ਲੱਗਿਆ।

ਉਦੋਂ ਹੀ ਮਨ ਵਿੱਚ ਵਲਵਲਾ ਪੈਦਾ ਹੋ ਗਿਆ ਕਿ ਇਸ ਵਿਸ਼ੇ 'ਤੇ ਫਿਲਮ ਬਣਾਈ ਜਾਵੇ ਤਾਂ ਜੋ ਵੰਡ ਦਾ ਸੰਤਾਪ ਭੋਗਣ ਵਾਲੇ ਲੋਕਾਂ ਦੀ ਪੀੜ ਬਿਆਨ ਕੀਤੀ ਜਾ ਸਕੇ। ਫਿਲਮ ਵਿੱਚ ਹੁਮਾ ਕੁਰੈਸ਼ੀ ਇਕ ਮੁਸਲਿਮ ਕੁੜੀ ਆਲੀਆ ਦਾ ਕਿਰਦਾਰ ਨਿਭਾਅ ਰਹੀ ਹੈ, ਜੋ ਹਿੰਦੂ ਲੜਕੇ ਜੀਤ (ਮਨੀਸ਼) ਨੂੰ ਪਿਆਰ ਕਰਦੀ ਹੈ। ਉਹ ਵਾਇਸਰਾਏ ਦੇ ਘਰ ਵਿੱਚ ਕੰਮ ਕਰਦੀ ਹੈ ਅਤੇ ਆਖ਼ਰੀ ਵਾਇਸਰਾਏ ਲਾਰਡ ਮਾਊਂਟਬੈਟਨ ਦੀ ਦੋਭਾਸ਼ੀਆ ਹੈ। ਫਿਲਮ ਵਿੱਚ ਅੰਗਰੇਜ਼ਾਂ ਦੇ 300 ਸਾਲ ਦੇ ਰਾਜ ਦਾ ਅੰਤ ਦਿਖਾਇਆ ਗਿਆ ਹੈ, ਜਿਸ ਦੇ ਸਿੱਟੇ ਵਜੋਂ ਭਾਰਤ ਅਤੇ ਪਾਕਿਸਤਾਨ ਦੀ ਵੰਡ ਹੁੰਦੀ ਹੈ।

## ਵਰਲਡ ਸਿੱਖ ਪਾਰਲੀਮੈਂਟ ਕਾਇਮ ਕਰਨ ਦਾ ਐਲਾਨ

ਉਸ ਤੋਂ ਵੀ ਇਕ ਦਿਨ ਪਹਿਲਾਂ 13 ਅਗਸਤ ਨੂੰ ਸਿੱਖ ਕੌਮ ਦੀ ਆਜ਼ਾਦੀ ਦੀ ਰੂਪ ਰੇਖਾ ਖਿੱਚਣ ਲਈ ਪੂਰੀ ਦੁਨੀਆ ਦੀ ਨੁਮਾਇੰਦਾ ਜਮਾਤ ਵਰਲਡ ਸਿੱਖ ਪਾਰਲੀਮੈਂਟ ਦੀ ਕੋਆਰਡੀਨੇਸ਼ਨ ਕਮੇਟੀ ਆਪਣਾ ਕੰਮ ਸ਼ੁਰੂ ਕਰ ਦੇਵੇਗੀ । ਇਸ ਸੰਸਥਾ ਵਿੱਚ ਸਿੱਖ ਕੌਮ ਦੀਆਂ ਵੱਖ ਵੱਖ ਜਥੇਬੰਦੀਆਂ ਦੇ ਉਹ ਪਰਖੇ ਹੋਏ ਆਗੂ ਅਤੇ ਵਿਦਵਾਨ ਸ਼ਾਮਲ ਕੀਤੇ ਜਾ ਰਹੇ ਹਨ, ਜਿਹੜੇ ਸਿੱਖ ਕੌਮ ਦਾ ਦਰਦ ਰੱਖਦੇ ਹਨ, ਤੇ ਪਿਛਲੇ 30 - 35 ਸਾਲਾਂ ਤੋਂ ਸੁਹਿਰਦਤਾ ਨਾਲ ਕੰਮ ਕਰ ਰਹੇ ਹਨ । ਉਹਨਾਂ ਦੇ ਨਾਲ ਬੀਬੀਆਂ ਅਤੇ ਨੌਜਵਾਨਾਂ ਦੀ ਵੀ ਸ਼ਮੂਲੀਅਤ ਹੋਵੇਗੀ, ਜਿਹੜੇ ਕੌਮੀ ਦਰਦ ਰੱਖਦੇ ਹੋਏ ਪੂਰੀ ਤਰ੍ਹਾਂ ਇਸ ਕਾਜ ਲਈ ਸਮਰਪਿਤ ਹਨ ।

ਦੁਨੀਆ ਭਰ ਦੇ ਸਿੱਖਾਂ ਨੂੰ ਲੈ ਕੇ ਬਣਾਈ ਜਾ ਰਹੀ ਇਹ ਸੰਸਥਾ ਵਿਸ਼ਵ ਭਰ ਦੇ ਸਿੱਖਾਂ ਦੀ ਨੁਮਾਇੰਦਾ ਜਮਾਤ ਹੋਵੇਗੀ ਅਤੇ ਵਿਸ਼ਵ ਪੱਧਰ ਦੀ ਇਹ ਪਹਿਲੀ ਅਜਿਹੀ ਸੰਸਥਾ ਹੋਵੇਗੀ, ਜੋ ਸਿੱਖ ਕੌਮ ਦੇ ਆਪਣੇ ਆਜ਼ਾਦ ਘਰ ਦੀ ਪ੍ਰਾਪਤੀ ਲਈ ਰਾਹ ਪੱਧਰਾ ਕਰੇਗੀ ਅਤੇ ਸਮੁੱਚੀ ਸਿੱਖ ਕੌਮ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਸਿੱਖ ਕੌਮ ਦੇ ਦਰਪੇਸ਼ ਮਸਲਿਆਂ ਪ੍ਰਤੀ ਜਿੱਥੇ ਸਮੁੱਚੀ ਕੌਮ ਨੂੰ ਜਾਗਰੂਕ ਕਰੇਗੀ ਉਥੇ ਇਹਨਾਂ ਦੇ ਹੱਲ ਵਾਸਤੇ ਵੀ ਸਰਗਰਮੀ ਨਾਲ ਭੂਮਿਕਾ ਨਿਭਾਏਗੀ ।

ਵਰਲਡ ਸਿੱਖ ਪਾਰਲੀਮੈਂਟ ਦੇ ਗਠਨ ਸਬੰਧੀ ਐਲਾਨ ਕਰਦੇ ਹੋਏ 15 ਪੰਦਰਾਂ ਮੈਂਬਰੀ ਕੋਆਰਡੀਨੇਸ਼ਨ ਕਮੇਟੀ ਦੇ ਨਾਂ ਜਾਰੀ ਕੀਤੇ ਗਏ ਅਤੇ ਦੱਸਿਆ ਗਿਆ ਕਿ ਸਿੱਖ ਪਾਰਲੀਮੈਂਟ ਦੇ ਕੁਲ 300 ਮੈਂਬਰ ਹੋਣਗੇ, ਜਿਹਨਾਂ ਵਿੱਚ 150 ਮੈਂਬਰ ਯੂ ਕੇ, ਅਮਰੀਕਾ, ਕੈਨੇਡਾ, ਯੂਰਪ, ਆਸਟ੍ਰੇਲੀਆ, ਨਿਊਜ਼ੀਲੈਂਡ ਭਾਵ ਵਿਦੇਸ਼ ਵਿੱਚ ਜਿੱਥੇ ਜਿੱਥੇ ਵੀ ਸਿੱਖ ਵਸਦੇ ਹਨ, ਸਾਰੇ ਖਿੱਤਿਆਂ ਵਿੱਚੋਂ ਹੋਣਗੇ ਅਤੇ ਬਾਕੀ 150 ਮੈਂਬਰ ਸਿੱਖ ਕੌਮ ਦੇ ਹੋਮਲੈਂਡ ਖੇਤਰ ਵਿੱਚੋਂ ਹੋਣਗੇ । ਕੋਆਰਡੀਨੇਸ਼ਨ ਕਮੇਟੀ ਦੇ 15 ਮੈਂਬਰਾਂ 'ਚ ਯੂ ਕੇ ਤੋਂ ਅਮਰੀਕ ਸਿੰਘ ਗਿੱਲ, ਜੋਗਾ ਸਿੰਘ, ਦਬਿੰਦਰਜੀਤ ਸਿੰਘ, ਮਨਪ੍ਰੀਤ ਸਿੰਘ, ਯੂ ਐਸ ਏ ਤੋਂ ਡਾ: ਅਮਰਜੀਤ ਸਿੰਘ, ਹਿੰਮਤ ਸਿੰਘ ਅਤੇ ਅਮਰਦੀਪ ਸਿੰਘ, ਕੈਨੇਡਾ ਤੋਂ ਸਤਿੰਦਰਪਾਲ ਸਿੰਘ, ਭਗਤ ਸਿੰਘ ਭੰਡਾਲ, ਯੂਰਪੀਨ ਦੇਸ਼ਾਂ ਤੋਂ ਗੁਰਮੀਤ ਸਿੰਘ, ਰੇਸ਼ਮ ਸਿੰਘ, ਸੁਖਦੇਵ ਸਿੰਘ, ਜਸਵਿੰਦਰ ਸਿੰਘ, ਆਸਟ੍ਰੇਲੀਆ ਤੋਂ ਸ਼ਾਮ ਸਿੰਘ ਅਤੇ ਗੁਰਵਿੰਦਰ ਸਿੰਘ ਦੇ ਨਾਂ ਸ਼ਾਮਲ ਹਨ।

ਵਰਲਡ ਸਿੱਖ ਪਾਰਲੀਮੈਂਟ ਦੇ ਆਗੂਆਂ ਅਨੁਸਾਰ ਇਹਨਾਂ ਪੰਦਰਾਂ ਮੈਂਬਰਾਂ ਦੇ ਇਲਾਵਾ 75 ਕੁ ਨਾਂ ਹੋਰ ਆ ਚੁੱਕੇ ਹਨ । ਜਦ ਕਿ ਬਾਕੀ ਮੈਂਬਰ ਵੱਖ ਵੱਖ ਖਿੱਤਿਆਂ ਵਿੱਚੋਂ ਆਉਂਦੇ ਸਮੇਂ ਵਿੱਚ ਲਏ ਜਾਣੇ ਹਨ । ਪਾਰਲੀਮੈਂਟ ਦਾ ਆਗਾਜ਼ ਕਰਨ ਸਮੇਂ ਭਾਈ ਅਮਰੀਕ ਸਿੰਘ ਗਿੱਲ, ਭਾਈ ਜੋਗਾ ਸਿੰਘ, ਭਾਈ ਸ਼ਾਮ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਮਨਪ੍ਰੀਤ ਸਿੰਘ ਨੇ ਸੰਸਥਾ ਦੇ ਗਠਨ, ਨਿਸ਼ਾਨੇ ਅਤੇ ਕੰਮਾਂ ਬਾਰੇ ਦੱਸਿਆ । ਉਹਨਾਂ ਕਿਹਾ ਪਿੱਛੇ ਜਿਹੇ ਹੋਈ ਸਿੱਖ ਸੰਮਿਤ ਸਮੇਂ ਇਸ ਸੰਸਥਾ ਦੇ ਗਠਨ ਬਾਰੇ ਵਿਚਾਰ ਕੀਤੀ ਗਈ ਸੀ, ਜਿਸ ਨੂੰ ਹੁਣ ਅਮਲ ਵਿੱਚ ਲਿਆਂਦਾ ਗਿਆ । ਉਹਨਾਂ ਮੀਡੀਆ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਦੱਸਿਆ ਕਿ ਇਹ ਪਾਰਲੀਮੈਂਟ ਦੀ ਲੋੜ ਕਿਉਂ ਪਈ, ਇਹ ਕਿਸ ਤਰ੍ਹਾਂ ਦੁਨੀਆ ਭਰ ਦੇ ਸਿੱਖਾਂ ਦੀ ਨੁਮਾਇੰਦਗੀ ਕਰੇਗੀ ਅਤੇ ਕਿਵੇਂ ਸਿੱਖ ਕੌਮ ਦੇ ਮਸਲੇ ਨਜਿੱਠਣ ਵਿੱਚ ਸਹਾਈ ਹੋਵੇਗੀ । ਸਾਰੇ ਮਸਲਿਆਂ ਦਾ ਹੱਲ ਕੌਮੀ ਆਜ਼ਾਦੀ ਵਿੱਚ ਹੀ ਹੈ । ਉਹਨਾਂ ਕਿਹਾ ਸਿੱਖਾਂ ਦੀਆਂ ਅੱਜ ਤੱਕ ਨੁਮਾਇੰਦਗੀ ਕਰਨ ਵਾਲੀਆਂ ਰਵਾਇਤੀ ਜਮਾਤਾਂ ਸਿੱਖ ਹੱਕਾਂ ਦੀ ਗੱਲ ਕਰਨ ਅਤੇ ਕੌਮ ਨੂੰ ਸੇਧ ਦੇਣ ਵਿੱਚ ਅਸਫਲ ਰਹੀਆਂ ਹਨ । ਇਸੇ ਲਈ ਹੀ ਇਸ ਦਾ ਗਠਨ ਕੀਤਾ ਗਿਆ ਹੈ । ਇਹ ਪਾਰਲੀਮੈਂਟ ਸਿੱਖ ਪੰਥ ਦੀਆਂ ਲੱਗਭੱਗ ਸਾਰੀਆਂ ਸੰਸਥਾਵਾਂ ਅਤੇ ਹਰੇਕ ਵਰਗ ਦੇ ਸਿੱਖਾਂ ਦੀ ਨੁਮਾਇੰਦਗੀ ਕਰੇਗੀ ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜੋਗਾ ਸਿੰਘ, ਅਮਰੀਕ ਸਿੰਘ ਗਿੱਲ, ਹਿੰਮਤ ਸਿੰਘ ਯੂ ਐਸ ਏ, ਬਲਬੀਰ ਸਿੰਘ, ਮਨਪ੍ਰੀਤ ਸਿੰਘ, ਬਲਬੀਰ ਸਿੰਘ ਬੈਂਸ, ਕੁਲਵੰਤ ਸਿੰਘ ਢੇਸੀ, ਸੁਖਵਿੰਦਰ ਸਿੰਘ, ਤਰਸੇਮ ਸਿੰਘ ਦਿਓਲ, ਲਵਸ਼ਿੰਦਰ ਸਿੰਘ ਡੱਲੇਵਾਲ, ਪਰਮਜੀਤ ਸਿੰਘ ਢਿੱਲੋਂ, ਹਰਦੀਸ਼ ਸਿੰਘ, ਅਮਰਜੀਤ ਸਿੰਘ ਤੇਹਿੰਗ, ਗੁਰਦੇਵ ਸਿੰਘ ਚੌਹਾਨ, ਕੁਲਦੀਪ ਸਿੰਘ, ਤਜਿੰਦਰ ਸਿੰਘ ਸਹੋਤਾ, ਰਣਜੀਤ ਸਿੰਘ, ਹਰਦਿਆਲ ਸਿੰਘ, ਅਜੀਤ ਸਿੰਘ ਅਤੇ ਸੁੱਚਾ ਸਿੰਘ ਨੇ ਸ਼ਮੂਲੀਅਤ ਕੀਤੀ ।

## ਬੜਾ ਕਹਿਰ ਵਰਤਿਆ ਓਧਰ ਵੀ ਤੇ ਏਧਰ ਵੀਸ਼

ਵਾਲਿਆਂ ਨੂੰ ਝਕਾਨੀ ਦੇ ਕੇ ਸੂਬੇਦਾਰ ਸ਼ਿਵ ਸਿੰਘ ਦੇ ਘਰ ਆ ਵੜੀਆਂ। ਉਨ੍ਹਾਂ ਦੇ ਚਿਹਰੇ ਉਤਰੇ ਹੋਏ ਸਨ, ਪਰ ਸੂਬੇਦਾਰ ਦੀਆਂ ਚਾਰ ਧੀਆਂ ਨਾਲ ਰਲ ਕੇ ਮੁੜ ਟਹਿਕ ਪਏ।

ਸਾਨੂੰ ਪਤਾ ਸੀ ਕਿ ਉਨ੍ਹਾਂ ਨੂੰ ਉਧਾਲ ਕੇ ਲਿਜਾਣ ਵਾਲੇ ਉਨ੍ਹਾਂ ਨੂੰ ਮੁੜ ਚੁੱਕਣ ਆ ਸਕਦੇ ਹਨ। ਇਸ ਲਈ ਪਿੰਡ ਦੀ ਪੰਚਾਇਤ ਨੇ ਫ਼ੈਸਲਾ ਕੀਤਾ ਕਿ ਇਸ ਵਾਰੀ ਉਨ੍ਹਾਂ ਨੂੰ ਉੱਕਾ ਹੀ ਨਹੀਂ ਬਖ਼ਸ਼ਣਾ। ਉਹ ਕਤਲੇਆਮ ਦੇ ਦਿਨਾਂ ਵਾਲੀ ਗਿਣਤੀ ਵਿੱਚ ਨਹੀਂ ਸਨ ਹੋ ਸਕਦੇ।

ਇੰਜ ਹੀ ਹੋਇਆ। 10-15 ਦਿਨਾਂ ਪਿੱਛੋਂ ਪ੍ਰੀਤਮ ਸਿੰਘ ਜੀਂਦੋਵਾਲ, ਬਲਵੰਤ ਸਿੰਘ ਲੱਲੀਆਂ ਤੇ ਰਤਨ ਸਿੰਘ ਗੋਬਿੰਦਪੁਰ, ਜਿਹੜੇ ਆਪੋ ਵਿੱਚ ਰਿਸ਼ਤੇਦਾਰ ਵੀ ਸਨ, ਹਥਿਆਰ ਅਤੇ ਘੋੜੀ ਲੈ ਕੇ ਗੇਂਦੇ ਭਰਾਈ ਦੀ ਨੂੰਹ ਤੇ ਧੀ ਨੂੰ ਚੁੱਕਣ ਆ ਗਏ। ਉਨ੍ਹਾਂ ਨੇ ਗੇਂਦੇ ਭਰਾਈ ਦਾ ਘਰ ਪੁੱਛਿਆ ਤਾਂ ਮੇਰੇ ਪਿੰਡ ਦੇ ਨੌਜਵਾਨ ਮੁੰਡੇ ਨੇ ਉਨ੍ਹਾਂ ਨੂੰ ਖਾਲੀ ਘਰ ਦੇ ਅੰਦਰ ਵਾੜ ਕੇ ਬਾਹਰੋਂ ਕੁੰਡਾ ਲਾ ਦਿੱਤਾ ਅਤੇ ਸੂਬੇਦਾਰ ਤਾਏ ਨੂੰ ਆ ਦੱਸਿਆ।

ਪਲਾਂ ਛਿਣਾਂ ਵਿੱਚ ਇਹ ਖ਼ਬਰ ਸਾਰੇ ਪਿੰਡ ਵਿੱਚ ਫੈਲ ਗਈ। ਪਿੰਡ ਵਾਲਿਆਂ ਨੇ ਛਵੀਆਂ, ਤਲਵਾਰਾਂ ਤੇ ਗੰਡਾਸੇ, ਜੋ ਵੀ ਉਨ੍ਹਾਂ ਦੇ ਹੱਥ ਲੱਗਿਆ, ਚੁੱਕ ਕੇ ਗੇਂਦੇ ਭਰਾਈ ਦੇ ਘਰ ਨੂੰ ਜਾ ਕੇ ਘੇਰ ਲਿਆ। ਉਨ੍ਹਾਂ ਵਿੱਚੋਂ ਇੱਕ ਤਾਇਆ ਸ਼ਿਵ ਸਿੰਘ ਦੀ ਗੋਲੀ ਦਾ ਸ਼ਿਕਾਰ ਹੋ ਗਿਆ, ਦੂਜਾ ਛਵੀਆਂ, ਤਲਵਾਰਾਂ ਦਾ ਅਤੇ ਤੀਜਾ ਇੱਟਾਂ-ਵੱਟਿਆਂ ਤੇ ਡਾਂਗਾਂ ਦਾ। ਵਾਰਦਾਤ ਪਿੱਛੋਂ ਦੋ ਗੇਂਦੇ ਭਰਾਈ ਦੇ ਘਰ ਹੀ ਲੁੜ੍ਹਕੇ ਪਏ ਸਨ ਤੇ ਤੀਜਾ ਭੱਜਿਆ ਜਾਂਦਾ ਪਿੰਡ ਦੀਆਂ ਹੱਟੀਆਂ ਕੋਲ ਢਹਿ ਪਿਆ ਸੀ।

ਇਸ ਘਟਨਾ ਪਿੱਛੋਂ ਮੇਰੇ ਪਿੰਡ ਦੇ ਮਰਦਾਂ ਦੇ ਚਿਹਰੇ ਵੇਖਣ ਵਾਲੇ ਸਨ। ਤਾਇਆ ਸ਼ਿਵ ਸਿੰਘ ਤੇ ਮੇਰੇ ਪਿਤਾ ਦੇ ਸਭ ਤੋਂ ਵੱਧ। ਉਨ੍ਹਾਂ ਨੇ ਆਪਣੇ ਪਿੰਡ ਦੀਆਂ ਮੁਸਲਿਮ ਧੀਆਂ ਨੂੰ ਬਚਾ ਕੇ ਤਿੰਨ ਮਹੀਨੇ ਪਹਿਲਾਂ ਦੀ ਹੱਤਕ ਦਾ ਬਦਲਾ ਲੈ ਲਿਆ ਸੀ। ਪਿੰਡ ਦਾ ਬਚਾਅ ਇਸ ਕਾਰਨ ਹੋਇਆ ਕਿ ਜਿਹੜੀ ਬੰਦੂਕ ਉਹ ਲੈ ਕੇ ਆਏ ਸਨ, ਉਹ ਭਾਰਤੀ ਫ਼ੌਜ ਤੋਂ ਚੋਰੀ ਕੀਤੀ ਹੋਈ ਸੀ। ਪਿੰਡ ਲਈ ਉਨ੍ਹਾਂ ਨੂੰ ਚੋਰ, ਡਾਕੂ ਤੇ ਲੁਟੇਰੇ ਸਿੱਧ ਕਰਨਾ ਸੌਖਾ ਹੋ ਗਿਆ ਸੀ।

ਮੇਰੇ ਪਿੰਡ ਦੀ ਇਹ ਦਰਦਨਾਕ ਘਟਨਾ ਕਈ ਰੂਪਾਂ ਵਿੱਚ ਮੇਰੀਆਂ ਲਿਖਤਾਂ ਦਾ ਮਸਾਲਾ ਬਣੀ। 'ਸ਼ਹੀਦ' ਨਾਂ ਦੀ ਕਹਾਣੀ ਦੇ ਅੰਗਰੇਜ਼ੀ ਅਨੁਵਾਦ ਨੂੰ ਖੁਸ਼ਵੰਤ ਸਿੰਘ ਨੇ ਆਪਣੀ ਪੁਸਤਕ 'ਲੈਂਡ ਆਫ ਦਿ ਫਾਈਵ ਰਿਵਰਜ਼' ਵਿੱਚ ਸ਼ਾਮਲ ਕੀਤਾ ਤਾਂ ਇਹ ਦੁਨੀਆ ਦੀਆਂ ਹੋਰ ਭਾਸ਼ਾਵਾਂ ਵਿੱਚ ਵੀ ਪਹੁੰਚ ਗਈ। ਮੈਂ ਇਸ ਵਾਰਦਾਤ ਨੂੰ 1971 ਵਿੱਚ ਬੰਗਲਾਦੇਸ਼ ਦੇ ਹੋਂਦ ਵਿੱਚ ਆਉਣ ਸਮੇਂ ਦੀਆਂ ਘਟਨਾਵਾਂ ਨਾਲ ਜੋੜ ਕੇ 'ਅਮਰ ਕਥਾ' ਦਾ ਨਾਂ ਦਿੱਤਾ। ਉੱਥੇ ਚੱਪਾ ਸਦੀ ਪਿੱਛੋਂ ਓਹੀਓ ਕੁਝ ਹੋਇਆ ਸੀ ਜੋ 1947 ਵਿੱਚ ਮੇਰੇ ਪਿੰਡ। ਮੇਰੇ ਇਸ ਕਹਾਣੀ ਦੇ ਨਾਂ ਵਾਲੇ ਕਹਾਣੀ ਸੰਗ੍ਰਹਿ ਨੂੰ 1982 ਵਿੱਚ ਭਾਰਤੀ ਸਾਹਿਤ ਅਕਾਦਮੀ ਦਾ ਉੱਤਮ ਸਨਮਾਨ ਮਿਲਿਆ।

ਹੁਣ ਜਦੋਂ ਸਾਡੇ ਜੀਵਨ ਦੀਆਂ ਹੋਰ ਲੋੜਾਂ ਪੂਰੀਆਂ ਹੋ ਚੁੱਕੀਆਂ ਹਨ ਤਾਂ ਅਸੀਂ ਦੇਸ਼ ਵੰਡ ਦੇ ਇਸ ਘਟਨਾਕ੍ਰਮ ਦੇ ਪਿਛੋਕੜ ਵਿੱਚ ਨਹਿਰ ਤੋਂ ਆਪਣੇ ਪਿੰਡ ਨੂੰ ਮੁੜਦੀ ਸੜਕ ਉੱਤੇ ਇੱਕ ਦਰਵਾਜ਼ਾ ਬਣਵਾਇਆ ਹੈ ਜਿਸ ਦਾ ਨਾਂ 'ਦਰਵਾਜ਼ਾ ਅਮਰ ਕਥਾ ਪਿੰਡ ਸੂਨੀ' ਰੱਖਿਆ ਹੈ। ਇਸ ਦੀ ਸੇਵਾ ਮੇਰੀ ਡਾਕਟਰ ਪਤਨੀ ਸੁਰਜੀਤ ਕੌਰ ਨੇ ਕਰਵਾਈ ਹੈ।

ਮਾਨਵ ਜਾਤੀ ਨੂੰ ਰੱਬ ਦੀਆਂ ਰਚਨਾਵਾਂ ਵਿੱਚੋਂ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ। ਪਰ ਮੇਰਾ ਅਨੁਭਵ ਹੈ ਕਿ ਬੰਦੇ ਦਾ ਇਹ ਪੁੱਤ ਨੇਕ-ਨਾਮੀਆਂ ਵੀ ਖੱਟਦਾ ਹੈ, ਪਰ ਕਈ ਵਾਰ ਇਸ ਦੀ ਮੱਤ ਉੱਤੇ ਅਜਿਹਾ ਪਰਦਾ ਪੈਂਦਾ ਹੈ ਕਿ ਵਹਿਸ਼ੀ ਹੋਣ ਲੱਗਿਆਂ ਵੀ ਫੋਰਾ ਨਹੀਂ ਲਾਉਂਦਾ।

ਮੇਰੇ ਪਿੰਡ ਵਿੱਚ ਅੱਜ ਵੀ ਜੇ ਕੋਈ ਵੰਡ ਤੋਂ ਪਹਿਲਾਂ ਦੀ ਚੀਜ਼ ਕਾਇਮ ਹੈ ਤਾਂ ਸਿਰਫ਼ ਮਸੀਤ ਅਤੇ ਉਸ ਦੇ ਪਿੱਛੇ ਵਾਲੀ ਉਹ ਥਾਂ ਜਿੱਥੇ ਪੰਜ-ਸੱਤ ਦਿਨ ਵਾਸਤੇ ਸਿੰਘ ਸਜੇ ਤੇ ਫਿਰ ਕਤਲ ਹੋਏ ਦੋ ਦਰਜਨ ਮੁਸਲਮਾਨਾਂ ਨੂੰ ਦਫ਼ਨਾਉਣ ਦੀ ਥਾਂ ਅਗਨ ਭੇਟ ਕੀਤਾ ਗਿਆ ਸੀ। ਹੁਣ ਉਸ ਮਸੀਤ ਨੂੰ ਪਹਾੜਾਂ ਤੋਂ ਆਏ ਗੁੱਜਰ ਲੋਕ ਪੂਜਣ ਲੱਗ ਪਏ ਹਨ। ਉਨ੍ਹਾਂ ਨੇ ਮੁਜ਼ੱਫਰਪੁਰ, ਉੱਤਰ ਪ੍ਰਦੇਸ਼ ਤੋਂ ਕਾਜ਼ੀ ਮੁਹੰਮਦ ਸਾਲਿਕ ਨੂੰ ਇੱਥੇ ਲਿਆ ਕੇ ਇਸ ਮਸੀਤ ਦੀ ਸਾਂਭ-ਸੰਭਾਲ ਸੌਂਪ ਦਿੱਤੀ ਹੈ।

* * *

ਇਹ ਸਤਰਾਂ ਲਿਖਦੇ ਸਮੇਂ ਮੌਨਸੂਨ ਦੀ ਵਰਖਾ ਨੇ ਮੈਨੂੰ 1947 ਦਾ ਸਾਉਣ ਚੇਤੇ ਕਰਵਾ ਦਿੱਤਾ ਹੈ। ਦੋ ਤਿੰਨ ਦਿਨ ਕਹਿਰਾਂ ਦੀ ਵਰਖਾ ਹੋਈ। ਪੱਕੇ ਕੋਠੇ ਵੀ ਚੋਣ ਲੱਗੇ। ਮੇਰੀ ਮਾਂ ਤੇ ਬਾਪ ਕੱਚੇ ਪੱਕੇ ਬਨੇਰਿਆਂ ਉੱਤੇ ਪੁਰਾਣੀਆਂ ਬੋਰੀਆਂ, ਖੇਸ ਤੇ ਚਾਦਰਾਂ ਪਾ ਕੇ ਆਏ। ਤ੍ਰਿਪ ਤ੍ਰਿਪ ਬੰਦ ਹੋਣ ਦਾ ਨਾਂ ਨਾ ਲਵੇ। ਖਾਣਾ ਬਣਾਉਣ ਲਈ ਸੁੱਕਾ ਬਾਲਣ ਨਾ ਲੱਭੇ। ਚੁੱਲ੍ਹੇ ਦੀ ਅੱਗੇ ਸੇਕ ਦੀ ਥਾਂ ਧੂੰਆਂ ਛੱਡਣ ਤੋਂ ਬਾਜ਼ ਨਾ ਆਵੇ। ਕੱਚਾ ਪਿਲਾ ਖਾ ਕੇ ਗੁਜ਼ਾਰਾ ਕੀਤਾ। ਸਾਡਾ ਪਿੰਡ ਉੱਚੇ ਥੇਹ ਉੱਤੇ ਬਣਿਆ ਹੋਇਆ ਹੈ। ਸਾਡੇ ਪਰਿਵਾਰ ਦੇ ਘਰਾਂ ਦੀਆਂ ਨੀਂਹਾਂ ਆਮ ਘਰਾਂ ਦੀਆਂ ਛੱਤਾਂ ਨਾਲੋਂ ਵੀ ਉੱਚੀਆਂ ਹਨ। ਸਾਡੇ ਘਰ ਤੇ ਚੁਬਾਰੇ ਹੋਰ ਵੀ ਉੱਚੇ। ਵਰਖਾ ਹਟੀ ਤਾਂ ਅਸੀਂ ਚੁਬਾਰੇ ਦੀ ਛੱਤ ਉੱਤੇ ਜਾ ਕੇ ਵੇਖਿਆ। ਪਿੰਡ ਦੇ ਸੱਜੇ ਤੇ ਖੱਬੇ ਵਾਲੀਆਂ ਬੇਈਆਂ (ਚੋਅ) ਪਹਾੜੀ ਨਦੀਆਂ ਦੀ ਰਫ਼ਤਾਰ ਨਾਲ ਵਗ ਰਹੀਆਂ ਸਨ ਜਿਵੇਂ ਇੱਕ ਦੂਜੀ ਨਾਲ ਬਿਦ ਕੇ ਅੱਗੇ ਲੰਘ ਰਹੀਆਂ ਹੋਣ। ਸਾਡੇ ਪਿੰਡ ਤੋਂ ਸ਼ਿਵਾਲਿਕ ਪਰਬਤ ਮਸਾਂ 12-15 ਮੀਲ ਹੈ। ਪਾਣੀ ਉਪਰੋਂ ਆ ਰਿਹਾ ਸੀ। ਬੇਹਿਸਾਬਾ। ਸ਼ਾਮ ਤਕ ਪਾਣੀ ਨੀਵਾਂ ਹੋਇਆ ਤਾਂ ਪਤਾ ਲੱਗਿਆ ਕਿ ਕਿਸੇ ਦੀ ਖੁਰਲੀ ਹੜ੍ਹ ਕੇ ਮੀਲ ਭਰ ਦੀ ਦੂਰੀ ਉੱਤੇ ਚਲੀ ਗਈ ਸੀ ਤੇ ਕਿਸੇ ਦੇ ਬਲਦ ਗੱਡੇ ਨਾਲ ਬੰਨ੍ਹੇ ਬੰਨ੍ਹਾਏ ਗੱਡੇ ਸਮੇਤ ਅਗਲੇ ਪਿੰਡ ਦੀ ਜੂਹ ਵਿੱਚ ਪਹੁੰਚ ਚੁੱਕੇ ਸਨ। ਮੁਰਗੇ ਮੁਰਗੀਆਂ ਤੇ ਬੱਕਰੀਆਂ ਤਾਂ ਲੱਭ ਹੀ ਨਹੀਂ ਸਨ ਰਹੇ।

ਜੜ੍ਹਾਂ ਤੋਂ ਪੁੱਟੇ ਗਏ ਰੁੱਖਾਂ ਦਾ ਵੀ ਬੁਰਾ ਹਾਲ ਸੀ। ਇਨ੍ਹਾਂ ਵਿੱਚ ਤਾਏ ਦਾ ਉਹ ਅੰਬ ਵੀ ਸ਼ਾਮਲ ਸੀ ਜਿਸ ਦੀ ਮਿੱਠਤ ਚਹੁੰ ਮੀਲਾਂ ਤਕ ਜਾਣੀ ਜਾਂਦੀ ਸੀ। ਉਹ ਪਿਉਂਦੂ ਬੇਰੀ ਵੀ ਜਿਸ ਦੇ ਬੇਰ ਪਿੰਡ ਦੀਆਂ ਧੀਆਂ ਸਹੁਰੇ ਜਾਣ ਸਮੇਂ ਆਪਣੀਆਂ ਸੱਸਾਂ ਤੇ ਨਨਾਣਾਂ ਲਈ ਲੈ ਕੇ ਜਾਂਦੀਆਂ ਸਨ। ਮੁਸਲਮਾਨਾਂ ਦੇ ਤਕੀਏ ਦਾ ਸੌ ਸਾਲ ਪੁਰਾਣਾ ਉਹ ਬੋਹੜ ਵੀ ਜਿਸ ਦੀ ਛਾਵੇਂ ਬਹਿ ਕੇ ਮਰਦ ਹੁੱਕਾ ਪੀਂਦੇ ਤੇ ਤਾਸ਼ ਖੇਡਦੇ ਸਨ। ਅਸੀਂ ਆਪਣੇ ਬਾਲਪਣ ਵਿੱਚ ਇਸ ਬੋਹੜ ਦੀ ਦਾਹੜੀ ਨਾਲ ਝੂਟੇ ਲੈਂਦੇ ਸਾਂ। ਇਸ ਤਬਾਹੀ ਦੇ ਮਾਹੌਲ ਵਿੱਚ ਅਸੀਂ ਢਠੇ ਬੋਹੜ ਦੀ ਦਾਹੜੀ ਪਲੋਸ ਕੇ ਕਰਤਾਰ ਸਿੰਘ 'ਚਰਖਾ' ਨਾਂ ਦੇ ਕਵੀਸ਼ਰ ਦੀਆਂ ਇਹ ਲਾਈਨਾਂ ਗਾ ਕੇ ਆਪਣੇ ਵਿਛੜ ਚੁੱਕੇ ਮੁਸਲਮਾਨ ਹਾਣੀਆਂ ਨੂੰ ਚੇਤੇ ਕੀਤਾ ਤੇ ਉਦਾਸ ਵੀ ਹੋਏ:

ਕੰਧਾਂ ਕੋਠੇ ਸਾਰੇ ਹਿੱਲ ਗਏ  
ਲੱਗੀਆਂ ਸਾਉਣ ਦੀਆਂ ਝੜੀਆਂ

ਮੈਨੂੰ ਪੂਰਾ ਗੀਤ ਤਾਂ ਚੇਤੇ ਨਹੀਂ ਕਿਧਰੇ ਇਹ ਸ਼ਬਦ ਵੀ ਆਉਂਦੇ ਸਨ:

ਕੱਠੀਆਂ ਹੋ ਕੇ ਗਵਾਂਢਣਾਂ ਲੜੀਆਂ

ਓਧਰਲੇ ਪੰਜਾਬ ਵਿੱਚ ਵਰਖਾ ਨੇ ਕਿਹੋ ਜਿਹੀ ਤਬਾਹੀ ਲਿਆਂਦੀ, ਇਹ ਕਿਰਪਾਲ ਸਿੰਘ ਨੂੰ ਵੀ ਨਹੀਂ ਪਤਾ ਹੋਣਾ। ਉਹ ਏਧਰ ਆ ਚੁੱਕਿਆ ਸੀ।

## ਉਤਰ ਪ੍ਰਦੇਸ਼ ਦੇ ਗੋਰਖਪੁਰ ਵਿਚ ਆਕਸੀਜ਼ਨ ਦੀ ਸਪਲਾਈ ਬੰਦ ਹੋਣ ਕਾਰਨ 60 ਤੋਂ ਵੱਧ ਬੱਚਿਆਂ ਦੀ ਮੌਤ

ਸਿਹਤ ਮੰਤਰੀ ਨੇ ਆਕਸਜੀਨ ਸਪਲਾਈ ਬੰਦ ਹੋਣ ਦੀ ਗੱਲ ਨੂੰ ਰੱਦ ਕਰਦਿਆਂ ਕਿਹਾ ਕਿ ਅਗਸਤ ਮਹੀਨੇ ਵਿਚ ਬੱਚਿਆਂ ਦੀਆਂ ਮੌਤਾਂ ਐਂਸੇਫੇਲਾਈਟਸ ਨਾਂ ਦੀ ਬਿਮਾਰੀ ਨਾਲ ਹੁੰਦੀਆਂ ਹਨ। ਉਨ੍ਹਾਂ ਨੇ ਪੁਲੀਸ ਨੂੰ ਜਨਮ ਅਸ਼ਟਮੀ ਵੱਡੇ ਪੱਧਰ 'ਤੇ ਮਨਾਉਣ ਦੇ ਨਿਰਦੇਸ਼ ਦਿੱਤੇ ਪਰ ਉਨ੍ਹਾਂ ਦੇ ਇਸ ਫਰਮਾਨ 'ਤੇ ਸਵਾਲ ਉਠਣੇ ਸ਼ੁਰੂ ਹੋ ਗਏ ਕਿ ਹਸਪਤਾਲ ਵਿਚ ਬੱਚਿਆਂ ਦੀ ਮੌਤ ਹੋਈ ਹੈ ਪਰ ਮੁੱਖ ਮੰਤਰੀ ਜਨਮ ਅਸ਼ਟਮੀ ਮਨਾਉਣ ਦੀਆਂ ਗੱਲਾਂ ਕਰ ਰਹੇ ਹਨ। ਉਧਰ ਯੋਗੀ ਦਾ ਬਚਾਅ ਕਰਦਿਆਂ ਭਾਜਪਾ ਮੁਖੀ ਅਮਿਤ ਸ਼ਾਹ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਤਾਂ ਕਾਂਗਰਸ ਰਾਜ ਵੇਲੇ ਵੀ ਵਾਪਰਦੀਆਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਯੋਗੀ ਨੇ ਇਹ ਨਹੀਂ ਕਿਹਾ ਕਿ ਬੱਚੇ ਮਰੇ ਹਨ, ਇਸ ਲਈ ਜਨਮ ਅਸ਼ਟਮੀ ਮਨਾਉਣੀ ਹੈ। ਬੱਚਿਆਂ ਦਾ ਦੁੱਖ ਸਾਰਿਆਂ ਨੂੰ ਹੈ ਪਰ ਜਨਮ ਅਸ਼ਟਮੀ ਆਪਣੀ ਥਾਂ ਹੈ। ਦਰਅਸਲ, ਬੀ.ਆਰ.ਡੀ. ਮੈਡੀਕਲ ਕਾਲਜ 6 ਮਹੀਨੇ ਵਿਚ 69 ਲੱਖ ਰੁਪਏ ਦੀ ਆਕਸੀਜ਼ ਉਧਾਰ ਲੈ ਚੁੱਕਾ ਹੈ। ਗੁਜਰਾਤ ਦੀ ਸਪਲਾਇਰ ਕੰਪਨੀ ਪੁਸ਼ਪਾ ਸੇਲਸ ਦਾ ਦਾਅਵਾ ਹੈ ਕਿ ਕਰੀਬ 100 ਵਾਰ ਚਿੱਠੀ ਭੇਜਣ ਤੋਂ ਬਾਅਦ ਵੀ ਪੇਮੈਂਟ ਨਹੀਂ ਹੋਈ। ਪਹਿਲੀ ਅਗਸਤ ਨੂੰ ਚਿਤਾਵਨੀ ਦਿੱਤੀ ਅਤੇ 4 ਅਗਸਤ ਤੋਂ ਸਪਲਾਈ ਰੋਕ ਦਿੱਤੀ। ਬੁੱਧਵਾਰ ਤੋਂ ਆਕਸੀਜ਼ਨ ਟੈਂਕ ਵਿਚ ਪ੍ਰੈਸ਼ਰ ਘਟਣ ਲੱਗਾ। ਇਸ ਦੇ ਚਲਦਿਆਂ ਵੀਰਵਾਰ ਅਤੇ ਸ਼ੁੱਕਰਵਾਰ ਨੂੰ ਗੰਭੀਰਤ ਹਾਲਤ ਦੇ ਚਲਦਿਆਂ 30 ਮਰੀਜ਼ਾਂ ਦੀ ਮੌਤ ਹੋ ਗਈ, ਜੋ ਹੌਲੀ ਹੌਲੀ ਮੌਤਾਂ ਦੀ ਗਿਣਤੀ 60 ਤੱਕ ਪੁੱਜ ਗਈ।


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


THATH
ਵੱਖਰੇ
BIKKAR
BADSHAH
ENTERTAINMENT
BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER
SHER
DURUM ATTA
DESI STYLE
20 lb
9.07 kg
SHER ATTA GHAR LAAO
www.sherbrarmills.com